@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 3 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 3 ਫਰਵਰੀ 2024, 18 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 64, qpatrika@gmail.com ਫੋਨ : 9971359517 www.qaumipatrika.org

## ਚੰਪਈ ਸੋਰੇਨ ਨੇ ਝਾਰਖੰਡ ਦੇ 12ਵੇਂ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ

ਸਿੰਮੀ ਕੌਰ ਬੱਬਰ

ਰਾਂਚੀ 2 ਫਰਵਰੀ। ਝਾਰਖੰਡ ਮੁਕਤੀ ਮੋਰਚਾ (ਝਾਮੁਮੋ) ਦੇ ਵਿਧਾਇਕ ਦਲ ਦੇ ਨੇਤਾ ਚੰਪਾਈ ਸੋਰੇਨ ਨੇ ਸ਼ੁੱਕਰਵਾਰ ਨੂੰ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਨੇ ਇੱਥੇ ਰਾਜ ਭਵਨ ਵਿਚ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਚੰਪਾਈ ਸੋਰੇਨ ਤੋਂ ਇਲਾਵਾ ਸੀਨੀਅਰ ਕਾਂਗਰਸ ਨੇਤਾ ਆਲਮਗੀਰ ਆਲਮ ਅਤੇ ਰਾਸਟਰੀ ਜਨਤਾ ਦਲ (ਆਰਜੇਡੀ) ਨੇਤਾ ਸਤਿਆਨੰਦ ਭੋਕਤਾ ਨੇ ਰਾਜ ਦੇ ਮੰਤਰੀਆਂ ਵਜੋਂ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਰਾਜ ਭਵਨ ਦੇ ਦਰਬਾਰ ਹਾਲ ਵਿਚ ਹੋਇਆ ਅਤੇ ਇਸ ਮੌਕੇ ਝਾਮੁਮੋ ਦੀ ਅਗਵਾਈ ਵਾਲੇ ਗਠਜੋੜ ਦੇ ਸੀਨੀਅਰ ਆਗੂ ਮੌਜੂਦ ਸਨ। ਕਬਾਇਲੀ ਨੇਤਾ ਚੰਪਾਈ ਸੋਰੇਨ (67) ਰਾਜ ਦੇ 12ਵੇਂ ਮੁੱਖ ਮੰਤਰੀ ਹਨ। ਉਹ ਝਾਰਖੰਡ ਦੇ ਕੋਲਹਾਨ ਖੇਤਰ ਤੋਂ ਛੇਵੇਂ ਮੁੱਖ ਮੰਤਰੀ ਹਨ। ਕੋਲਹਾਨ ਖੇਤਰ ਵਿਚ ਪੂਰਬੀ ਸਿੰਘਭੂਮ, ਪੱਛਮੀ ਸਿੰਘਭੂਮ ਅਤੇ ਸਰਾਇਕੇਲਾ-ਖਰਸਾਵਨ ਜ਼ਿਲ੍ਹੇ ਸਾਮਲ ਹਨ। ਚੰਪਾਈ ਸੋਰੇਨ ਨੂੰ ਵੀਰਵਾਰ ਨੂੰ ਰਾਜਪਾਲ ਨੇ ਮੁੱਖ ਮੰਤਰੀ ਨਿਯੁਕਤ ਕੀਤਾ ਸੀ। ਇਸ ਤੋਂ ਪਹਿਲਾਂ ਚੰਪਾਈ ਸੋਰੇਨ ਨੇ ਰਾਜਪਾਲ ਨੂੰ ਸਰਕਾਰ ਬਣਾਉਣ ਦੇ ਉਨ੍ਹਾਂ ਦੇ ਦਾਅਵੇ ਨੂੰ ਜਲਦੀ ਤੋਂ



ਜਲਦੀ ਸਵੀਕਾਰ ਕਰਨ ਦੀ ਅਪੀਲ ਕੀਤੀ ਸੀ, ਕਿਉਂਕਿ ਰਾਜ ਵਿਚ 'ਭੰਬਲਭੂਸੇ' ਦੀ ਸਥਿਤੀ ਸੀ ਅਤੇ ਰਾਜ ਵਿੱਚ ਕੋਈ ਮੁੱਖ ਮੰਤਰੀ ਨਹੀਂ ਸੀ। ਇਹ ਸਥਿਤੀ ਬੁੱਧਵਾਰ ਨੂੰ ਹੇਮੰਤ ਸੋਰੇਨ ਦੇ ਅਸਤੀਫੇ ਤੋਂ ਬਾਅਦ ਸੂਬੇ 'ਚ ਮੁੱਖ ਮੰਤਰੀ ਦੀ ਗੈਰ-ਮੌਜੂਦਗੀ ਕਾਰਨ ਬਣੀ ਸੀ ਅਤੇ ਇਸ ਕਾਰਨ ਸਿਆਸੀ ਸੰਕਟ ਹੋਰ ਡੂੰਘਾ ਹੋ ਗਿਆ ਸੀ। ਕਾਂਗਰਸ ਦੀ ਸੂਬਾ ਇਕਾਈ ਦੇ ਪ੍ਰਧਾਨ ਰਾਜੇਸ ਠਾਕੁਰ ਨੇ ਕਿਹਾ ਕਿ ਚੰਪਾਈ ਸੋਰੇਨ ਨੂੰ ਆਪਣੀ ਸਰਕਾਰ ਦਾ ਬਹੁਮਤ ਸਾਬਤ ਕਰਨ ਲਈ 10 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਕਾਂਗਰਸ ਸੂਬੇ ਵਿਚ ਝਾਮੁਮੋ ਦੀ ਅਗਵਾਈ ਵਾਲੇ ਗਠਜੋੜ ਦੀ ਭਾਈਵਾਲ ਹੈ। ਇਸ ਤੋਂ ਪਹਿਲਾਂ ਚੰਪਾਈ ਸੋਰੇਨ ਨੇ ਕਿਹਾ ਸੀ, "ਅਸੀਂ ਇਕਜੁੱਟ ਹਾਂ। ਸਾਡਾ ਗਠਜੋੜ ਮਜਬੂਤ ਹੈ, ਇਸ ਨੂੰ ਕੋਈ ਤੋੜ ਨਹੀਂ ਸਕਦਾ। ਵਿਧਇਕ ਦਲ ਦੇ ਨੇਤਾ ਚੁਣੇ ਗਏ ਚੰਪਈ ਸੋਰੇਨ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕਣਗੇ। ਵੀਰਵਾਰ ਦੀ ਰਾਤ ਉਨ੍ਹਾਂ ਨੇ ਰਾਜਪਾਲ ਸੀ.ਪੀ ਰਾਧਾਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਇਕ ਤਸਵੀਰ ਵੀ ਸਾਹਮਣੇ ਆਈ, ਜਿਸ ਵਿੱਚ ਉਹ ਰਾਜਪਾਲ ਨਾਲ ਨਜਰ ਆ ਰਹੇ ਹਨ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਪਈ ਸੋਰੇਨ ਸ਼ੁੱਕਰਵਾਰ ਨੂੰ ਹੀ ਅਹੁਦੇ ਦੀ ਸਹੁੰ ਚੁੱਕਣਗੇ। ਮੁੱਖ ਮੰਤਰੀ ਨਾਲ ਹੋਰ ਕਿੰਨੇ ਲੋਕ ਸਹੁੰ ਚੁੱਕਣਗੇ ਇਹ ਅਜੇ ਤੱਕ ਨਹੀਂ ਪਤਾ ਲੱਗਿਆ ਹੈ। ਚੰਪਈ ਸੋਰੇਨ ਨੂੰ 10 ਦਿਨਾਂ ਵਿੱਚ ਬਹੁਮਤ ਸਾਬਿਤ ਕਰਨਾ ਹੋਵੇਗਾ।

## ਜੰਮੂ-ਕਸ਼ਮੀਰ ਦੇ ਅੱਤਵਾਦ ਪ੍ਰਭਾਵਿਤ ਪੀੜਤਾਂ ਲਈ ਭਿਜਵਾਈ ਗਈ '774ਵੇਂ ਟਰੱਕ ਦੀ ਰਾਹਤ ਸਮੱਗਰੀ'

ਜਲੰਧਰ/ਜੰਮੂ-ਕਸ਼ਮੀਰ 2 ਫਰਵਰੀ। ਜੰਮੂ-ਕਸ਼ਮੀਰ ਦੇ ਅੱਤਵਾਦ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਬੀਤੇ ਦਿਨ ਰਾਹਤ ਸਮੱਗਰੀ ਦਾ 774ਵਾਂ ਟਰੱਕ ਰਵਾਨਾ ਕੀਤਾ ਗਿਆ। ਇਹ ਟਰੱਕ 'ਸ਼੍ਰੀ ਵਿਵੇਕਾਨੰਦ ਸਵਰਗ ਆਸ਼ਰਮ ਟਰੱਸਟ' ਵੱਲੋਂ ਲੁਧਿਆਣਾ ਤੋਂ ਚੇਅਰਮੈਨ ਅਨਿਲ ਭਾਰਤੀ ਦੀ ਅਗਵਾਈ 'ਚ ਭੇਟ ਕੀਤਾ ਗਿਆ, ਜਿਸ ਵਿਚ 200 ਲੋੜਵੰਦ ਪਰਿਵਾਰਾਂ ਲਈ ਕੱਪੜੇ ਅਤੇ ਕੰਬਲ ਸਨ। ਇਸ ਤੋਂ ਇਲਾਵਾ ਟਰੱਕ 'ਚ 'ਪੰਜਾਬ ਕੇਸਰੀ' ਵੱਲੋਂ 200 ਬਾਲਟੀਆਂ ਵੀ ਭਿਜਵਾਈਆਂ ਗਈਆਂ। ਟਰੱਕ ਰਵਾਨਾ ਕਰਦੇ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਸ਼੍ਰੀ ਵਿਜੇ ਚੋਪੜਾ ਦੇ ਨਾਲ ਰਾਕੇਸ਼ ਜੈਨ, ਇਕਬਾਲ ਸਿੰਘ ਅਰਨੇਜਾ, ਸਰਬਜੀਤ ਕੌਰ, ਯੋਗ ਗੁਰੂ ਵਰਿੰਦਰ ਸ਼ਰਮਾ, ਅਨਿਲ ਭਾਰਤੀ, ਰਾਜਿੰਦਰ ਸ਼ਰਮਾ, ਡਿੰਪਲ ਸੂਰੀ ਅਤੇ ਨੀਰੂ ਕਪੂਰ ਹਾਜਰ ਸਨ।

## ਪਿਛਲੇ 10 ਸਾਲਾਂ 'ਚ ਮੋਦੀ ਸਰਕਾਰ ਦੀਆਂ ਉਪਲੱਬਧੀਆਂ 'ਤੇ ਰੌਸ਼ਨੀ ਪਾਉਂਦਾ ਹੈ ਬਜਟ ਭਾਸ਼ਣ : ਅਮਿਤ ਸ਼ਾਹ

ਨਵੀਂ ਦਿੱਲੀ 2 ਫਰਵਰੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਕਿਹਾ ਕਿ 2024-25 ਦਾ ਅੰਤਰਿਮ ਬਜਟ 2047 ਤੱਕ ਵਿਕਸਿਤ ਭਾਰਤ ਬਣਾਉਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਦੀ ਰੂਪਰੇਖਾ ਪੇਸ਼ ਕਰਨ ਵਾਲਾ ਹੈ। ਸ਼ਾਹ ਨੇ ਇਹ ਵੀ ਕਿਹਾ ਕਿ ਵਿੱਤ ਮੰਤਰੀ ਦਾ ਬਜਟ ਭਾਸ਼ਣ ਭਾਰਤ ਨੂੰ ਹਰ ਖੇਤਰ ਚ ਮੋਹਰੀ ਬਣਾਉਣ ਦੀ ਯਾਤਰਾ 'ਚ ਪਿਛਲੇ 10 ਸਾਲਾਂ 'ਚ ਮੋਦੀ ਸਰਕਾਰ ਵਲੋਂ ਪ੍ਰਾਪਤ



ਉਪਲੱਬਧੀਆਂ 'ਤੇ ਰੌਸ਼ਨੀ ਪਾਉਂਦਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀਰਵਾਰ ਨੂੰ ਲਗਾਤਾਰ 6ਵੀਂ ਵਾਰ ਸੰਸਦ 'ਚ ਬਜਟ ਪੇਸ਼ ਕੀਤਾ। ਸ਼ਾਹ ਨੇ 'ਐਕਸ' 'ਤੇ 'ਵਿਕਸਿਤ ਭਾਰਤ ਬਜਟ' ਹੈਸ਼ਟੈਗ ਨਾਲ ਲਿਖਿਆ,"ਕੇਂਦਰੀ ਬਜਟ 2047 ਤੱਕ ਵਿਕਸਿਤ ਭਾਰਤ ਬਣਾਉਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਦੀ ਰੂਪਰੇਖਾ ਪੇਸ਼ ਕਰਦਾ ਹੈ। ਬਜਟ ਭਾਸ਼ਣ ਭਾਰਤ ਨੂੰ ਹਰ ਖੇਤਰ 'ਚ ਮੋਹਰੀ ਬਣਾਉਣ ਦੀ ਮੋਦੀ ਸਰਕਾਰ ਦੀ ਯਾਤਰਾ 'ਚ ਪਿਛਲੇ 10 ਸਾਲਾਂ 'ਚ ਪ੍ਰਾਪਤ ਉਪਲੱਬਧੀਆਂ 'ਤੇ ਰੌਸ਼ਨੀ ਪਾਉਂਦਾ ਹੈ।" ਉਨ੍ਹਾਂ ਕਿਹਾ,"ਇਨ੍ਹਾਂ ਕੰਮਾਂ ਦੀ ਬੁਨਿਆਦ 'ਤੇ ਵਿਕਸਿਤ ਭਾਰਤ ਦੀ ਸ਼ਾਨਦਾਰ ਇਮਾਰਤ ਖੜ੍ਹੀ ਕੀਤੀ ਜਾ ਰਹੀ ਹੈ। ਇਸ ਸ਼ਾਨਦਾਰ ਯਾਤਰਾ ਦੇ ਮਾਧਿਅਮ ਨਾਲ ਦੇਸ਼ ਦੀ ਅਗਵਾਈ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਜੀ ਦਾ ਅਤੇ ਡੂੰਘੀ ਸੋਚ ਵਾਲੇ ਬਜਟ ਭਾਸ਼ਣ ਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਜੀ ਦਾ ਦਿਲੋਂ ਧੰਨਵਾਦ।"

## ਸਾਨੂੰ ਨਿਤੀਸ਼ ਜੀ ਦੀ ਲੋੜ ਨਹੀਂ : ਰਾਹੁਲ

ਪੂਰਨੀਆ, 2 ਫਰਵਰੀ। ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਵਲੋਂ ਭਾਜਪਾ ਨਾਲ ਹੱਥ ਮਿਲਾਉਣ ਦੀ ਤਿੱਖੀ ਆਲੋਚਨਾ ਕਰਦਿਆਂ ਮੰਗਲਵਾਰ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਮਹਾਗਠਜੋੜ ਨਿਤੀਸ਼ ਕੁਮਾਰ ਤੋਂ ਬਿਨਾਂ ਹੀ ਬਿਹਾਰ ਵਿੱਚ ਆਰਥਿਕ ਅਤੇ ਸਮਾਜਿਕ ਪੱਖੋਂ ਕਮਜੋਰ ਵਰਗਾਂ ਲਈ ਸਮਾਜਿਕ ਨਿਆਂ ਲਈ ਲੜਾਈ ਲੜੇਗਾ। ਸਾਨੂੰ ਨਿਤੀਸ ਜੀ ਦੀ ਲੋੜ ਨਹੀਂ। ਰਾਹੁਲ ਗਾਂਧੀ ਨੇ ਇਹ ਗੱਲ ਪੂਰਨੀਆ ਦੇ ਰੰਗਭੂਮੀ ਮੈਦਾਨ 'ਚ ਰੈਲੀ ਨੂੰ ਸੰਬੋਧਨ ਕਰਦਿਆਂ



ਕਹੀ। ਉਨ੍ਹਾਂ ਕਿ ਕਿ ਅਸੀਂ ਕਿਸਾਨਾਂ ਦੇ ਹਿੱਤਾਂ ਲਈ ਲੜਦੇ ਰਹਾਂਗੇ। ਬਿਹਾਰ ਵਿੱਚ ਕਿਸਾਨ ਆਰਥਿਕ ਬੇਇਨਸਾਫੀ ਦਾ ਸ਼ਿਕਾਰ ਹਨ। ਦੇਸ ਨੂੰ ਓ. ਬੀ. ਸੀ., ਦਲਿਤਾਂ, ਆਦਿਵਾਸੀਆਂ ਤੇ ਆਰਥਿਕ ਪੱਖੋਂ ਕਮਜੋਰ ਵਰਗਾਂ ਦੀ ਆਬਾਦੀ ਦੀ ਸਹੀ ਗਿਣਤੀ ਦਾ ਪਤਾ ਲਾਉਣ ਲਈ 'ਐਕਸ-ਰੇ' ਦੀ ਲੋੜ ਹੈ। ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਬਿਹਾਰ ਵਿੱਚ ਰਾਹੁਲ ਗਾਂਧੀ ਦੀ ਇਹ ਪਹਿਲੀ ਵੱਡੀ ਰੈਲੀ ਸੀ। ਬਿਹਾਰ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਅਖਿਲੇਸ ਪ੍ਰਸਾਦ ਨੇ ਕਿਹਾ ਕਿ ਮਲਿਕਾਰਜੁਨ ਖੜਗੇ ਦਾ ਹਵਾਈ ਜਹਾਜ ਘੱਟ ਵਿਜੀਬਿਲਟੀ ਕਾਰਨ ਪੂਰਨੀਆ ਹਵਾਈ ਅੱਡੇ 'ਤੇ ਨਹੀਂ ਉਤਰ ਸਕਿਆ।

## ਸ਼ਿਮਲਾ 'ਚ ਬਰਫਬਾਰੀ ਪੈਣ ਮਗਰੋਂ ਖਿੜੇ ਸੈਲਾਨੀਆਂ ਦੇ ਚਿਹਰੇ

ਸ਼ਿਮਲਾ 2 ਫਰਵਰੀ। ਪਹਾੜੀਆਂ ਦੀ ਰਾਣੀ ਆਖੇ ਜਾਣ ਵਾਲੇ ਸ਼ਿਮਲਾ 'ਚ ਵੀਰਵਾਰ ਸਵੇਰੇ ਤਾਜਾ ਬਰਫਬਾਰੀ ਹੋਈ। ਵੀਰਵਾਰ ਨੂੰ ਹਿਮਾਚਲ ਪ੍ਰਦੇਸ ਦੇ ਉੱਚੇ ਇਲਾਕਿਆਂ 'ਚ ਵੀ ਬਰਫਬਾਰੀ ਹੋਈ, ਜਿਸ ਨਾਲ ਸੈਲਾਨੀਆਂ ਅਤੇ ਸਥਾਨਕ ਲੋਕਾਂ 'ਚ ਖੁਸੀ ਦੀ ਲਹਿਰ ਦੌੜ ਗਈ। ਲਾਹੌਲ-ਸਪੀਤੀ, ਕਿਨੌਰ, ਚੰਬਾ, ਕੁੱਲੂ, ਕਾਂਗੜਾ, ਮੰਡੀ, ਸਿਰਮੌਰ ਅਤੇ ਸ਼ਿਮਲਾ ਜ਼ਿਲ੍ਹਿਆਂ ਦੇ ਜ਼ਿਆਦਾਤਰ ਸਥਾਨਾਂ 'ਤੇ ਪਿਛਲੇ 24 ਘੰਟਿਆਂ ਦੌਰਾਨ ਤਾਜਾ ਬਰਫਬਾਰੀ ਹੋਈ ਹੈ। ਇਸ ਦੌਰਾਨ ਸ਼ਿਮਲਾ ਦੇ ਖੇਤਰੀ ਮੌਸਮ ਵਿਗਿਆਨ ਕੇਂਦਰ ਨੇ ਕਿਹਾ ਕਿ ਸ਼ਿਮਲਾ ਸਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਹਲਕੀ ਤੋਂ ਦਰਮਿਆਨੀ ਬਰਫਬਾਰੀ ਜਾਰੀ ਰਹਿਣ ਦੀ ਸੰਭਾਵਨਾ ਹੈ। ਅਗਲੇ 2 ਤੋਂ 3 ਘੰਟਿਆਂ ਤੱਕ ਵਿਜੀਬਿਲਟੀ ਖਰਾਬ ਰਹਿਣ ਦੀ ਵੀ ਸੰਭਾਵਨਾ ਹੈ। ਸੂਬਾ ਆਫਤ ਪ੍ਰਬੰਧਨ ਅਥਾਰਟੀ ਮੁਤਾਬਕ 6 ਰਾਸਟਰੀ ਹਾਈਵੇਅ ਸਮੇਤ 241 ਸੜਕਾਂ ਬੰਦ ਹਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਭਾਰਤ ਦੇ ਮੌਸਮ ਵਿਭਾਗ ਨੇ ਅਗਲੇ 48 ਘੰਟਿਆਂ ਦੌਰਾਨ ਪਹਾੜੀ ਰਾਜ, ਹਿਮਾਚਲ ਪ੍ਰਦੇਸ ਦੇ ਕਈ ਹਿੱਸਿਆਂ ਵਿਚ ਬਰਫਬਾਰੀ ਅਤੇ ਮੀਂਹ ਪੈਣ ਦਾ ਆਰੇਂਜ ਅਲਰਟ ਜਾਰੀ ਕੀਤਾ ਸੀ।

## ਪੰਜਾਬ 'ਚ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ 'ਤੇ ਮੁੱਖ ਮੰਤਰੀ ਮਾਨ ਸਖਤ

ਏਜੰਸੀਆਂ

ਚੰਡੀਗੜ੍ਹ 2 ਫਰਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇੱਥੇ ਮਿਊਂਸੀਪਲ ਭਵਨ ਵਿਖੇ ਵੱਖ-ਵੱਖ ਵਿਭਾਗਾਂ ਦੇ 518 ਨਵੇਂ ਨਿਯੁਕਤ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਸਮਾਰੋਹ ਦੌਰਾਨ ਵੱਖ-ਵੱਖ ਨਵੇਂ ਨਿਯੁਕਤ ਉਮੀਦਵਾਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਇਸ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਨਵੇਂ ਉਮੀਦਵਾਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਛੱਡਣ ਦਾ ਦਿਲ ਕਿਸੇ ਦਾ ਵੀ ਨਹੀਂ ਕਰਦਾ। ਸਿਆਸੀ ਆਗੂਆਂ ਅਤੇ ਲੋਕਾਂ ਵਿਚਕਾਰ ਬਹੁਤ ਜ਼ਿਆਦਾ ਦੂਰੀਆਂ ਪੈ ਗਈਆਂ ਸਨ ਅਤੇ ਕਿਸੇ ਦੀ ਕੋਈ ਸੁਣਵਾਈ ਨਹੀਂ ਸੀ। ਉਨ੍ਹਾਂ ਕਿਹਾ ਕਿ ਖੁਸ਼ੀਆਂ ਦੇ ਸਮਾਗਮ ਪੰਜਾਬ 'ਚ ਹੋਣੋਂ ਹੀ ਹਟ ਗਏ ਸਨ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਹੀ ਸਾਨੂੰ ਪਤਾ ਲੱਗਦਾ ਹੈ ਕਿ ਪੋਸਟਾਂ ਖਾਲੀ ਹਨ ਤਾਂ ਅਸੀਂ ਇਨ੍ਹਾਂ ਨੂੰ ਭਰ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਅੱਜ 518 ਉਮੀਦਵਾਰਾਂ 'ਚੋਂ 292 ਉਮੀਦਵਾਰ ਸਾਡੀਆਂ ਧੀਆਂ-ਭੈਣਾਂ ਹਨ। ਉਨ੍ਹਾਂ ਨੇ ਟ੍ਰੈਵਲ ਏਜੰਟਾਂ ਖ਼ਿਲਾਫ ਬੋਲਦਿਆਂ ਕਿਹਾ ਕਿ ਮੈਂ ਨਹੀਂ ਚਾਹੁੰਦਾ ਹੈ ਕਿ ਇਨ੍ਹਾਂ ਕੋਲ ਸਾਡੇ



ਨੌਜਵਾਨ ਪੈਸੇ ਫਸਾ ਕੇ ਬੈਠ ਜਾਣ। ਉਨ੍ਹਾਂ ਕਿਹਾ ਕਿ ਅਸੀਂ ਤਾਂ ਬਾਹਰੇ ਮੁਲਕਾਂ ਦੇ ਅੰਬੈਸਡਰਾਂ ਨਾਲ ਵੀ ਗੱਲ ਕਰ ਲਈ ਹੈ ਅਤੇ ਜਿਹੜੇ ਗੈਰ-ਕਾਨੂੰਨੀ ਤੌਰ 'ਤੇ ਟ੍ਰੈਵਲ ਏਜੰਟ ਕੰਮ ਕਰਦੇ ਹਨ, ਉਨ੍ਹਾਂ ਖ਼ਿਲਾਫ ਅਸੀਂ ਕਾਰਵਾਈ ਕਰਾਂਗੇ। ਜੇਕਰ ਇਨ੍ਹਾਂ ਟ੍ਰੈਵਲ ਏਜੰਟਾਂ ਨੇ ਲੋਕਾਂ ਦੇ ਪੈਸੇ ਦੱਬੇ ਹਨ ਤਾਂ ਉਨ੍ਹਾਂ ਦੀ ਪ੍ਰਾਪਰਟੀ ਅਟੈਚ ਕੀਤੀ ਜਾਵੇਗੀ ਅਤੇ ਉਹ ਵੇਚ ਕੇ ਲੋਕਾਂ ਦਾ ਪੈਸਾ ਮੋੜਿਆ ਜਾਵੇਗਾ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਨੌਜਵਾਨਾਂ ਨਾਲ ਧੋਖਾ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਟ੍ਰੈਵਲ ਏਜੰਟਾਂ ਖ਼ਿਲਾਫ ਸੰਸਦ 'ਚ ਸਭ ਤੋਂ ਪਹਿਲਾਂ ਮੈਂ ਆਵਾਜ ਚੁੱਕੀ ਸੀ। ਉਨ੍ਹਾਂ ਕਿਹਾ ਕਿ ਮੈਨੂੰ ਤਾਂ ਸਮਝ ਨਹੀਂ ਆਉਂਦੇ ਕਿ ਪੰਜਾਬ 'ਚ ਇੰਨੇ ਟ੍ਰੈਵਲ ਏਜੰਟ ਕਿੱਥੋਂ ਆਏ ਹਨ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਮੁੰਡੇ-ਕੁੜੀਆਂ ਨੌਕਰੀਆਂ ਮੰਗਣ ਵਾਲੇ ਨਹੀਂ, ਸਗੋਂ ਵੰਡਣ ਵਾਲੇ ਬਣਨ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਦਾ ਸ਼ਾਨਦਾਰ ਬਜਟ ਪੇਸ਼ ਕਰਾਂਗੇ ਅਤੇ ਲੋਕਾਂ ਵਾਸਤੇ ਪੈਸਾ ਰੱਖਾਂਗੇ। ਉਨ੍ਹਾਂ ਨੇ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' 'ਤੇ ਤੰਜ ਕੱਸਦਿਆਂ ਕਿਹਾ ਕਿ ਜਿਸ ਨੇ ਪੰਜਾਬ ਨੂੰ ਡੋਬਿਆ, ਉਹ ਪੰਜਾਬ ਬਚਾਓ ਯਾਤਰਾ 'ਤੇ ਨਿਕਲ ਗਿਆ ਅਤੇ ਉਹ ਦੱਸੇ ਕਿ ਅਸੀਂ ਕਿਸ ਤੋਂ ਪੰਜਾਬ ਨੂੰ ਬਚਾਈਏ।

## ਗ੍ਰਿਫਤਾਰੀ ਖਿਲਾਫ ਹੇਮੰਤ ਸੋਰੇਨ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ 2 ਫਰਵਰੀ। ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਮਾਮਲੇ 'ਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਟੀਸ਼ਨ 'ਤੇ ਦਖਲਅੰਦਾਜੀ ਕਰਨ ਤੋਂ ਸ਼ੁੱਕਰਵਾਰ ਨੂੰ ਇਨਕਾਰ ਕਰ ਦਿੱਤਾ। ਸੋਰੇਨ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਕੀਤੀ ਗਈ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਚੁਣੌਤੀ ਦਿੱਤੀ ਸੀ। ਜੱਜ ਸੰਜੀਵ ਖੰਨਾ, ਜੱਜ ਐੱਮ.ਐੱਮ. ਸੁੰਦਰੇਸ਼ ਅਤੇ ਜੱਜ ਬੇਲਾ ਐੱਮ. ਤ੍ਰਿਵੇਦੀ ਦੀ ਬੈਂਚ ਨੇ ਸੋਰੇਨ ਵਲੋਂ ਪੇਸ਼ ਸੀਨੀਅਰ ਵਕੀਲਾਂ ਕਪਿਲ ਸਿੱਬਲ ਅਤੇ ਅਭਿਸ਼ੇਕ ਸਿੰਘਵੀ ਨੂੰ ਰਾਹਤ ਲਈ ਹਾਈ ਕੋਰਟ ਜਾਣ ਲਈ ਕਿਹਾ।ਆਪਣੀ ਗ੍ਰਿਫਤਾਰੀ ਦੇ ਸ਼ੱਕ ਕਾਰਨ ਝਾਰਖੰਡ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਝਾਰਖੰਡ ਮੁਕਤੀ ਮੋਰਚਾ (ਝਾਮੁਮੋ) ਨੇਤਾ ਹੇਮੰਤ ਸੋਰੇਨ ਨੇ ਸੁਪਰੀਮ ਕੋਰਟ ਦੇ ਸਾਹਮਣੇ ਆਪਣੀ ਪਟੀਸ਼ਨ 'ਚ ਈ.ਡੀ. 'ਤੇ ਉਨ੍ਹਾਂ ਨੂੰ ਯੋਜਨਾਬੱਧ ਸਾਜਿਸ਼ ਦੇ ਅਧੀਨ ਗ੍ਰਿਫਤਾਰ ਕਰਨ ਦਾ ਦੋਸ਼ ਲ ਗਾਇਆ ਸੀ। ਉਨ੍ਹਾਂ ਨੇ ਪਟੀਸ਼ਨ 'ਚ ਕਿਹਾ ਸੀ ਕਿ ਹੁਣ ਤੋਂ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੇ ਨਿਰਦੇਸ਼ 'ਤੇ ਇਹ ਕਾਰਵਾਈ ਕੀਤੀ ਗਈ। ਸੁਪਰੀਮ ਕੋਰਟ ਦੇ ਸਾਹਮਣੇ



ਦਾਇਰ ਪਟੀਸ਼ਨ 'ਚ ਸੋਰੇਨ ਨੇ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਅਣਉੱਚਿਤ, ਮਨਮਾਨੀ ਅਤੇ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਐਲਾਨ ਕਰਨ ਦੀ ਅਪੀਲ ਕੀਤੀ ਸੀ। ਸੋਰੇਨ ਨੂੰ 31 ਜਨਵਰੀ ਨੂੰ ਜਮੀਨ ਦੇ ਗੈਰ-ਕਾਨੂੰਨੀ ਕਬਜੇ ਅਤੇ ਭੂ-ਮਾਫੀਆ ਨਾਲ ਸੰਬੰਧ ਨਾਲ ਜੁੜੇ ਮਨੀ ਲਾਂਡਰਿੰਗ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ।

## ਹਿਮਾਚਲ 'ਚ ਵਾਪਰਿਆ ਹਾਦਸਾ, ਕਾਰ ਨਦੀ 'ਚ ਡਿੱਗਣ ਨਾਲ 3 ਦੀ ਮੌਤ

ਸ਼ਿਮਲਾ 2 ਫਰਵਰੀ। ਸ਼ਿਮਲਾ 'ਚ ਇਕ ਕਾਰ ਦੇ ਸਤਲੁਜ ਨਦੀ 'ਚ ਡਿੱਗ ਗਈ। ਇਸ ਹਾਦਸੇ 'ਚ ਇਕ ਜੋੜੇ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ 2 ਹੋਰ ਜਖਮੀ ਹੋ ਗਏ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਹਾਦਸਾ ਵੀਰਵਾਰ ਸ਼ਾਮ ਨੂੰ ਜ਼ਿਲ੍ਹੇ ਦੇ ਕੁਮਾਰਸੇਨ ਸਬ ਡਿਵੀਜਨ 'ਚ ਮਾਹੌਲ ਕੋਲ ਲੁਹਰੀ-ਸੁੰਨੀ ਮਾਰਗ 'ਤੇ ਹੋਇਆ, ਜਦੋਂ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ ਅਤੇ ਕਾਰ ਨਦੀ 'ਚ ਡਿੱਗ ਗਿਆ। ਉਨ੍ਹਾਂ ਦੱਸਿਆ ਕਿ ਮਾਰੇ ਗਏ ਲੋਕਾਂ ਦੀ ਪਛਾਣ ਅਭੈ ਕੁਮਾਰ, ਜਿਤੇਸ਼ ਅਤੇ ਉਸ ਦੀ ਪਤਨੀ ਵੰਸ਼ਿਕਾ ਵਜੋਂ ਕੀਤੀ ਗਈ ਹੈ। ਪੁਲਸ ਨੇ ਕਿਹਾ ਕਿ ਜਖਮੀ ਯਾਤਰੀਆਂ- ਰਾਹੁਲ ਅਤੇ ਅੰਸ਼ੁਲ ਨੂੰ ਕੁਮਾਰਸੈਨ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਅੱਗੇ ਇਲਾਜ ਲਈ ਰਾਮਪੁਰ ਦੇ ਖਨੇਰੀ 'ਚ ਮਹਾਤਮਾ ਗਾਂਧੀ ਮੈਡੀਕਲ ਸੇਵਾ ਕੰਪਲੈਕਸ 'ਚ ਰੈਫਰ ਕਰ ਦਿੱਤਾ ਗਿਆ। ਸੂਚਨਾ ਮਿਲਦੇ ਹੀ ਪੁਲਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜਖਮੀਆਂ ਨੂੰ ਰੈਸਕਿਊ ਕਰਨ ਦੇ ਨਾਲ ਹੀ ਲਾਸ਼ਾਂ ਬਰਾਮਦ ਕੀਤੀਆਂ। ਸ਼ਿਮਲਾ ਦੇ ਪੁਲਸ ਸੁਪਰਡੈਂਟ ਸੰਜੀਵ ਕੁਮਾਰ ਗਾਂਧੀ ਨੇ ਕਿਹਾ ਕਿ ਮਾਮਲੇ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅੱਗੇ ਦੀ ਜਾਂਚ ਚੱਲ ਰਹੀ ਹੈ।

## ਚੰਡੀਗੜ੍ਹ ਮੇਅਰ ਚੋਣਾਂ 'ਚ ਵੋਟ 'ਚੋਰੀ' ਕਰਦੇ ਹੋਏ ਕੈਮਰੇ 'ਚ ਕੈਦ ਹੋਈ ਭਾਜਪਾ : ਕੇਜਰੀਵਾਲ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 2 ਫਰਵਰੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਭਾਜਪਾ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਜੇਕਰ ਉਹ ਚੰਡੀਗੜ੍ਹ ਮੇਅਰ ਚੋਣ 'ਚ 'ਧਾਂਦਲੀ' ਕਰ ਸਕਦੀ ਹੈ ਤਾਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਉਹ ਇੱਥੇ ਪਾਰਟੀ ਹੈੱਡ ਕੁਆਰਟਰ 'ਤੇ ਇਕ ਵਿਰੋਧ ਪ੍ਰਦਰਸ਼ਨ 'ਚ ਆਮ ਆਦਮੀ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਪ੍ਰਦਰਸ਼ਨ ਦੀ ਯੋਜਨਾ ਭਾਜਪਾ ਹੈੱਡ ਕੁਆਰਟਰ ਦੇ ਸਾਹਮਣੇ ਕੁਝ 100 ਮੀਟਰ ਦੂਰ ਡੀਡੀਯੂ ਮਾਰਗ 'ਤੇ ਬਣਾਈ ਗਈ ਸੀ ਪਰ ਭਾਰੀ ਪੁਲਸ ਤਾਇਨਾਤੀ ਅਤੇ ਬੈਰੀਕੇਡਿੰਗ ਕਾਰਨ 'ਆਪ' ਮੈਂਬਰ ਉੱਥੇ ਨਹੀਂ ਪਹੁੰਚ ਸਕੇ। ਕੇਜਰੀਵਾਲ ਨੇ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਚੰਡੀਗੜ੍ਹ ਮੇਅਰ ਚੋਣਾਂ 'ਚ ਵੋਟ 'ਚੋਰੀ' ਕਰਦੇ ਹੋਏ ਕੈਮਰੇ 'ਚ ਕੈਦ ਹੋਈ। ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ





ਡਿਪਟੀ ਮੇਅਰ ਦੇ ਅਹੁਦਿਆਂ ਲਈ ਮੰਗਲਵਾਰ ਨੂੰ ਚੋਣਾਂ ਹੋਈਆਂ ਅਤੇ ਭਾਜਪਾ ਨੇ ਕਾਂਗਰਸ-ਆਪ ਗਠਜੋੜ ਨੂੰ ਹਰਾ ਕੇ ਸਾਰੇ ਅਹੁਦਿਆਂ 'ਤੇ ਜਿੱਤ ਹਾਸਲ ਕੀਤੀ। ਪਿਛਲੇ ਕੁਝ ਸਾਲਾਂ 'ਚ ਅਸੀਂ ਸੁਣਿਆ ਸੀ ਕਿ ਭਾਜਪਾ ਚੋਣਾਂ 'ਚ ਧਾਂਦਲੀ ਕਰਦੀ ਹੈ। ਉਹ ਈ.ਵੀ.ਐੱਮ. ਨਾਲ ਛੇੜਛਾੜ ਕਰਦੇ ਹਨ।" ਉਨ੍ਹਾਂ ਦੋਸ਼ ਲਗਾਇਆ,"ਵੋਟਰ ਸੂਚੀਆਂ ਤੋਂ ਵੋਟਰਾਂ ਦੇ ਨਾਂ ਹਟਾ ਦਿੱਤੇ ਗਏ ਪਰ ਕਦੇ ਕੋਈ ਸਬੂਤ ਨਹੀਂ ਮਿਲਿਆ। ਉਹ ਚੰਡੀਗੜ੍ਹ 'ਚ ਵੋਟ ਚੋਰੀ ਕਰਦੇ ਹੋਏ ਰੰਗੇਂ ਹੱਥੀਂ ਫੜੇ ਗਏ।" ਕੇਜਰੀਵਾਲ ਨੇ ਕਿਹਾ,"ਜੇਕਰ ਉਹ ਚੰਡੀਗੜ੍ਹ ਮੇਅਰ ਚੋਣਾਂ 'ਚ ਅਜਿਹੀਆਂ ਬੇਨਿਯਮੀਆਂ ਕਰ ਸਕਦੇ ਹਨ ਤਾਂ ਉਹ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ 'ਚ ਕੀ ਕਰ ਰਹੇ ਹੋਣਗੇ। ਉਹ ਸੱਤਾ ਲਈ ਦੇਸ਼ ਨੂੰ ਵੇਚ ਸਕਦੇ ਹਨ ਪਰ ਅਸੀਂ ਉਨ੍ਹਾਂ ਨੂੰ ਅਜਿਹਾ ਕਰਨ ਦੀ ਮਨਜੂਰੀ ਨਹੀਂ ਦੇਵਾਂਗੇ।" 'ਆਪ' ਦੇ ਰਾਸ਼ਟਰੀ ਕਨਵਰੀਨਰ ਨੇ ਇਹ ਵੀ ਦੋਸ਼ ਲਗਾਇਆ ਕਿ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਸ ਨੇ ਵੱਡੀ ਗਿਣਤੀ 'ਚ ਪਾਰਟੀ ਵਰਕਰਾਂ ਅਤੇ ਨੇਤਾਵਾਂ ਨੂੰ ਰੋਕਿਆ ਅਤੇ ਹਿਰਾਸਤ 'ਚ ਲਿਆ।

## ਸੰਸਦ ਸੁਰੱਖਿਆ ਕੁਤਾਹੀ ਮਾਮਲੇ 'ਚ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਜਿੰਮੇਵਾਰ ਠਹਿਰਾਉਣ ਦੀ ਸਾਜਿਸ਼ : ਕਾਂਗਰਸ

ਨਵੀਂ ਦਿੱਲੀ 2 ਫਰਵਰੀ। ਕਾਂਗਰਸ ਨੇ ਸੰਸਦ ਸੁਰੱਖਿਆ ਕੁਤਾਹੀ ਮਾਮਲੇ ਵਿਚ ਮੁਲਜਮਾਂ ਵੱਲੋਂ ਅਦਾਲਤ ਵਿਚ ਕੀਤੇ ਗਏ ਦਾਅਵਿਆਂ ਦਾ ਹਵਾਲਾ ਦਿੰਦੇ ਹੋਏ ਦੋਸ ਲਾਇਆ ਕਿ ਇਸ ਮਾਮਲੇ ਵਿਚ ਵਿਰੋਧੀ ਧਿਰ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਸਾਜ਼ਿਸ ਰਚੀ ਜਾ ਰਹੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ ਨੇ ਇਹ ਵੀ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਪ੍ਰਤਾਪ ਸਿਮਹਾ ਦੀ ਮਦਦ ਨਾਲ ਮੁਲਜਮਾਂ ਨੇ ਸੰਸਦ ਪਾਸ ਮਿਲਿਆ ਪਰ ਸਿਮਹਾ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਸੰਸਦ ਦੀ ਸੁਰੱਖਿਆ ਵਿਚ ਕੁਤਾਹੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ 6 ਮੁਲਜਮਾਂ ਵਿਚੋਂ 5 ਨੇ ਬੁੱਧਵਾਰ ਨੂੰ ਇਕ ਅਦਾਲਤ ਨੂੰ ਦੱਸਿਆ ਕਿ ਦਿੱਲੀ ਪੁਲਸ ਉਨ੍ਹਾਂ ਨੂੰ ਵਿਰੋਧੀ ਪਾਰਟੀਆਂ ਨਾਲ ਆਪਣੇ ਸਬੰਧਾਂ ਦਾ ਇਕਬਾਲ ਕਰਨ ਲਈ ਤਸੀਹੇ ਦੇ ਰਹੀ ਹੈ। 5 ਮੁਲਜਮਾਂ ਨੇ ਵਧੀਕ ਸੈਸਨ ਜੱਜ ਹਰਦੀਪ ਕੌਰ ਦੇ ਸਾਹਮਣੇ ਇਹ ਦਲੀਲ ਦਿੱਤੀ। ਜੱਜ ਨੇ ਸਾਰੇ 6 ਦੋਸੀਆਂ ਦੀ ਨਿਆਂਇਕ ਹਿਰਾਸਤ 1 ਮਾਰਚ ਤੱਕ ਵਧਾ ਦਿੱਤੀ ਹੈ। ਰਮੇਸ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ ਕਿ ਆਪਣੇ ਅਪਰਾਧ ਨੂੰ ਲੁਕਾਉਣ ਲਈ ਵਿਰੋਧੀ ਧਿਰ 'ਤੇ ਝੂਠੇ ਦੋਸ ਲਗਾਉਣਾ 'ਅਹੰਕਾਰਚਾਰੀਆ' ਦਾ ਤਰੀਕਾ ਹੈ! ਈ. ਡੀ., ਸੀ. ਬੀ. ਆਈ. ਅਤੇ ਇਨਕਮ ਟੈਕਸ ਵਿਭਾਗ ਦੀ ਦੁਰਵਰਤੋਂ ਕਰ ਕੇ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਜੇਲ ਵਿਚ ਡੱਕਣ ਵਾਲੀ ਮੋਦੀ ਸਰਕਾਰ ਸਾਜ਼ਿਸ ਰਚ ਰਹੀ ਹੈ।

## ਅਕਾਲੀ ਦਲ ਵੱਲੋਂ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ, ਸੁਖਬੀਰ ਬਾਦਲ ਨੇ ਕਹੀਆਂ ਵੱਡੀਆਂ ਗੱਲਾਂ

ਤੇਜਿੰਦਰ ਕੌਰ ਬੱਬਰ

ਅੰਮ੍ਰਿਤਸਰ 2 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਅੰਮ੍ਰਿਤਸਰ ਅਟਾਰੀ ਤੋਂ ਕੀਤੀ ਗਈ। ਇਸ ਯਾਤਰਾ ਦੀ ਸ਼ੁਰੂਆਤ ਤੋਂ ਪਹਿਲਾਂ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਮੱਥਾ ਟੇਕਿਆ। ਯਾਤਰਾ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਸਭ ਤੋਂ ਪਹਿਲਾਂ ਯਾਤਰਾ 'ਚ ਆਏ ਸਾਰੇ ਨੌਜਵਾਨਾਂ, ਵਰਕਰ ਅਤੇ ਲੀਡਰਸ਼ੀਪ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਇਹ ਯਾਤਰਾ ਪੰਜਾਬ ਦੇ ਹਾਲਾਤ ਸੁਧਾਰਨ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਜੋ ਅੱਜ ਪੰਜਾਬ ਦੇ ਹਾਲਾਤ ਹਨ, ਉਹ ਆਜਾਦੀ ਤੋਂ ਬਾਅਦ ਵੀ ਨਹੀਂ ਵੇਖੇ ਸਨ। ਸੁਖਬੀਰ ਬਾਦਲ ਨੇ ਕਿਹਾ ਅੱਜ ਪੰਜਾਬ 'ਚ ਡਰ ਅਤੇ ਗੁੰਡਾਗਰਦੀ ਦਾ ਮਾਹੌਲ ਹੈ। ਉਨ੍ਹਾਂ ਕਿਹਾ ਆਮ ਇਨਸਾਨ ਰਾਤ ਨੂੰ ਇਕੱਲਾ ਘਰੋਂ ਨਹੀਂ ਨਿਕਲ ਸਕਦਾ ਕਿਉਂਕਿ ਇਸ ਸਮੇਂ ਕਾਨੂੰਨ ਨਾਮ ਦੀ ਕੋਈ ਚੀਜ ਨਹੀਂ ਹੈ। ਉਨ੍ਹਾਂ ਕਿਹਾ



ਪੰਜਾਬ ਦਾ ਵੱਡਾ ਨੁਕਸਾਨ ਪੰਜਾਬ ਦੀ ਜਵਾਨੀ ਦਾ ਹੋ ਰਿਹਾ ਹੈ, ਜਿਸ ਕਾਰਨ ਸੂਬਾ ਖਰਾਬ ਹੋ ਰਿਹਾ ਹੈ। ਸੁਖਬੀਰ ਬਾਦਲ ਨੇ ਕਿਹਾ ਜੇਕਰ ਪੰਜਾਬ 'ਚ ਲੋਕਾਂ ਨੂੰ ਨੌਕਰੀਆਂ ਮਿਲਣਗੀਆਂ ਤਾਂ ਵਿਕਾਸ ਹੋਵੇਗਾ ਅਤੇ ਸਾਨੂੰ ਖੁਸ਼ੀ ਹੋਵੇਗੀ। ਇਸ ਬਾਰੇ ਨੈਸ਼ਨਲ ਪਾਰਟੀਆਂ ਨੂੰ ਕੋਈ ਫ਼ਿਕਰ ਨਹੀਂ ਹੈ, ਸਿਰਫ ਅਕਾਲੀ ਦਲ ਪਾਰਟੀ ਹੈ, ਜਿਸ ਨੇ ਪੰਜਾਬ ਨਾਲ ਖੜ੍ਹਨਾ ਹੈ। ਉਨ੍ਹਾਂ ਕਿਹਾ ਜੋ ਵੀ ਹੁਣ ਤੱਕ ਹੋਇਆ ਹੈ, ਉਸ 'ਚ ਅਕਾਲੀ ਦਲ ਪਾਰਟੀ ਤੋਂ ਇਲਾਵਾ ਹੋਰ ਕਿਸੇ ਪਾਰਟੀ ਨੇ ਆਵਾਜ ਨਹੀਂ ਉਠਾਈ। ਇਸ ਮੌਕੇ ਸੁਖਬੀਰ ਬਾਦਲ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਪੰਜਾਬ ਵਿਚ ਜੋ ਚਾਰ ਮਾਰਗੀ ਸੜਕਾਂ, ਟਿਊਬਵੈਲ ਬਣਾਏ ਗਏ ਹਨ, ਉਹ ਅਕਾਲੀਆਂ ਦੀ ਸਰਕਾਰ ਨੇ ਹੀ ਬਣਾਏ ਹਨ। ਥਰਮਲ ਪਲਾਂਟ, ਮੁਫਤ ਬਿਜਲੀ ਦੀ ਸਹੂਲਤ ਅਤੇ ਅੰਮ੍ਰਿਤਸਰ ਏਅਰਪੋਰਟ ਅਕਾਲੀ ਦਲ ਪਾਰਟੀ ਨੇ ਹੀ ਬਣਾਏ ਹਨ। ਇਸੇ ਤਰ੍ਹਾਂ ਦੇ ਸਾਰੇ ਮਸਲਿਆਂ ਨੂੰ ਲੈ ਕੇ ਪੰਜਾਬ 'ਚ 'ਪੰਜਾਬ ਬਚਾਓ ਯਾਤਰਾ' ਅੱਜ ਤੋਂ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਜੋ ਯਾਤਰਾ ਸ਼ੁਰੂ ਕੀਤੀ ਹੈ, ਉਸ 'ਚ ਪੰਜਾਬ ਦੇ ਲੋਕ ਆਪਣੀ ਹਾਜਰੀ ਜਰੂਰ ਲਗਾਉਣ ਤਾਂ ਕਿ ਪੰਜਾਬ ਦਾ ਵਿਕਾਸ ਹੋ ਸਕੇ।

## ਭਾਜਪਾ ਚੋਣ ਜਿੱਤਣ ਲਈ ਸਾਰਿਆਂ ਨੂੰ ਜੇਲ੍ਹ 'ਚ ਬੰਦ ਕਰ ਰਹੀ ਹੈ: ਮਮਤਾ ਬੈਨਰਜੀ

ਸ਼ਾਂਤੀਪੁਰ 2 ਫਰਵਰੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਝਾਰਖੰਡ 'ਚ ਆਪਣੇ ਹਮਰੁਤਬਾ ਹੇਮੰਤ ਸੋਰੇਨ ਨੂੰ ਜਮੀਨ ਘਪਲੇ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਗ੍ਰਿਫਤਾਰ ਕੀਤੇ ਜਾਣ ਦੇ ਇਕ ਦਿਨ ਬਾਅਦ ਵੀਰਵਾਰ ਨੂੰ ਦੋਸ਼ ਲਾਇਆ ਕਿ ਭਾਜਪਾ ਆਗਾਮੀ ਲੋਕ ਸਭਾ ਚੋਣਾਂ ਜਿੱਤਣ ਲਈ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਜੇਲ੍ਹ ਵਿਚ ਬੰਦ ਰਹੀ ਹੈ। ਬੈਨਰਜੀ ਨੇ ਨਾਦੀਆ ਜ਼ਿਲ੍ਹੇ ਦੇ ਸ਼ਾਂਤੀਪੁਰ ਵਿਚ ਇਕ ਜਨਤਕ ਪ੍ਰੋਗਰਾਮ ਦੌਰਾਨ ਕਿਹਾ ਕਿ ਜੇਕਰ ਉਨ੍ਹਾਂ ਨੂੰ ਸਲਾਖਾਂ ਪਿੱਛੇ ਵੀ ਡੱਕ ਦਿੱਤਾ ਜਾਵੇ ਤਾਂ ਵੀ ਉਹ ਇਸ ਤੋਂ ਬਾਹਰ ਆ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਚੋਣਾਂ ਜਿੱਤਣ ਲਈ ਸਾਰਿਆਂ ਨੂੰ ਜੇਲ੍ਹ 'ਚ ਬੰਦ ਕਰ ਰਹੀ ਹੈ। ਮਮਤਾ ਨੇ ਦੋਹਰਾਇਆ ਕਿ ਉਨ੍ਹਾਂ ਦੀ ਪਾਰਟੀ ਸੂਬੇ ਵਿਚ ਆਗਾਮੀ ਲੋਕ ਸਭਾ ਚੋਣਾਂ ਲਈ ਕਾਂਗਰਸ ਨਾਲ ਗਠਜੋੜ ਬਣਾਉਣ ਲਈ ਉਤਸੁਕ ਸੀ ਪਰ ਉਸ ਨੇ ਉਨ੍ਹਾਂ ਦੇ ਪ੍ਰਸਤਾਵ ਨੂੰ ਨਾ-ਮਨਜੂਰ ਕਰ ਦਿੱਤਾ। ਮਮਤਾ ਨੇ ਕਿਹਾ ਕਿ ਅਸੀਂ ਗਠਜੋੜ ਚਾਹੁੰਦੇ ਸੀ ਪਰ ਕਾਂਗਰਸ ਇਸ ਲਈ ਤਿਆਰ ਨਹੀਂ ਹੋਈ।

## ਗਿਆਨਵਾਪੀ ਕੈਂਪਸ 'ਚ ਪੂਜਾ ਨੂੰ ਲੈ ਕੇ ਮੁਸਲਿਮ ਧਿਰ ਨਾਰਾਜ, ਵਿਰੋਧ 'ਚ ਬਾਜਾਰ ਬੰਦ ਦਾ ਐਲਾਨ

ਨਵੀਂ ਦਿੱਲੀ 2 ਫਰਵਰੀ। ਜ਼ਿਲ੍ਹਾ ਅਦਾਲਤ ਦੇ ਹੁਕਮਾਂ ਤੋਂ ਬਾਅਦ ਉੱਤਰ ਪ੍ਰਦੇਸ ਦੇ ਵਾਰਾਣਸੀ ਜ਼ਿਲ੍ਹੇ ਵਿੱਚ ਗਿਆਨਵਾਪੀ ਕੰਪਲੈਕਸ ਦੇ ਬੇਸਮੈਂਟ ਵਿੱਚ ਪੂਜਾ ਸੁਰੂ ਹੋ ਗਈ



ਹੈ। ਜਿਸ ਤੋਂ ਬਾਅਦ ਅੰਜੁਮਨ ਇਸਲਾਮੀਆ ਮਸਜਿਦ ਕਮੇਟੀ ਨੇ ਜ਼ਿਲ੍ਹਾ ਅਦਾਲਤ ਦੇ ਫੈਸਲੇ ਦਾ ਵਿਰੋਧ ਕਰਨਾ ਸੁਰੂ ਕਰ ਦਿੱਤਾ ਹੈ। ਪਹਿਲਾਂ ਅੰਜੁਮਨ ਇਸਲਾਮੀਆ ਮਸਜਿਦ ਕਮੇਟੀ ਨੇ ਬੇਸਮੈਂਟ 'ਚ ਪੂਜਾ ਦੇ ਹੁਕਮ ਦੇ ਖਿਲਾਫ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ ਅਤੇ ਹੁਣ ਸੁੱਕਰਵਾਰ ਯਾਨੀ ਅੱਜ ਮੁਸਲਮਾਨਾਂ ਨੂੰ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਵਿਰੋਧ ਪ੍ਰਦਰਸਨ ਕਰਨ ਲਈ ਕਿਹਾ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅੰਜੁਮਨ ਇਸਲਾਮੀਆ ਮਸਜਿਦ ਕਮੇਟੀ ਨੇ ਇਕ ਪ੍ਰੈਸ ਬਿਆਨ ਜਾਰੀ ਕਰਕੇ ਵਾਰਾਣਸੀ ਜ਼ਿਲ੍ਹੇ ਦੇ ਮੁਸਲਮਾਨਾਂ ਨੂੰ ਗਿਆਨਵਾਪੀ ਕੰਪਲੈਕਸ ਵਿਚ ਪੂਜਾ ਦੀ ਇਜਾਜਤ ਦੇਣ ਦੇ ਵਿਰੋਧ ਵਿਚ ਆਪਣੀਆਂ ਦੁਕਾਨਾਂ ਅਤੇ ਅਦਾਰੇ ਬੰਦ ਰੱਖਣ ਦੀ ਅਪੀਲ ਕੀਤੀ ਹੈ। ਕਮੇਟੀ ਨੇ ਪ੍ਰਸਾਸਨ ਵੱਲੋਂ ਜ਼ਿਲ੍ਹਾ ਅਦਾਲਤ ਦੇ ਹੁਕਮਾਂ ਨੂੰ ਤੁਰੰਤ ਲਾਗੂ ਕਰਨ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਇਸ ਸਮੇਂ ਅੰਜੁਮਨ ਇਸਲਾਮੀਆ ਮਸਜਿਦ ਕਮੇਟੀ ਨੇ ਵੀ ਲੋਕਾਂ ਨੂੰ ਸਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਕਮੇਟੀ ਨੇ ਕਿਹਾ ਹੈ ਕਿ ਸੁੱਕਰਵਾਰ ਦੀ ਨਮਾਜ ਆਪਣੇ ਨਿਰਧਾਰਤ ਸਥਾਨ 'ਤੇ ਪੜ੍ਹੋ ਅਤੇ ਨਮਾਜ ਲਈ ਬੇਲੋੜੇ ਇਕੱਠੇ ਨਾ ਹੋਵੋ। ਵਾਰਾਣਸੀ 'ਚ ਸੁੱਕਰਵਾਰ ਦੀ ਨਮਾਜ ਨੂੰ ਲੈ ਕੇ ਚੌਕਸੀ ਰੱਖੀ ਜਾ ਰਹੀ ਹੈ, ਇਲਾਕੇ 'ਚ ਸਾਂਤੀ ਬਰਕਰਾਰ ਹੈ ਅਤੇ ਪੁਲਸ ਫੋਰਸ ਸੰਵੇਦਨਸੀਲ ਇਲਾਕਿਆਂ 'ਚ ਫਲੈਗ ਮਾਰਚ ਕਰ ਰਹੀ ਹੈ।

# ਜਲੰਧਰ ‘ਚ ਇਕੱਠੇ ਬਲੀਆਂ 4 ਦੋਸਤਾਂ ਦੀਆਂ ਚਿਖਾਵਾਂ, ਧਾਹਾਂ ਮਾਰ ਰੋਂਦੀਆਂ ਮਾਵਾਂ ਪੁੱਤਾਂ ਨੂੰ ਮਾਰਦੀਆਂ ਰਹੀਆਂ ਆਵਾਜਾਂ

ਜਲੰਧਰ 2 ਫਰਵਰੀ। ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇਅ ‘ਤੇ ਦਸੂਹਾ ਨੇੜੇ ਸ਼ੁੱਕਰਵਾਰ ਰਾਤ ਨੂੰ ਵਾਪਰੇ ਇਕ ਭਿਆਨਕ ਹਾਦਸੇ ਵਿੱਚ ਪੰਜ ਦੋਸਤਾਂ ਦੀ ਦਰਦਨਾਕ ਮੌਤ ਹੋ ਗਈ ਸੀ। ਘਟਨਾ ਵਿੱਚ 4 ਨੌਜਵਾਨ ਜਿ਼ੰਦਾ ਸੜ ਗਏ ਸਨ ਜਦਕਿ ਇਕ ਗੰਭੀਰ ਰੂਪ ਨਾਲ ਜਖਮੀ ਹੋਣ ਵਾਲੇ ਨੌਜਵਾਨ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ ਸੀ। ਉਕਤ ਨੌਜਵਾਨ ਜਲੰਧਰ ਦੇ ਭਾਰਗੋਂ ਕੈਂਪ ਦੇ ਰਹਿਣ ਵਾਲੇ ਸਨ। ਹਾਦਸੇ ਵਿੱਚ ਮਾਰੇ ਗਏ ਅੰਕਿਤ ਕੁਮਾਰ (ਸਾਫਟਵੇਅਰ ਇੰਜੀਨੀਅਰ), ਵਾਸੀ ਪਿੰਕ ਸਿਟੀ ਕਲੋਨੀ (ਜਲੰਧਰ), ਇੰਦਰਜੀਤ ਭਗਤ ਆਜਾਦ ਨਗਰ, ਭਾਰਗਵ ਕੈਂਪ (ਜਲੰਧਰ), ਰਾਜੂ, ਅਵਤਾਰ ਨਗਰ (ਜਲੰਧਰ), ਅਭੀ ਵਾਸੀ ਭਾਰਗਵ ਕੈਂਪ ਸ਼ਾਮਲ ਹਨ, ਜਿਨ੍ਹਾਂ ਦਾ ਐਤਵਾਰ ਮਾਡਲ ਹਾਊਸ ਸਥਿਤ ਸਮਸਾਨਘਾਟ ਵਿੱਚ ਐਤਵਾਰ ਚਾਰੇ ਦੋਸਤਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਉਥੇ ਹੀ ਰਿਸ਼ਭ ਮਿਨਹਾਸ ਵਾਸੀ ਮਿਸ਼ਨ ਕੰਪਲੈਕਸ, ਨੇੜੇ ਮਾਤਾ ਲਕਸ਼ਮੀ ਮੰਦਿਰ ਜਲੰਧਰ ਦਾ ਸ਼ੁਕਰਵਾਰ ਬੀਤੀ ਰਾਤ ਹੀ ਹਰਨਾਮਦਾਸਪੁਰਾ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਸੀ। ਐਤਵਾਰ ਸਵੇਰੇ ਭਾਰਗੋਂ ਕੈਂਪ ਦੇ ਰਹਿਣ ਵਾਲੇ ਚਾਰੇ ਦੋਸਤਾਂ ਦਾ ਇਕੱਠਿਆਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਜਿਵੇਂ ਹੀ ਇਹ ਖਬਰ ਅੱਗ ਵਾਂਗ ਫੈਲੀ ਤਾਂ ਸਾਰੇ ਪਾਸੇ ਸੋਗ ਦੀ ਲਹਿਰ ਦੌੜ ਪਈ। ਪਰਿਵਾਰ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ। ਪਹਿਲਾਂ ਇੰਦਰਜੀਤ ਦੀ ਚਿਖਾ ਜਲਾਈ ਗਈ। ਇਸ ਦੇ ਬਾਅਦ ਅਭੀ, ਉਸ ਦੇ ਬਾਅਦ ਰਾਜੂ ਅਤੇ ਆਖੀਰ ਵਿਚ ਅੰਕਿਤ ਨੂੰ ਮੁੱਖ ਅਗਨੀ ਦਿੱਤੀ ਗਈ। ਇਸ ਦੌਰਾਨ ਰਾਜੂ ਦੀ ਮਾਂ ਆਪਣੇ ਬੱਚੇ ਨੂੰ ਵੇਖਦੇ ਹੋਏ ਬੋਲ ਰਹੀ ਸੀ ਕਿ ਹੇ ਭਗਵਾਨ ਮੈਂ ਤੇਰਾ ਕੀ ਵਿਗਾੜਿਆ ਸੀ, ਜੋ ਤੂੰ ਮੇਰੇ ਜਿਊਣ ਦਾ ਸਹਾਰਾ ਹੀ ਖੋਹ ਲਿਆ ਸੀ। ਉਥੇ ਹੀ ਰਾਜੂ ਦੀਆਂ ਭੈਣਾਂ ਰਾਜੂ ਦੀ ਲਾਸ਼ ਨੂੰ ਛੱਡਣ ਨੂੰ ਤਿਆਰ ਨਹੀਂ ਸਨ। ਉਹ ਕਹਿ ਰਹੀਆਂ ਸਨ ਕਿ ਭਰਾ ਇਕ ਵਾਰ ਕਿਸੇ ਤਰ੍ਹਾਂ ਉੱਠ ਜਾਓ। ਮੈਂ ਬੁਲਾ ਰਹੀ ਹਾਂ, ਕੋਈ ਜਵਾਬ ਤਾਂ ਦਿਓ। ਦੋਸਤਾਂ ਦੇ ਅੰਤਿਮ ਸੰਸਕਾਰ ਦੌਰਾਨ ਜਲੰਧਰ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਮਹਿੰਦਰ ਭਗਤ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਮਹਿੰਦਰਜ਼ ਸੰਘ ਕੇਪੀ ਵੀ ਪਹੁੰਚੇ ਸਨ। ਉਥੇ ਹੀ ਪੰਜ ਦੋਸਤਾਂ ਨਾਲ ਵਾਪਰੀ ਇਸ ਦਰਦਨਾਕ ਘਟਨਾ ਤੋਂ ਪਹਿਲਾਂ ਦੀ ਵੀਡੀਓ ਸਾਹਮਣੇ ਆਈ ਹੈ। ਵੀਡੀਓ ਵਿਚ ਤੁਸੀਂ ਵੇਖ ਵੇਖਦੇ ਹੋ ਕਿ ਕਿਵੇਂ ਖੁਸ਼ੀ-ਖੁਸ਼ੀ ਪੰਜ ਦੋਸਤ ਗੱਡੀ ਵਿਚ ਮਸਤੀ ਕਰਦੇ ਹੋਏ ਗਾਣੇ ਸੁਣਦਿਆਂ ਵਾਪਸ ਘਰਾਂ ਨੂੰ ਪਰਤ ਰਹੇ ਸਨ। ਵੇਖਦੇ ਹੀ ਵੇਖਦੇ ਹੱਸਦੇ-ਖੇਡਦੇ ਦੋਸਤਾਂ ਨੇ ਹਾਦਸੇ ਦੌਰਾਨ ਹਮੇਸ਼ਾ ਲਈ ਇਕੱਠਿਆਂ ਜਿ਼ੰਦਗੀ ਨੂੰ ਅਲਵਿਦਾ ਕਹਿ ਦਿੱਤਾ। ਗੱਡੀ ‘ਤੇ ਨਜਰ ਮਾਰਨ ‘ਤੇ ਇਹ ਪਤਾ ਲੱਗਦਾ ਹੈ ਕਿ ਗੱਡੀ ਰਫਤਾਰ 120 ਦੇ ਕਰੀਬ ਦਿੱਸ ਰਹੀ



ਹੈ। ਕਿਤੇ ਨਾ ਕਿਤੇ ਤੇਜ ਰਫਤਾਰੀ ਵੀ ਹਾਦਸੇ ਦਾ ਕਾਰਨ ਮੰਨਿਆ ਜਾ ਰਿਹਾ ਹੈ। ਤੇਜ ਰਫਤਾਰ ਕਿਵੇਂ ਕਿਸੇ ‘ਤੇ ਭਾਰੀ ਪੈ ਸਕਦੀ ਹੈ, ਇਸ ਦਾ ਅੰਦਾਜਾ ਇਸ ਹਾਦਸੇ ਤੋਂ ਵੇਖ ਕੇ ਲਗਾਇਆ ਜਾ ਸਕਦਾ ਹੈ। ਹਾਦਸੇ ਤੋਂ ਪਹਿਲਾਂ ਦੀ ਸਾਹਮਣੇ ਆਈ ਇਸ ਵੀਡੀਓ ਨੂੰ ਵੇਖ ਕੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਜਾਣਗੀਆਂ। ਉਥੇ ਹੀ ਪਰਿਵਾਰ ਵਿਚ ਮਚਿਆ ਚੀਕ-ਚਿਹਾੜਾ ਵੀ ਹਰ ਕਿਸੇ ਤੋਂ ਵੇਖਿਆ ਨਹੀਂ ਜਾ ਰਿਹਾ। ਰੋਂਦੇ-ਕਰਲਾਉਂਦੇ ਪਰਿਵਾਰ ਵਾਲੇ ਆਪਣੇ ਪੁੱਤਾਂ ਨੂੰ ਆਵਾਜਾਂ ਮਾਰ ਰਹੇ ਹਨ। ਜਿ਼ਕਰਯੋਗ ਹੈ ਕਿ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇਅ ‘ਤੇ ਸ਼ੁੱਕਰਵਾਰ ਰਾਤ ਨੂੰ ਉੱਚੀ ਬੱਸੀ ਨੇੜੇ ਇਕ ਇਨੋਵਾ ਕਾਰ ਵਿਚ ਪਿੱਛਿਓਂ ਆ ਰਹੇ ਟਰੱਕ ਨਾਲ ਟੱਕਰ ਹੋਣ ਦੇ ਬਾਅਦ ਇਨੋਵਾ ਗੱਡੀ ਵਿਚ ਧਮਾਕਾ ਹੋਣ ਕਾਰਨ ਇਨੋਵਾ ਕਾਰ ‘ਚ ਸਵਾਰ ਪੰਜ ਲੋਕਾਂ ਦੀ ਮੌਤ ਹੋ ਗਈ ਸੀ। ਸਾਰੇ ਮ੍ਰਿਤਕ ਜਲੰਧਰ ਦੇ ਨਿਵਾਸੀ ਸਨ। ਜਦਕਿ ਟਰੱਕ ਮੌਕੇ ‘ਤੇ ਪਲਟ ਗਿਆ ਅਤੇ ਟਰੱਕ ਚਾਲਕ ਵੀ ਗੰਭੀਰ ਜਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਿੰਧੀ ਕੇਟ ਸੀਡਜ ਕੰਪਨੀ ਦੇ ਮੁਲਾਜਮ ਮੁਕੇਰੀਆਂ ਦੀਆਂ ਬੀਜ ਦੁਕਾਨਾਂ ‘ਤੇ ਬੀਜ ਸਪਲਾਈ ਕਰਕੇ ਮੁਕੇਰੀਆਂ ਤੋਂ ਜਲੰਧਰ ਜਾ ਰਹੇ ਸਨ। ਰਾਤ ਕਰੀਬ 9 ਵਜੇ ਇਕ ਟਰੱਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ ਅਤੇ ਇਨੋਵਾ ਗੱਡੀ ਪੀ. ਬੀ. 08 ਡੀ. ਵਾਈ. 1900 ‘ਚ ਧਮਾਕਾ ਹੋ ਗਿਆ, ਜਿਸ ਕਾਰਨ ਭਿਆਨਕ ਅੱਗ ਲੱਗ ਗਈ। ਇਹ ਗੱਡੀ ਸੀ. ਐੱਨ. ਜੀ.‘ਤੇ ਚੱਲ ਰਹੀ ਸੀ। ਉਥੇ ਮੌਜੂਦ ਗੁਰਮੀਤ ਸਿੰਘ ਨੇ ਕਾਰ ਨੂੰ ਅੱਗ ਲੱਗੀ ਵੇਖ ਕੇ ਦੱਸਿਆ ਕਿ ਕੁਝ ਹੀ ਦੇਰ ਵਿਚ ਚਾਰ ਸਵਾਰੀਆਂ ਦੀ ਮੌਤ ਹੋ ਗਈ ਅਤੇ ਇਕ ਗੰਭੀਰ ਜਖਮੀ ਹੋ ਗਿਆ। ਥੋੜ੍ਹੀ ਦੇਰ ਬਾਅਦ ਪੰਜਵੇਂ ਕਾਰ ਸਵਾਰ ਦੀ ਵੀ ਮੌਤ ਹੋ ਗਈ। ਜਦਕਿ ਟਰੱਕ ਦੇ ਪਲਟਣ ਕਾਰਨ ਟਰੱਕ ਚਾਲਕ ਸੁਸ਼ੀਲ ਕੁਮਾਰ ਪੁੱਤਰ ਮਹਿੰਦਰ ਸਿੰਘ ਵਾਸੀ ਕਰਨਾਲ ਗੰਭੀਰ ਰੂਪ ‘ਚ ਜਖਮੀ ਹੋ ਗਿਆ ਅਤੇ ਉਸ ਨੂੰ ਸਿਵਲ ਹਸਪਤਾਲ ‘ਚ ਦਾਖਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਹਰਕ੍ਰਿਸ਼ਨ ਸਿੰਘ ਅਤੇ ਥਾਣਾ ਮੁਖੀ ਦਸੂਹਾ ਹਰਪ੍ਰੇਮ ਸਿੰਘ ਨੇ ਦੱਸਿਆ ਕਿ ਕਾਰ ਸਵਾਰਾਂ ਦੀ ਪਛਾਣ ਰਿਸ਼ਭ ਮਿਨਹਾਸ ਪੁੱਤਰ ਉਂਕਾਰ ਸਿੰਘ ਵਾਸੀ ਨੇੜੇ ਸਤਿਸੰਗ ਘਰ, ਚਿਕਚਿਕ ਹਾਊਸ ਜਲੰਧਰ, ਇੰਦਰਜੀਤ ਭਗਤ ਪੁੱਤਰ ਜਗਦੀਸ਼ ਕੁਮਾਰ ਵਾਸੀ ਆਜਾਦ ਨਗਰ ਨੇੜੇ ਭਾਰਗੋ ਕੈਂਪ ਜਲੰਧਰ, ਰਾਜੂ ਪੁੱਤਰ ਸਰੋਜ ਵਾਸੀ ਭਾਰਗੋ ਕੈਂਪ ਜਲੰਧਰ, ਅਬੀ ਪੁੱਤਰ ਸੁਰਜੀਤ ਕੁਮਾਰ ਵਾਸੀ ਭਾਰਗੋ ਕੈਂਪ ਜਲੰਧਰ, ਅੰਕਿਤ ਕੁਮਾਰ ਪੁੱਤਰ ਮੁਰਾਰੀ ਕੁਮਾਰ ਪਿੰਕ ਸਿਟੀ ਜਲੰਧਰ ਦੇ ਤੌਰ ‘ਤੇ ਹੋਈ ਹੈ। ਉਨ੍ਹਾਂ ਦੱਸਿਆ ਕਿ ਸਾਰੀਆਂ ਲਾਸ਼ਾਂ ਨੂੰ ਹਸਪਤਾਲ ਦੇ ਲਾਸ਼ ਘਰ ਵਿਚ ਰਖਵਾਇਆ ਗਿਆ ਹੈ।

## ਕੋਟਕਪੂਰਾ ਤੇ ਬਹਿਬਲਕਲਾਂ ਗੋਲੀਕਾਂਡ ਮਾਮਲਿਆਂ ਦੀ ਅਦਾਲਤ ‘ਚ ਹੋਈ ਸੁਣਵਾਈ

ਫਰੀਦਕੋਟ 2 ਫਰਵਰੀ। ਸਾਲ 2015 ‘ਚ ਹੋਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਕੋਟਕਪੂਰਾ ਅਤੇ ਬਹਿਬਲਕਲਾਂ ਵਿਚ ਵਾਪਰੇ ਗੋਲੀਕਾਂਡ ਮਾਮਲਿਆਂ ਦੀ ਫਰੀਦਕੋਟ ਅਦਾਲਤ ‘ਚ ਅੱਜ ਸੁਣਵਾਈ ਹੋਈ। ਇਸ ਸੁਣਵਾਈ ਦੌਰਾਨ ਇਨ੍ਹਾਂ ਮਾਮਲਿਆਂ ‘ਚ ਨਾਮਜਦ ਮੋਗਾ ਦੇ ਤਤਕਾਲੀ ਐੱਸ. ਐੱਸ. ਪੀ. ਚਰਨਜੀਤ ਸਿੰਘ ਸ਼ਰਮਾ ਨਿੱਜੀ ਤੌਰ ‘ਤੇ ਅਦਾਲਤ ‘ਚ ਪੇਸ਼ ਹੋਏ, ਜਦੋਂ ਕਿ ਬਾਕੀ ਸਾਰੇ ਨਾਮਜਦ ਵੀਡੀਓ




ਕਾਨਫਰੰਸਿੰਗ ਰਾਹੀਂ ਹਾਜਰ ਰਹੇ। ਇਸ ਮੌਕੇ ਜਿੱਥੇ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਿਤ ਐੱਫ. ਆਈ. ਆਰ. ਨੰਬਰ 129 ‘ਚ ਦੋਸ਼ ਤੈਅ ਕਰਨ ਨੂੰ ਲੈ ਕੇ ਦੋਹਾਂ ਪੱਖਾਂ ਵਿਚਕਾਰ ਬਹਿਸ ਹੋਈ, ਉੱਥੇ ਹੀ ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ 5 ਅਤੇ 13 ਫਰਵਰੀ 2024 ਨੂੰ ਰੱਖੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿੱਖ ਜੱਥੇਬੰਦੀਆ ਦੇ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਅੱਜ ਅਦਾਲਤ ‘ਚ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਿਤ ਮੁਕੱਦਮਾ ਨੰਬਰ 129 ਵਿਚ ਦੋਸ਼ ਤੈਅ ਕਰਨ ਨੂੰ ਲੈ ਕੇ ਬਹਿਸ ਹੋਈ ਹੈ ਅਤੇ ਅੱਗੇ ਦੀ ਸੁਣਵਾਈ ਲਈ ਅਦਾਲਤ ਵੱਲੋਂ 5 ਅਤੇ 13 ਫਰਵਰੀ 2024 ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਚਰਨਜੀਤ ਸ਼ਰਮਾ ਨਿੱਜੀ ਤੌਰ ‘ਤੇ, ਜਦੋਂ ਕਿ ਬਾਕੀ ਸਾਰੇ ਨਾਮਜਦ ਵੀਡੀਓ ਕਾਨਫਰੰਸਿੰਗ ਰਾਹੀ ਅਦਾਲਤ ਵਿਚ ਪੇਸ਼ ਹੋਏ ਸਨ।

## ਪੰਜਾਬ ‘ਚ ਮਕਾਨ ਬਣਾਉਣ ਲਈ ਮਨਜੂਰੀ ਲੈਣੀ ਹੋਈ ਸੌਖੀ, ਘਰ ਬੈਠੇ ਹੀ ਹੋਵੇਗਾ ਨਕਸ਼ਾ ਪਾਸ

ਲੁਧਿਆਣਾ 2 ਫਰਵਰੀ। ਪੰਜਾਬ ‘ਚ ਘਰ ਬਣਾਉਣ ਦੀ ਮਨਜ਼ੂਰੀ ਲੈਣ ਲਈ ਲੋਕਾਂ ਨੂੰ ਹੁਣ ਨਗਰ ਨਿਗਮ ਦਫਤਰ ਦੇ ਚੱਕਰ ਨਹੀਂ ਲਾਉਣੇ ਪੈਣਗੇ, ਸਗੋਂ ਘਰ ਬੈਠੇ ਹੀ ਨਕਸ਼ਾ ਪਾਸ ਹੋ ਜਾਵੇਗਾ। ਇਸ ਦੇ ਲਈ ਸਰਕਾਰ ਵੱਲੋਂ ਅਰਕੀਟੈਕਟਾਂ ਨੂੰ ਪਾਵਰ ਦੇ ਦਿੱਤੀ ਗਈ ਹੈ। ਇਸ ਸਬੰਧੀ ਪ੍ਰਸਤਾਵ ਨੂੰ ਹਾਲ ਹੀ ‘ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ‘ਚ ਹੋਈ ਕੈਬਨਿਟ ਦੀ ਮੀਟਿੰਗ ਦੌਰਾਨ ਪਾਸ ਕਰ ਦਿੱਤਾ ਗਿਆ ਹੈ। ਇਸ ਫੈਸਲੇ ਲਈ ਲੋਕਾਂ ਨੂੰ ਘਰ ਬਣਾਉਣ ਲਈ ਨਕਸ਼ਾ ਪਾਸ ਕਰਵਾਉਣ ਦੌਰਾਨ ਹੋਣ ਵਾਲੀਆਂ ਪਰੇਸ਼ਾਨੀਆਂ ਤੋਂ ਛੁਟਕਾਰਾ ਦਿਵਾਉਣ ਦਾ ਹਵਾਲਾ ਦਿੱਤਾ ਗਿਆ ਹੈ। ਇਸ ਸਿਸਟਮ ਨੂੰ ਅਮਲ ‘ਚ ਲਿਆਉਣ ਲਈ ਲੋਕਲ ਬਾਡੀਜ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ‘ਚ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ, ਜੋ ਨਿਯਮ 500 ਗਜ ਤੱਕ ਦਾ ਘਰ ਬਣਾਉਣ ਦਾ ਨਕਸ਼ਾ ਪਾਸ ਕਰਨ ਦੇ ਨਾਲ ਕੰਪਲੀਸ਼ਨ ਸਰਟੀਫਿਕੇਟ ਜਾਰੀ ਕਰਨ ‘ਤੇ ਵੀ ਲਾਗੂ ਹੋਵੇਗਾ। ਇਸ ਸਿਸਟਮ ਜਰੀਏ ਲੋਕਲ ਬਾਡੀਜ਼ ਵਿਭਾਗ ਦੇ ਨਾਲ ਰਜਿਸਟਰ ਆਰਕੀਟੈਕਟ ਵੱਲੋਂ ਆਨਲਾਈਨ ਨਕਸ਼ਾ ਅਪਲਾਈ ਕੀਤਾ ਜਾ ਸਕਦਾ ਹੈ, ਜਿਸ ਦੇ ਨਾਲ ਨਿਯਮਾਂ ਮੁਤਾਬਕ ਕੰਸਟ੍ਰਕਸ਼ਨ ਕਰਨ ਲਈ ਬਣਾਇਆ ਗਿਆ ਨਕਸ਼ਾ, ਮਲਕੀਅਤ ਦੇ ਸਬੂਤ ਅਤੇ ਚੈੱਕ ਲਿਸਟ ‘ਚ ਸ਼ਾਮਲ ਹੋਰ ਜ਼ਰੂਰੀ ਦਸਤਾਵੇਜ ਅਪਲੋਡ ਕਰਨੇ ਹੋਣਗੇ। ਇਸ ਦੀ ਫੀਸ ਵੀ ਆਨਲਾਈਨ ਹੀ ਜਮ੍ਹਾਂ ਹੋਵੇਗੀ ਅਤੇ ਸਕਰੂਟਨੀ ਕਰਨ ਤੋਂ ਬਾਅਦ ਨਗਰ ਨਿਗਮ ਅਧਿਕਾਰੀਆਂ ਵੱਲੋਂ 10 ਦਿਨਾਂ ਅੰਦਰ ਨਕਸ਼ੇ ਨੂੰ ਡਿਜੀਟਲ ਤਰੀਕੇ ਨਾਲ ਮਨਜ਼ੂਰੀ ਦੇਣੀ ਹੋਵੇਗੀ। ਆਰਕੀਟੈਕਟ ਵੱਲੋਂ ਨਕਸ਼ਾ ਪਾਸ ਕਰਨ ਦੀ ਸਕੀਮ ਨੂੰ ਸੈਲਫ ਸਰਟੀਫਿਕੇਸ਼ਨ ਦਾ ਨਾਂ ਦਿੱਤਾ ਗਿਆ ਹੈ, ਜਿਸ ਦੇ ਲਈ ਮਿਊਂਸੀਪਲ ਬਿਲਡਿੰਗ ਬਾਇਲਾਜ ‘ਚ ਸੋਧ ਕੀਤੀ ਗਈ ਹੈ, ਜਿਸ ਦੇ ਮੁਤਾਬਕ ਨਵੇਂ ਨਿਯਮ 500 ਗਜ ‘ਚ 15 ਮੀਟਰ ਉਚਾਈ ਤੱਕ ਬਣਨ ਵਾਲੇ ਮਕਾਨ ‘ਤੇ ਲਾਗੂ ਹੋਣਗੇ। ਇਸ ਤੋਂ ਬਾਅਦ ਲੋਕਾਂ ਕੋਲ ਘਰ ਬਣਾਉਣ ਲਈ ਨਗਰ ਨਿਗਮ ਜਰੀਏ ਨਕਸ਼ਾ ਪਾਸ ਕਰਵਾਉਣ ਦੇ ਪੁਰਾਣੇ ਪੈਟਰਨ ਨੂੰ ਅਪਨਾਉਣ ਦਾ ਬਦਲ ਵੀ ਮੌਜੂਦ ਰਹੇਗਾ। ਇਸ ਸਿਸਟਮ ‘ਚ ਸ਼ਰਤ ਰੱਖੀ ਗਈ ਹੈ ਕਿ ਜੇਕਰ ਪਲਾਟ ਇੰਪਰੂਵਮੈਂਟ ਟਰੱਸਟ, ਗਲਾਡਾ ਜਾਂ ਕਿਸੇ ਹੋਰ ਅਥਾਰਿਟੀ ਵੱਲੋਂ ਡਿਵੈਲਪ ਕੀਤੀ ਗਈ ਸਕੀਮ ‘ਚ ਸਥਿਤ ਹੈ ਤਾਂ ਮਕਾਨ ਬਣਾਉਣ ਲਈ ਨਕਸ਼ਾ ਅਪਲਾਈ ਕਰਨ ਤੋਂ ਪਹਿਲਾਂ ਉਸ ਵਿਭਾਗ ਦੀ ਐੱਨ. ਓ. ਸੀ. ਲੈਣੀ ਹੋਵੇਗੀ। ਗਲਤ ਜਾਣਕਾਰੀ ਦੇਣ ‘ਤੇ ਜੁਰਮਾਨਾ ਲਗਾਉਣ ਦੇ ਨਾਲ ਹੋਵੇਗੀ ਬਲੈਕ ਲਿਸਟ ਕਰਨ ਦੀ ਕਾਰਵਾਈ ਇਸ ਸਕੀਮ ਤਹਿਤ ਘਰ ਬਣਾਉਣ ਲਈ ਆਨਲਾਈਨ ਨਕਸ਼ਾ ਅਪਲਾਈ ਕਰਨ ਦੌਰਾਨ ਮਾਸਟਰ ਪਲਾਨ ਦੇ ਨਿਯਮਾਂ ਦੀ ਪਾਲਣਾ ਕਰਨ ਤੋਂ ਇਲਾਵਾ ਪਲਾਟ ਕਿਸੇ ਨਾਜਾਇਜ਼ ਕਾਲੋਨੀ ਜਾਂ ਕਬਜ਼ੇ ਵਾਲੀ ਜਗ੍ਹਾ ‘ਚ ਨਾ ਹੋਣ ਦੀ ਅੰਡਰਟੇਕਿੰਗ ਦੇਣੀ ਹੋਵੇਗੀ। ਇਸ ਤੋਂ ਬਾਅਦ ਨਿਯਮਾਂ ਦੀ ਉਲੰਘਣ ਕਰ ਕੇ ਮਕਾਨ ਬਣਾਉਣ ਜਾਂ ਗਲਤ ਜਾਣਕਾਰੀ ਦੇਣ ‘ਤੇ ਪਲਾਟ ਦੇ ਮਾਲਕ ਨੂੰ ਜੁਰਮਾਨਾ ਲਗਾਉਣ ਦੇ ਨਾਲ ਆਰਕੀਟੈਕਟ ਨੂੰ ਬਲੈਕ ਲਿਸਟ ਕਰਨ ਦੀ ਕਾਰਵਾਈ ਹੋਵੇਗੀ।

## ਪੰਜਾਬ ਰਾਜ ਮਹਿਲਾ ਕਮਿਸ਼ਨ ‘ਚ ਮੈਂਬਰਾਂ ਦੀ ਭਰਤੀ ਲਈ ਅਰਜੀਆਂ ਦੀ ਮੰਗ

ਚੰਡੀਗੜ੍ਹ 2 ਫਰਵਰੀ। ਪੰਜਾਬ ਸਰਕਾਰ ਵੱਲੋਂ ਰਾਜ ਮਹਿਲਾ ਕਮਿਸ਼ਨ ਵਿਚ ਮੈਂਬਰਾਂ ਦੀਆਂ ਗੈਰ ਸਰਕਾਰੀ ਖਾਲ੍ਹੀ ਅਸਾਮੀਆਂ ਦੀ ਭਰਤੀ ਲਈ ਯੋਗ ਬਿਨੈਕਾਰ ਪਾਸੋਂ ਅਰਜੀਆਂ ਦੀ ਮੰਗ 5 ਅਕਤੂਬਰ ਤੱਕ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਸਰਕਾਰ ਵਲੋਂ ਅਜਿਹੇ ਵਿਅਕਤੀ, ਤਰਜੀਹੀ ਤੌਰ ‘ਤੇ ਮਹਿਲਾਵਾਂ ਜੋ ਵਧੀਆ ਯੋਗਤਾ, ਇਮਾਨਦਾਰੀ ਰੱਖਦੀਆਂ ਹੋਣ, ਜਿਨ੍ਹਾਂ ਨੇ ਮਹਿਲਾਵਾਂ ਦੀ ਭਲਾਈ ਲਈ ਕੰਮ ਕੀਤਾ ਹੈ, ਕਾਨੂੰਨ ਜਾਂ ਵਿਧਾਨ ਦੀ ਉਚਿਤ ਜਾਣਕਾਰੀ ਅਤੇ



ਤਜਰਬਾ ਹੈ, ਮਹਿਲਾਵਾਂ ਦੀ ਪ੍ਰਗਤੀ ਨਾਲ ਸਬੰਧਤ ਮਾਮਲਿਆਂ ਦਾ ਪ੍ਰਬੰਧਨ ਜਾਂ ਮਹਿਲਾਵਾਂ ਦੀ ਸੁਰੱਖਿਆ ਲਈ ਕਿਸੇ ਟਰੇਡ ਯੂਨੀਅਨ ਜਾਂ ਸਵੈ-ਸੇਵੀ ਸੰਗਠਨ ਦੀ ਅਗਵਾਈ, ਮਹਿਲਾਵਾਂ ਦੇ ਸਾਂਝੇ ਹਿੱਤਾਂ ਨੂੰ ਉਠਾਇਆ ਅਤੇ ਪ੍ਰੋਤਸਾਹਿਤ ਕੀਤਾ ਹੈ, ਅਰਜੀ ਦੇਣ ਲਈ ਯੋਗ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਮਹਿਲਾ ਕਮਿਸ਼ਨ ਵਿਚ ਇਕ ਸੀਨੀਅਰ ਉਪ ਚੇਅਰਪਰਸਨ, ਇਕ ਉਪ ਚੇਅਰਪਰਸਨ ਅਤੇ ਦਸ ਮੈਂਬਰਾਂ (ਜਨਰਲ 8 ਅਤੇ ਐੱਸ.ਸੀ 2) ਦੀ ਭਰਤੀ ਕੀਤੀ ਜਾਣੀ ਹੈ, ਤਾਂ ਜੋ ਔਰਤਾਂ ਸਬੰਧੀ ਭਲਾਈ ਸਕੀਮਾਂ ਨੂੰ ਲਾਗੂ ਕਰਕੇ ਸਬੰਧਤਾਂ ਨੂੰ ਲਾਭ ਮਿਲ ਸਕੇ। ਮੰਤਰੀ ਨੇ ਅੱਗੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਪਣਾ ਬਿਨੈਪੱਤਰ ਸਮੇਤ ਬਾਇਓ ਡਾਟਾ ਡਾਇਰੈਕਟੋਰੇਟ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਐੱਸ. ਸੀ. ਓ. ਨੰ:102-103, ਸੈਕਟਰ 34-ਏ ਚੰਡੀਗੜ੍ਹ ਵਿਖੇ ਮਿਤੀ 05 ਫਰਵਰੀ 2024 ਤੱਕ ਜਮ੍ਹਾ ਕਰਵਾ ਸਕਦੇ ਹਨ। ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

## ਐਕਟਿਵਾ ‘ਤੇ ਜਾ ਰਹੇ ਬਜੁਰਗ ਦੀ ਲੱਤ ‘ਤੇ ਲੁਟੇਰਿਆਂ ਨੇ ਮਾਰਿਆ ਦਾਤਰ

ਜਲੰਧਰ 2 ਫਰਵਰੀ। ਥਾਣਾ ਰਾਮਾ ਮੰਡੀ ਸੂਰਿਆ ਇਨਕਲੇਵ ਦੇ ਨੇੜੇ ਪੈਂਦੇ ਇਲਾਕਾ ਭੱਠਾ ਰੋਡ ਨਿਊ ਸੂਰਿਆ ਇਨਕਲੇਵ ਵਿਚ ਸੋਮਵਾਰ ਨੂੰ ਦਿਨ-ਦਿਹਾੜੇ ਸਕੂਟਰੀ ‘ਤੇ ਸਵਾਰ ਇਕ ਬਜੁਰਗ ਵਿਅਕਤੀ ਲੁਟੇਰਿਆਂ ਦਾ ਸਿ਼ਕਾਰ ਹੋ ਗਿਆ। ਲੁਟੇਰਿਆਂ ਨੇ ਉਸ ਦੀ ਲੱਤ ਵਿਚ ਦਾਤਰ ਮਾਰ ਕੇ ਉਸ ਨੂੰ ਹੇਠਾਂ ਸੁੱਟ ਦਿੱਤਾ ਅਤੇ ਉਸ ਦਾ ਬੈਗ ਖੋਹ ਕੇ ਫਰਾਰ ਹੋ ਗਏ। ਇਸ ਵਾਰਦਾਤ ਤੋਂ ਬਾਅਦ ਪੁਲਸ ਨੂੰ ਸਿ਼ਕਾਇਤ ਦੇਣ ਥਾਣੇ ਪਹੁੰਚੇ ਅਸ਼ੋਕ ਕੁਮਾਰ ਕਾਲੀਆ ਪੁੱਤਰ ਤਰਲੋਚਨ ਦਾਸ ਕਾਲੀਆ ਨਿਵਾਸੀ ਨਿਊ ਕਮਲ ਵਿਹਾਰ ਨੇ ਦੱਸਿਆ ਕਿ ਉਹ ਭੱਠਾ ਰੋਡ ‘ਤੇ ਜਾ ਰਹੇ ਸਨ। ਇਸ ਦੌਰਾਨ ਇਕ ਐਕਟਿਵਾ ‘ਤੇ ਸਵਾਰ ਦੋ ਨੌਜਵਾਨਾਂ ਨੇ ਉਸ ਦੇ ਨੇੜੇ ਆ ਕੇ ਆਪਣੇ ਹੱਥ ਵਿਚ ਫੜਿਆ ਹੋਇਆ ਦਾਤ ਉਸ ਦੀ ਸੱਜੀ ਲੱਤ ਵਿਚ ਮਾਰ ਦਿੱਤਾ, ਜਿਸ ਤੋਂ ਬਾਅਦ ਉਹ ਸਮੇਤ ਸਕੂਟਰੀ ਸੜਕ ‘ਤੇ ਡਿੱਗ ਗਿਆ। ਇਸ ਦੌਰਾਨ ਲੁਟੇਰੇ ਉਸ ਦਾ ਬੈਗ ਖੋਹ ਕੇ ਫਰਾਰ ਹੋ ਗਏ। ਅਸ਼ੋਕ ਕਾਲੀਆ ਨੇ ਦੱਸਿਆ ਕਿ ਬੈਗ ਵਿਚ ਵਿੱਦਿਆ ਮੰਦਰ ਦੇ ਕੱਟੇ ਹੋਏ ਵੱਖ ਰਕਮਾਂ ਵਾਲੇ ਚੈਕ ਸਨ। ਇਸ ਤੋਂ ਇਲਾਵਾ ਉਸ ਦੀ ਸਕੂਟਰੀ ਦੀ ਆਰ.ਸੀ. ਵੀ ਸੀ। ਉਸ ਨੇ ਕਿਹਾ ਕਿ ਬੈਗ ਵਿਚ ਕੈਸ ਨਹੀਂ ਸੀ, ਜਦਕਿ ਲੁਟੇਰਿਆਂ ਨੂੰ ਲੱਗਾ ਕਿ ਬੈਗ ਵਿਚ ਕੈਸ ਹੈ, ਇਸ ਲਈ ਉਹ ਬੈਗ ਖੋਹ ਕੇ ਫਰਾਰ ਹੋ ਗਏ।

## ਭਿਆਨਕ ਹਾਦਸੇ ਨੇ ਉਜਾੜਿਆ ਪਰਿਵਾਰ, ਨੌਜਵਾਨ ਦੀ ਦਰਦਨਾਕ ਮੌਤ

ਮੋਗਾ 2 ਫਰਵਰੀ। ਬਾਘਾ ਪੁਰਾਣਾ ਕੋਲ ਪਿੰਡ ਲੰਗੇਆਣਾ ਨਵਾਂ ਕੋਲ ਬੀਤੀ ਦੇਰ ਰਾਤ ਅਣਪਛਾਤੇ ਵ੍ਹੀਕਲ ਦੀ ਲਪੇਟ ਵਿਚ ਆਉਣ ਨਾਲ ਮੋਟਰਸਾਈਕਲ ਚਾਲਕ ਕਰਮਜੀਤ ਸਿੰਘ (32) ਦੀ ਮੌਤ ਹੋ ਗਈ ਜਦਕਿ ਉਸ ਦੇ ਨਾਲ ਬੈਠੇ ਬਿੰਦਰ ਸਿੰਘ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਮੋਗਾ ਦਾਖਲ ਕਰਵਾਇਆ ਗਿਆ। ਇਸ ਸਬੰਧ ਵਿਚ ਮ੍ਰਿਤਕ ਦੇ ਭਰਾ ਸਮੁੰਦਰ ਸਿੰਘ ਨਿਵਾਸੀ ਪਿੰਡ ਨੱਥੂਵਾਲਾ ਗਰਬੀ ਦੀ ਸ਼ਿਕਾਇਤ ‘ਤੇ ਅਣਪਛਾਤੇ ਵ੍ਹੀਕਲ ਚਾਲਕ ਖਿ਼ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਹੌਲਦਾਰ ਹਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਸਮੁੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਕਰਮਜੀਤ ਸਿੰਘ ਆਪਣੇ ਨਾਲ ਬਿੰਦਰ ਸਿੰਘ ਨੂੰ ਲੈ ਕੇ ਰੋਜ਼ਾਨਾ ਦੀ ਤਰ੍ਹਾਂ ਆਪਣੇ ਮੋਟਰਸਾਈਕਲ ਰੇਹੜੇ ‘ਤੇ ਬਿਜਲੀ ਦਾ ਕੰਮ ਕਰਨ ਦੇ ਬਾਅਦ ਵਾਪਸ ਪਿੰਡ ਨੱਥੂਵਾਲਾ




ਗਰਬੀ ਨੂੰ ਆ ਰਹੇ ਸਨ ਤਾਂ ਜਦ ਉਹ ਦੇਰ ਰਾਤ ਪਿੰਡ ਲੰਗੇਆਣਾ ਨਵਾਂ ਦੇ ਕੋਲ ਪਹੁੰਚੇ ਤਾਂ ਇਨ੍ਹਾਂ ਦਾ ਰੇਹੜਾ ਮੋਟਰਸਾਈਕਲ ਨੂੰ ਕਿਸੇ ਅਣਪਛਾਤੇ ਵ੍ਹੀਕਲ ਚਾਲਕ ਨੇ ਟੱਕਰ ਮਾਰੀ ਅਤੇ ਫਰਾਰ ਹੋ ਗਿਆ। ਇਸ ਹਾਦਸੇ ਵਿਚ ਮੇਰੇ ਭਰਾ ਦਾ ਰੇਹੜਾ ਖੱਡੇ ਵਿਚ ਜਾ ਡਿੱਗਿਆ ਅਤੇ ਉਸਦੇ ਸਿਰ ‘ਤੇ ਗੰਭੀਰ ਸੱਟ ਲੱਗੀ, ਜਦਕਿ ਬਿੰਦਰ ਸਿੰਘ ਦੀ ਸੱਜੀ ਬਾਂਹ ਟੁੱਟ ਗਈ। ਇਸ ਘਟਨਾ ਦਾ ਪਤਾ ਸਾਨੂੰ ਸਵੇਰੇ 5 ਵਜੇ ਲੱਗਾ, ਤਾਂ ਅਸੀਂ ਦੋਹਾਂ ਨੂੰ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਬਾਘਾ ਪੁਰਾਣਾ ਪਹੁੰਚਾਇਆ, ਉਥੇ ਡਾਕਟਰਾਂ ਨੇ ਮੇਰੇ ਭਰਾ ਕਰਮਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਨੇ ਕਿਹਾ ਕਿ ਮੇਰੇ ਭਰਾ ਦੀ ਮੌਤ ਅਣਪਛਾਤੇ ਵ੍ਹੀਕਲ ਚਾਲਕ ਵੱਲੋਂ ਲਾਪ੍ਰਵਾਹੀ ਨਾਲ ਗੱਡੀ ਚਲਾਉਣ ਕਾਰਣ ਟੱਕਰ ਹੋਣ ਨਾਲ ਹੋਈ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ ਉਹ ਅਣਪਛਾਤੇ ਵ੍ਹੀਕਲ ਚਾਲਕ ਦੀ ਤਲਾਸ਼ ਕਰ ਰਹੇ ਹਨ। ਲਾਸ਼ ਨੂੰ ਸਿਵਲ ਹਸਪਤਾਲ ਮੋਗਾ ਤੋਂ ਪੋਸਟਮਾਰਟਮ ਦੇ ਬਾਅਦ ਵਾਰਿਸਾਂ ਨੂੰ ਸੌਂਪ ਦਿੱਤਾ ਜਾਵੇਗਾ।

## ਖੰਨਾ ‘ਚ ਧੁੰਦ ਕਾਰਨ ਸਕੂਲੀ ਬੱਸ ਹਾਦਸੇ ਦਾ ਸ਼ਿਕਾਰ, ਮਾਲ ਨਾਲ ਲੱਦੇ ਟਰਾਲੇ ਨੇ ਮਾਰੀ ਟੱਕਰ

ਖੰਨਾ 2 ਫਰਵਰੀ। ਖੰਨਾ ਦੇ ਦੋਰਾਹਾ ‘ਚ ਅੱਜ ਸੰਘਣੀ ਧੁੰਦ ਦੇ ਚੱਲਦਿਆਂ ਦਰਦਨਾਕ ਹਾਦਸਾ ਵਾਪਰਿਆ। ਇਸ ਦੌਰਾਨ ਟਰਾਲੇ ਨੇ ਇਕ ਸਕੂਲੀ ਬੱਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਬੱਸ ਪਲਟ ਗਈ। ਹਾਦਸੇ ਦੇ ਸਮੇਂ ਬੱਸ ‘ਚ 2 ਬੱਚੇ, ਡਰਾਈਵਰ ਅਤੇ ਹੈਲਪਰ ਸਵਾਰ ਸਨ। ਜਾਣਕਾਰੀ ਮੁਤਾਬਕ ਇਕ ਨਿੱਜੀ ਸਕੂਲ ਦੀ ਬੱਸ ਦੋਰਾਹਾ ਤੋਂ ਬੱਚਿਆਂ ਨੂੰ ਲੈਣ ਮਗਰੋਂ ਨਹਿਰ ਵਾਲੀ ਸੜਕ ‘ਤੇ ਗੁਰਦੁਆਰਾ ਸਾਹਿਬ ਕੋਲ ਖੜ੍ਹੀ ਸੀ। ਇਕ ਅਧਿਆਪਕ ਨੂੰ ਚੜ੍ਹਾਉਣ ਲਈ ਬੱਸ ਉੱਥੇ ਰੁਕੀ ਸੀ। ਇਸ ਦੌਰਾਨ ਪਿੱਛਿਓਂ ਮਾਲ ਨਾਲ ਭਰਿਆ ਇਕ ਟਰਾਲਾ ਆਇਆ। ਇਸ ਦੌਰਾਨ ਇਕ ਵੈਨ ਨੂੰ ਓਵਰਟੇਕ ਕਰਦੇ ਹੋਏ ਟਰਾਲੇ ਨੇ ਬੱਸ ਨੂੰ ਟੱਕਰ ਮਾਰ ਦਿੱਤੀ। ਇਸ ਟੱਕਰ ਦੌਰਾਨ ਬੱਸ ਪਲਟ ਗਈ ਪਰ ਚੰਗੀ ਗੱਲ ਇਹ ਰਹੀ ਕਿ ਹਾਦਸੇ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਸੰਘਣੀ ਧੁੰਦ ਦੇ ਕਾਰਨ ਵਾਪਰਿਆ ਹੈ। ਬੱਸ ਡਰਾਈਵਰ ਨੇ ਕਿਹਾ ਕਿ ਉਸ ਬੱਸ ਨੂੰ ਸੜਕ ਕਿਨਾਰੇ ਖੜ੍ਹਾ ਕੀਤਾ ਸੀ। ਦੋਰਾਹਾ ਥਾਣਾ ਦੇ ਐੱਸ. ਐੱਚ. ਓ. ਵਿਜੇ ਕੁਮਾਰ ਸੂਚਨਾ ਮਿਲਦੇ ਹੀ ਮੌਕੇ ‘ਤੇ ਪਹੁੰਚੇ। ਪੁਲਸ ਨੇ ਦੋਹਾਂ ਪੱਖਾਂ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਬਰਨਾਲਾ-ਬਠਿੰਡਾ ਕੌਮੀ ਮਾਰਗ ‘ਤੇ ਵਾਪਰਿਆ ਭਿਆਨਕ ਹਾਦਸਾ, ਡੋਲੀ ਵਾਲੀ ਕਾਰ ਹੋਈ ਚਕਨਾਚੂਰ

ਬਰਨਾਲਾ 2 ਫਰਵਰੀ। ਬਰਨਾਲਾ-ਬਠਿੰਡਾ ਕੌਮੀ ਮਾਰਗ ਤਪਾ ਮੰਡੀ ‘ਤੇ ਧੁੰਦ ਕਾਰਨ 4 ਵਾਹਨਾਂ ਦੀ ਟੱਕਰ ਹੋਣ ਕਾਰਨਾਂ ਭਆਨਕ ਹਾਦਸਾ ਵਾਪਰ ਗਿਆ। ਸੜਕ ਹਾਦਸੇ ‘ਚ ਵਿਆਹ ਦੀ ਕਾਰ ਵੀ ਚਕਨਾਚੂਰ ਹੋਈ ਹੈ, ਜਿਸ ਵਿਚ ਲਾੜਾ-ਲਾੜੀ ਮੌਜੂਦ ਸਨ। ਦੱਸਿਆ ਜਾ ਰਿਹਾ ਹੈ ਕਿ ਹਨੂੰਮਾਨਗੜ੍ਹ ਤੋਂ ਪਰਿਵਾਰ ਪਟਿਆਲਾ ਵਿਖੇ ਵਿਆਹ ਲਈ ਆਇਆ ਸੀ। ਫਿਲਹਾਲ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ ਜਦਕਿ ਵਾਹਨ ਨੁਕਸਾਨੇ ਗਏ ਹਨ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸੜਕ ਹਾਦਸੇ ਦਾ ਸਿ਼ਕਾਰ ਹੋਏ ਕਾਰ ਚਾਲਕ ਨੇ ਦੱਸਿਆ ਕਿ ਉਹ ਆਪਣੇ ਵਿਆਹ ਦੀ ਬਾਰਾਤ ਤੋਂ ਵਾਪਸ ਪਟਿਆਲਾ ਤੋਂ ਹਨੂੰਮਾਨਗੜ੍ਹ (ਰਾਜਸਥਾਨ) ਜਾ ਰਿਹਾ ਸੀ। ਜਦੋਂ ਉਹ ਬਠਿੰਡਾ ਵੱਲ ਤਪਾ ਮੰਡੀ ਦੇ ਪੁਲ ਕੋਲ ਪਹੁੰਚੇ ਤਾਂ ਸਾਹਮਣੇ ਇਕ ਟੁੱਟਾ ਟਰੱਕ ਖੜ੍ਹਾ ਸੀ, ਜਿਸ ਕਾਰਨ ਅਚਾਨਕ ਵਾਹਨਾਂ ਦੀ ਆਪਸ ਵਿਚ ਟੱਕਰ ਹੋ ਗਈ। ਕੁੱਲ 4 ਵਾਹਨਾਂ ਦੇ ਆਪਸੀ




ਸੜਕ ਹਾਦਸਿਆਂ ਵਿੱਚ ਲੱਖਾਂ ਦਾ ਨੁਕਸਾਨ ਹੋ ਗਿਆ ਹੈ ਪਰ ਜਾਨਾਂ ਬਚਾਈਆਂ ਜਾ ਰਹੀਆਂ ਹਨ। ਇਸ ਮੌਕੇ ਪੀੜਤ ਲੋਕਾਂ ਨੇ ਸੜਕ ਹਾਦਸੇ ਲਈ ਜਿ਼ੰਮੇਵਾਰ ਵਿਅਕਤੀਆਂ ਖਿ਼ਲਾਫ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸੜਕ ਹਾਦਸੇ ਵਿੱਚ 4 ਵਾਹਨਾਂ ਦਾ ਲੱਖਾਂ ਦਾ ਨੁਕਸਾਨ ਹੋਇਆ ਹੈ। ਉਥੇ ਹੀ ਦੂਜੇ ਪਾਸੇ ਤਪਾ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਖਰਾਬ ਹੋਏ ਵਾਹਨਾਂ ਨੂੰ ਇਕ ਪਾਸੇ ਕਰ ਦਿੱਤਾ ਗਿਆ ਹੈ ਅਤੇ ਟ੍ਰੈਫਿਕ ਨੂੰ ਖੁੱਲ੍ਹਵਾਇਆ ਗਿਆ ਹੈ ਤਾਂ ਜੋ ਕੋਈ ਹੋਰ ਵੱਡਾ ਹਾਦਸਾ ਨਾ ਵਾਪਰੇ। ਮੌਕੇ ‘ਤੇ ਪਹੁੰਚੇ ਪੁਲਸ ਅਧਿਕਾਰੀ ਗੁਰਪਿਆਰ ਸਿੰਘ ਨੇ ਦੱਸਿਆ ਕਿ ਸੜਕ ਹਾਦਸਾ ਧੁੰਦ ਕਾਰਨ ਵਾਪਰਿਆ ਹੈ

## ਤੇਜ਼ ਰਫਤਾਰ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਖੰਭੇ ਨਾਲ ਟਕਰਾਈ

ਅਬੋਹਰ 2 ਫਰਵਰੀ। ਅੱਜ ਸਵੇਰੇ ਸਥਾਨਕ ਕੰਧਵਾਲਾ ਰੋਡ ‘ਤੇ ਇਕ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਖੰਭੇ ਨਾਲ ਟਕਰਾ ਕੇ ਹਾਦਸੇ ਦੇ ਸ਼ਿਕਾਰ ਹੋ ਗਈ। ਇਸ



ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਜਾਣਕਾਰੀ ਅਨੁਸਾਰ ਅੱਜ ਸਵੇਰੇ ਇੱਕ ਤੇਜ਼ ਰਫ਼ਤਾਰ ਕਾਰ ਕੰਧਵਾਲਾ ਰੋਡ ਤੋਂ ਸ਼ਹਿਰ ਵੱਲ ਆ ਰਹੀ ਸੀ ਕਿ ਹੋਲੀਹਾਰਟ ਸਕੂਲ ਨੇੜੇ ਅਚਾਨਕ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਇਸ ਕਾਰਨ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਖੰਭਾ ਵੀ ਨੁਕਸਾਨਿਆ ਗਿਆ। ਇਸ ਦੌਰਾਨ ਇਲਾਕੇ ਦੀ ਬਿਜਲੀ ਸਪਲਾਈ ਠੱਪ ਹੋ ਗਈ। ਖੁਸ਼ਕਿਸਮਤੀ ਰਹੀ ਕਿ ਇਸ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਦੱਸਣਯੋਗ ਹੈ ਕਿ ਇਸ ਮਾਰਗ ‘ਤੇ ਕਈ ਸਕੂਲ ਪੈਂਦੇ ਹਨ ਜੇਕਰ ਛੁੱਟੀ ਦਾ ਸਮਾਂ ਹੁੰਦਾ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

## ਖਾਣਾ ਦੇਣਾ ਭੁੱਲੇ ਤਾਂ ਰੋਟਵਿਲਰ ਕੁੱਤੇ ਨੇ ਮਾਲਕ ਨੂੰ ਨੋਚ ਖਾਧਾ, ਸਰੀਰ ‘ਤੇ ਕੀਤੇ 60 ਤੋਂ ਜਿਆਦਾ ਜਖਮ

ਗਵਾਲੀਅਰ 2 ਫਰਵਰੀ। ਇਕ ਪਾਲਤੂ ਕੁੱਤੇ ਵਲੋਂ ਆਪਣੇ ਮਾਲਕ ਦੇ ਸਰੀਰ ਨੂੰ ਬੁਰੀ ਤਰ੍ਹਾਂ ਨੋਚਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਲਕ ਦੇ ਸਰੀਰ ‘ਤੇ 60 ਤੋਂ ਜਿ਼ਆਦਾ ਜਖਮ ਹਨ। ਪਾਲਤੂ ਕੁੱਤਾ ਬਜੁਰਗ ਮਾਲਕ ‘ਤੇ ਇਸ ਕਦਰ ਭੜਕਿਆ ਕਿ ਉਸ ਦੇ ਹੱਥਾਂ ਅਤੇ ਪੈਰਾਂ ਤੋਂ ਮਾਸ ਨੋਚਦਾ ਰਿਹਾ ਅਤੇ ਬੇਬੱਸ ਮਾਲਕ ਆਪਣੀ ਜਾਨ ਬਚਾਉਣ ਲਈ ਕੋਸ਼ਿਸ਼ ਕਰਦਾ ਹੈ। ਸ਼ੁਕਰ ਹੈ ਕਿ ਬਜੁਰਗ ਦੇ ਪੁੱਤਰ ਨੇ ਪਿਤਾ ਦੀ ਚੀਕ ਸੁਣ ਲਈ ਅਤੇ ਕਿਸੇ ਤਰ੍ਹਾਂ ਪਾਲਤੂ ਕੁੱਤੇ ਨੂੰ ਕਾਬੂ ਕਰ ਕੇ ਉਸ ਦੀ ਜਾਨ ਬਚਾਈ। ਦਿਲ ਦਹਿਲਾਉਣ ਵਾਲਾ ਇਹ ਮਾਮਲਾ ਮੱਧ ਪ੍ਰਦੇਸ਼ ਦੇ ਗਵਾਲੀਅਰ ਦਾ ਹੈ। ਜਿੱਥੇ ਰਾਕਸੀ ਪੁਲ ਦੇ ਰਹਿਣ ਵਾਲੇ 63 ਸਾਲਾ ਤੇਜੇਂਦਰ ਘੋਰਪਡੇ ਨੇ ਆਪਣੇ ਘਰ ਰੋਟਵਿਲਰ ਨਸਲ ਦਾ ਕੁੱਤਾ ਪਾਲ ਰੱਖਿਆ ਹੈ। ਸੋਮਵਾਰ ਨੂੰ ਤੇਜੇਂਦਰ ਘੋਰਪਡੇ ਆਪਣੇ ਪਾਲਤੂ ਕੁੱਤੇ ਨੂੰ ਦੁਪਹਿਰ ਦਾ ਖਾਣਾ ਦੇਣਾ ਭੁੱਲ ਗਏ। ਰਾਤ ਨੂੰ ਉਨ੍ਹਾਂ ਯਾਦ ਆਇਆ ਕਿ ਉਨ੍ਹਾਂ ਨੇ ਆਪਣੇ ਕੁੱਤੇ ਨੂੰ ਖਾਣਾ ਨਹੀਂ ਦਿੱਤਾ ਤਾਂ ਉਹ ਕਰੀਬ 12 ਵਜੇ ਆਪਣੇ ਕੁੱਤੇ ਖਾਣਾ ਦੇਣ ਪਹੁੰਚ ਗਏ। ਦੂਜੇ ਪਾਸੇ ਭੁੱਖ ਕਾਰਨ ਕੁੱਤੇ ਨੇ ਤੇਜੇਂਦਰ ਘੋਰਪਡੇ ‘ਤੇ ਹਮਲਾ ਕਰ ਦਿੱਤਾ। ਕੁੱਤੇ ਨੇ ਤੇਜੇਂਦਰ ਨੂੰ ਜਗ੍ਹਾ-ਜਗ੍ਹਾ ਵੱਢਣਾ ਅਤੇ ਆਪਣੇ ਦੰਦਾਂ ਨਾਲ ਮਾਸ ਖਿੱਚਣਾ ਸ਼ੁਰੂ ਕਰ ਦਿੱਤਾ। ਤੇਜੇਂਦਰ ਆਪਣੇ ਕੁੱਤੇ ਦੇ ਇਸ ਰਵੱਈਏ ਤੋਂ ਡਰ ਗਏ। ਇਸ ਵਿਚ ਕੁੱਤਾ ਹੋਰ ਜਿ਼ਆਦਾ ਹਿੰਸਕ ਹੋ ਗਿਆ ਅਤੇ ਉਸ ਨੇ ਮਾਲਕ ਦੇ ਪੈਰ ਅਤੇ ਹੱਥਾਂ ਦਾ ਮਾਸ ਆਪਣੇ ਦੰਦਾਂ ਨਾਲ ਨੋਚਣਾ ਸ਼ੁਰੂ ਕਰ ਦਿੱਤਾ। ਤੇਜੇਂਦਰ ਦੀ ਚੀਕ ਸੁਣ ਕੇ ਉਨ੍ਹਾਂ ਦੇ ਪੁੱਤ ਅਮਿਤ ਮੌਕੇ ‘ਤੇ ਪਹੁੰਚਿਆ ਤਾਂ ਉਸ ਨੇ ਦੇਖਿਆ ਕਿ ਕੁੱਤਾ ਉਸ ਦੇ ਪਿਤਾ ਨੂੰ ਨੋਚ ਰਿਹਾ ਸੀ ਅਤੇ



ਪਿਤਾ ਖੁਦ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਬਾਅਦ ਅਮਿਤ ਨੇ ਕੁੱਤੇ ਦੇ ਗਲੇ ਦੇ ਪੱਟੇ ਨੂੰ ਫੜ ਕੇ ਉਸ ਨੂੰ ਕਾਬੂ ‘ਚ ਲਿਆ ਪਰ ਉਦੋਂ ਤੱਕ ਤੇਜੇਂਦਰ ਦੇ ਸਰੀਰ ‘ਤੇ 60 ਤੋਂ ਜਿ਼ਆਦਾ ਡੂੰਘੇ ਜਖਮ ਹੋ ਚੁੱਕੇ ਸਨ। ਖੂਨ ਨਾਲ ਲੱਥਪੱਥ ਪਿਤਾ ਨੂੰ ਲੈ ਕੇ ਅਮਿਤ ਤੁਰੰਤ ਹਸਪਤਾਲ ਪਹੁੰਚਿਆ, ਜਿੱਥੇ ਸਰਜੀਕਲ ਵਾਰਡ ‘ਚ ਤੇਜੇਂਦਰ ਦਾ ਇਲਾਜ ਜਾਰੀ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਭੁੱਖ ਕਾਰਨ ਹੀ ਰੋਟਵਿਲਰ ਨਸਲ ਦਾ ਇਹ ਕੁੱਤਾ ਇੰਨਾ ਹਿੰਸਕ ਹੋ ਗਿਆ ਸੀ। ਇਸ ਲਈ ਉਸ ਨੇ ਆਪਣੇ ਮਾਲਕ ‘ਤੇ ਹਮਲਾ ਕਰ ਦਿੱਤਾ। ਦੱਸਣਯੋਗ ਹੈ ਕਿ ਪਿਟਬੁੱਲ ਤੋਂ ਬਾਅਦ ਰੋਟਵਿਲਰ ਅਜਿਹਾ ਦੂਜਾ ਹਿੰਸਕ ਨਸਲ ਦਾ ਕੁੱਤਾ ਹੈ, ਜੋ ਆਪਣੇ ਮਾਲਕ ਤੱਕ ‘ਤੇ ਹਮਲਾ ਕਰ ਦਿੰਦਾ ਹੈ। ਇਸ ਲਈ ਘਰਾਂ ‘ਚ ਕੁੱਤਾ ਰੱਖਣ ਤੋਂ ਪਹਿਲਾਂ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ।

### ਚੰਡੀਗੜ੍ਹ ਮੇਅਰ ਚੋਣ ਨੂੰ ਲੈ ਕੇ ਹਾਈਕੋਰਟ ‘ਚ ਸੁਣਵਾਈ, ਪ੍ਰਸ਼ਾਸਨ ਤੋਂ ਮੰਗਿਆ ਜਵਾਬ

ਚੰਡੀਗੜ੍ਹ 2 ਫਰਵਰੀ। ਚੰਡੀਗੜ੍ਹ ਮੇਅਰ ਚੋਣ ਦੇ ਨਤੀਜਿਆਂ ਖਿ਼ਲਾਫ ਪਾਈ ਗਈ ਪਟੀਸ਼ਨ ‘ਤੇ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ‘ਚ ਸੁਣਵਾਈ ਹੋਈ। ਇਸ ਦੌਰਾਨ ਅਦਾਲਤ ਨੇ ਚੰਡੀਗੜ੍ਹ ਨਗਰ ਨਿਗਮ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਹੈ। ਹਾਈਕੋਰਟ ਨੇ ਜਵਾਬ ਦਾਖਲ ਕਰਨ ਲਈ 3 ਹਫਤਿਆਂ ਦਾ ਸਮਾਂ ਮੰਗਿਆ ਹੈ। ਇਸ ਮਾਮਲੇ ‘ਤੇ ਹੁਣ 3 ਹਫਤਿਆਂ ਬਾਅਦ ਸੁਣਵਾਈ ਹੋਵੇਗੀ। ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਉਮੀਦਵਾਰ ਕੁਲਦੀਪ ਕੁਮਾਰ ਨੇ ਮੇਅਰ ਚੋਣ ਨਤੀਜਿਆਂ ‘ਤੇ ਰੋਕ ਲਾਉਣ ਦੀ ਮੰਗ ਕੀਤੀ ਸੀ ਪਰ ਹਾਈਕੋਰਟ ਨੇ ਇਸ ‘ਤੇ ਕੋਈ ਸਟੇਅ ਨਹੀ ਲਾਈ। ਪਟੀਸ਼ਨਰ ਕੁਲਦੀਪ ਕੁਮਾਰ ਨੇ ਅਦਾਲਤ ਨੂੰ ਕਿਹਾ ਸੀ ਕਿ ਮੇਅਰ ਚੋਣ ਪ੍ਰਕਿਰਿਆ ‘ਚ ਵੱਡੀ ਗੜਬੜੀ ਕੀਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸਕੂਲੀ ਬੱਸ ਅਤੇ ਟਰੈਕਟਰ ਵਿਚਕਾਰ ਹੋਈ ਜਬਰਦਸਤ ਟੱਕਰ, 4 ਵਿਦਿਆਰਥੀਆਂ ਦੀ ਮੌਤ

ਬਾਗਲਕੋਟ 2 ਫਰਵਰੀ। ਕਰਨਾਟਕ ਦੇ ਬਾਗਲਕੋਟ ਜ਼ਿਲ੍ਹੇ 'ਚ ਇਕ ਸਕੂਲ ਬੱਸ ਅਤੇ ਟਰੈਕਟਰ ਦੀ ਟੱਕਰ 'ਚ ਇਕ ਕੁੜੀ ਸਮੇਤ 4 ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ 8 ਹੋਰ ਜਖਮੀ ਹੋ ਗਏ। ਇਹ



ਘਟਨਾ ਜ਼ਿਲ੍ਹੇ ਦੇ ਜਾਮਖੰਡੀ ਸ਼ਹਿਰ ਦੇ ਨੇੜੇ ਸਥਿਤ ਅਲਾਗੁਰ ਪਿੰਡ ਨੇੜੇ ਤੜਕਸਾਰ ਵਾਪਰੀ। ਸਕੂਲ ਦੀ ਸਾਲਾਨਾ ਸਭਾ ਮਗਰੋਂ ਵਿਦਿਆਰਥੀ ਪਿੰਡ ਸਥਿਤ ਆਪਣੇ ਘਰ ਪਰਤ ਰਹੇ ਸਨ। ਮ੍ਰਿਤਕਾਂ ਦੀ ਪਛਾਣ 17 ਸਾਲਾ ਸਾਗਰ ਕਡਕੋਲ ਅਤੇ ਬਸਵਰਾਜ, 13 ਸਾਲਾ ਸ਼ਵੇਤਾ ਅਤੇ ਗੋਵਿੰਦ ਦੇ ਰੂਪ ਵਿਚ ਹੋਈ ਹੈ। ਇਹ ਸਾਰੇ ਕਵਾਤਾਗੀ ਪਿੰਡ ਦੇ ਵਸਨੀਕ ਸਨ। ਵਿਦਿਆਰਥੀ ਅਲਾਗੁਰ ਸਥਿਤ ਵਰਧਮਾਨ ਐਜੂਕੇਸ਼ਨ ਇੰਸਟੀਚਿਊਟ 'ਚ ਪੜ੍ਹ ਰਹੇ ਸਨ। ਸਾਗਰ ਅਤੇ ਬਸਵਰਾਜ ਦੇ ਵਿਦਿਆਰਥੀ ਸਨ, ਜਦਕਿ ਸ਼ਵੇਤਾ ਅਤੇ ਗੋਵਿੰਦ 9ਵੀਂ ਜਮਾਤ ਵਿਚ ਪੜ੍ਹਦੇ ਸਨ। ਪੁਲਸ ਅਜੇ ਤੱਕ ਇਹ ਪਤਾ ਨਹੀਂ ਲਾ ਸਕੀ ਕਿ ਹਾਦਸਾ ਕਿਵੇਂ ਵਾਪਰਿਆ। ਉਧਰ ਆਬਕਾਰੀ ਮੰਤਰੀ ਆਰ. ਬੀ. ਥਿਮਾਪੁਰ, ਜੋ ਕਿ ਬਾਗਲਕੋਟ ਦੇ ਜ਼ਿਲ੍ਹਾ ਇੰਚਾਰਜ ਮੰਤਰੀ ਵੀ ਹਨ, ਦੁਖੀ ਪਰਿਵਾਰਾਂ ਨੂੰ ਦਿਲਾਸਾ ਦੇਣ ਲਈ ਪਿੰਡ ਦਾ ਦੌਰਾ ਕਰਨਗੇ ਅਤੇ ਹਸਪਤਾਲ ਵਿਚ ਜਖਮੀ ਵਿਦਿਆਰਥੀਆਂ ਨੂੰ ਵੀ ਮਿਲਣਗੇ। ਜਾਂਚ ਜਾਰੀ ਹੈ।

# ਸੜਕ ਪਾਰ ਕਰਦੇ ਪਰਿਵਾਰ ਨੂੰ ਟਰੱਕ ਨੇ ਕੁਚਲਿਆ, ਟਾਇਰ ਹੇਠਾਂ ਆਉਣ ਨਾਲ 6 ਸਾਲਾ ਬੱਚੀ ਦੀ ਹੋਈ ਦਰਦਨਾਕ ਮੌਤ

ਲੁਧਿਆਣਾ 2 ਫਰਵਰੀ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਜੱਸੀਆਂ ਚੌਕ ਕੋਲ ਨੈਸ਼ਨਲ ਹਾਈਵੇ 'ਤੇ ਸੜਕ ਕੰਢੇ ਖੜ੍ਹੇ ਇਕ ਪਰਿਵਾਰ ਨੂੰ ਤੇਜ਼ ਰਫਤਾਰ ਬੇਕਾਬੂ ਟਰੱਕ ਵੱਲੋਂ ਕੁਚਲ ਦੇਣ ਦੀ ਖਬਰ ਮਿਲੀ ਹੈ। ਇਹ ਘਟਨਾ ਸ਼ਾਮ 4 ਵਜੇ ਦੇ ਕਰੀਬ ਦੀ ਦੱਸੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਗੁਰੂ ਹਰਿਰਾਏ ਨਗਰ ਦੇ ਨੇੜੇ ਰਹਿਣ ਵਾਲਾ ਚੰਦਨ ਕੁਮਾਰ ਆਪਣੀ ਪਤਨੀ ਪੂਜਾ ਕੁਮਾਰੀ, 6 ਸਾਲ ਦੀ ਬੇਟੀ ਰੀਆ ਕੁਮਾਰੀ ਅਤੇ 4 ਸਾਲ ਦੇ ਬੇਟੇ ਯਸ਼ ਕੁਮਾਰ ਨਾਲ ਸੜਕ ਪਾਰ ਕਰਨ ਲਈ ਨੈਸ਼ਨਲ ਹਾਈਵੇ ਦੀ ਸੜਕ ਦੇ ਕੰਢੇ 'ਤੇ ਖੜ੍ਹਾ ਹੋਇਆ ਸੀ। ਇਸ ਦੌਰਾਨ ਲੁਧਿਆਣਾ ਵੱਲੋਂ ਇਕ ਤੇਜ਼ ਰਫਤਾਰ ਬੇਕਾਬੂ ਟਰੱਕ ਅਚਾਨਕ ਉਨ੍ਹਾਂ ਵੱਲ ਆਇਆ। ਇੰਨੇ 'ਚ ਉਹ ਪਤੀ-ਪਤਨੀ ਥੋੜ੍ਹੇ ਪਿੱਛੇ ਹੋ ਗਏ ਪਰ ਉਨ੍ਹਾਂ ਦੀ ਧੀ ਅਤੇ ਪੁੱਤ ਨੂੰ ਟਰੱਕ ਨੇ ਬੁਰੀ ਤਰ੍ਹਾਂ ਟਾਈਰਾਂ ਥੱਲੇ ਕੁਚਲ ਦਿੱਤਾ, ਜਿਸ ਕਾਰਨ 6 ਸਾਲਾ ਬੱਚੀ ਰੀਆ ਦੇ ਚੀਥੜੇ ਉੱਡ ਗਏ ਅਤੇ 4



ਸਾਲ ਦੇ ਬੱਚੇ ਯਸ਼ ਦੀ ਪਿੱਠ ਦੇ ਉੱਪਰੋਂ ਟਾਇਰ ਗੁਜ਼ਰ ਗਿਆ। ਹਾਦਸੇ 'ਚ 6 ਸਾਲਾ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 4 ਸਾਲ ਦੇ ਯਸ਼ ਨੂੰ ਗੰਭੀਰ ਹਾਲਤ 'ਚ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਦੂਜੇ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਏ.ਸੀ.ਪੀ. ਨਾਰਥ ਜੈਅੰਤਪੁਰੀ, ਸਹਾਇਕ ਥਾਣਾ ਮੁਖੀ ਜਤਿੰਦਰ ਸਿੰਘ ਮੌਕੇ 'ਤੇ ਪੁੱਜੇ ਅਤੇ ਮ੍ਰਿਤਕ ਬੱਚੀ ਦੀ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਭਿਜਵਾ ਦਿੱਤੀ ਗਈ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਮੌਕੇ 'ਤੇ ਵਾਹਨ ਛੱਡ ਕੇ ਫਰਾਰ ਹੋ ਗਿਆ। ਹਾਲ ਦੀ ਘੜੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਹਾਦਸਾ ਹੋਣ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਸਰਕਾਰੀ 108 ਐਂਬੂਲੈਂਸ ਨੂੰ ਸੂਚਨਾ ਦੇ ਦਿੱਤੀ ਸੀ ਪਰ ਹਾਦਸਾ ਹੋਣ ਤੋਂ ਡੇਢ ਘੰਟੇ ਬਾਅਦ ਐਂਬੂਲੈਂਸ ਗੱਡੀ ਪੁੱਜੀ, ਉਦੋਂ ਤੱਕ ਰਾਹਗੀਰਾਂ ਦੀ ਮਦਦ ਨਾਲ ਥ੍ਰੀ-ਵ੍ਹੀਲਰ ਰਾਹੀਂ ਗੰਭੀਰ ਜ਼ਖਮੀ 4 ਸਾਲਾ ਲੜਕੇ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਜਾ ਚੁੱਕਾ ਸੀ। ਜਦੋਂ ਡੇਢ ਘੰਟੇ ਬਾਅਦ ਐਂਬੂਲੈਂਸ ਪੁੱਜੀ ਤਾਂ ਲੋਕਾਂ ਨੇ ਭਾਰੀ ਰੋਸ ਜਤਾਇਆ, ਜਿਸ 'ਤੇ ਚਾਲਕ ਨੇ ਕਿਹਾ ਕਿ ਉਹ ਦੁੱਗਰੀ ਤੋਂ ਆਇਆ ਹੈ ਅਤੇ ਉਨ੍ਹਾਂ ਨੂੰ 60 ਕਿਲੋਮੀਟਰ ਤੱਕ ਦੀ ਸਪੀਡ ਤੱਕ ਐਂਬੂਲੈਂਸ ਚਲਾਉਣ ਦੇ ਨਿਰਦੇਸ਼ ਹਨ। ਸ਼ਹਿਰ 'ਚ ਜ਼ਿਆਦਾ ਟ੍ਰੈਫਿਕ ਹੋਣ ਕਾਰਨ ਆਉਣ 'ਚ ਦੇਰ ਹੋ ਗਈ।

## ਮਾਂ ਦੀ ਮੌਤ ਦਾ ਸਦਮਾ ਨਹੀਂ ਸਹਾਰ ਸਕਿਆ ਪੁੱਤਰ, ਇਕੱਠੇ ਬਲੀਆਂ ਮਾਂ-ਪੁੱਤ ਦੀਆਂ ਚਿਖਾਵਾਂ

ਸੋਨੀਪਤ 2 ਫਰਵਰੀ। ਹਰਿਆਣਾ ਦੇ ਸੋਨੀਪਤ 'ਚ ਬਜ਼ੁਰਗ ਮਾਂ ਦੀ ਮੌਤ ਦਾ ਸਦਮਾ ਪੁੱਤਰ ਸਹਾਰ ਨਹੀਂ ਸਕਿਆ। ਪਰਿਵਾਰ ਬਜ਼ੁਰਗ ਔਰਤ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ 'ਚ ਲੱਗਾ ਸੀ, ਉਸੇ ਦੌਰਾਨ ਮ੍ਰਿਤਕ ਔਰਤ ਦੇ ਪੁੱਤਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।





ਜਿਸਤੋਂ ਬਾਅਦ ਪਰਿਵਾਰ ਨੂੰ ਮਾਂ-ਪੁੱਤ ਦੀਆਂ ਚਿਖਾਵਾਂ ਇਕੱਠੀਆਂ ਹੀ ਬਾਲਣੀਆਂ ਪਈਆਂ। ਦੱਸ ਦੇਈਏ ਕਿ ਸੋਨੀਪਤ ਦੇ ਸੁੰਦਰ ਮੁਹੱਲਾ ਨਿਵਾਸੀ 84 ਸਾਲਾ ਸਾਵਿਤਰੀ ਦੇਵੀ ਦਾ ਐਤਵਾਰ ਨੂੰ ਕਰੀਬ 3.30 ਵਜੇ ਦੇਹਾਂਤ ਹੋ ਗਿਆ ਸੀ। ਸ਼ਾਮ ਹੋਣ ਦੇ ਚਲਦੇ ਰਿਸ਼ਤੇਦਾਰ ਸਮੇਂ ਸਿਰ ਨਹੀਂ ਪਹੁੰਚ ਸਕੇ। ਅਜਿਹੇ 'ਚ ਉਸਦਾ ਸੰਸਕਾਰ ਸੋਮਵਾਰ ਸਵੇਰੇ ਕਰਨਾ ਤੈਅ ਹੋਇਆ। ਸਵੇਰੇ 10 ਵਜੇ ਸਾਵਿਤਰੀ ਦੇਵੀ ਦੇ ਪੁੱਤਰ ਪ੍ਰਮੋਦ ਕੁਮਾਰ (51) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਦੱਸ ਦੇਈਏ ਕਿ ਪ੍ਰਮੋਦ ਕੁਮਾਰ ਦੀ ਪਤਨੀ ਮੋਨੀਕਾ ਦਾ ਦੇਹਾਂਤ 2015 'ਚ ਹੋ ਗਿਆ ਸੀ। ਉਸਤੋਂ ਬਾਅਦ ਪ੍ਰਮੋਦ ਕੁਮਾਰ ਨੇ ਸਾਲ 2016 'ਚ ਪਾਰੁਲ ਨਾਲ ਦੂਜਾ ਵਿਆਹ ਕਰਵਾ ਲਿਆ ਸੀ ਪਰ ਕੁਝ ਸਮੇਂ ਬਾਅਦ ਉਹ ਉਸਤੋਂ ਵੱਖ ਰਹਿਣ ਲੱਗੀ ਸੀ। ਸੋਮਵਾਰ ਸ਼ਾਮ ਦੇ ਕਰੀਬ 5 ਵਜੇ ਮਾਂ-ਪੁੱਤ ਦੀਆਂ ਲਾਸ਼ਾਂ ਨੂੰ ਇਕੱਠਿਆਂ ਸ਼ਮਸ਼ਾਨ ਘਾਟ ਲਿਜਾਇਆ ਗਿਆ ਅਤੇ ਦੋਵਾਂ ਦਾ ਇਕੱਠਿਆਂ ਅੰਤਿਮ ਸੰਸਕਾਰ ਕੀਤਾ ਗਿਆ।

## ਪੁੱਤ ਕਹਿੰਦਾ ਮਾਂ ਹੁਣ ਮੈਂ ਸੈੱਟ ਹੋ ਗਿਆ ਵਧੀਆ ਜਿੰਦਗੀ ਜੀਵਾਂਗੇ, ਅਗਲੇ ਦਿਨ ਹੀ ਵਾਪਰ ਗਿਆ ਭਾਣਾ

ਪਟਿਆਲ 2 ਫਰਵਰੀ। ਪਟਿਆਲਾ ਦੇ ਵਿਕਾਸ ਨਗਰ ਦਾ ਰਹਿਣ ਵਾਲਾ 29 ਸਾਲ ਦਾ ਨੌਜਵਾਨ ਹਕੀਕਤ ਸਿੰਘ ਜੋ ਇੱਕ ਸਾਲ ਪਹਿਲਾਂ ਚੰਗੇ ਭਵਿੱਖ ਲਈ ਸਟੱਡੀ ਵੀਜੇ 'ਤੇ ਕੈਨੇਡਾ ਗਿਆ ਸੀ। ਹਕੀਕਤ ਸਿੰਘ ਕੈਨੇਡਾ ਵਿਖੇ ਬਰੈਂਪਟਨ ਸ਼ਹਿਰ ਵਿਚ ਰਹਿ ਰਿਹਾ ਸੀ ਜਿੱਥੇ ਉਸ ਨਾਲ 14 ਜਨਵਰੀ ਨੂੰ ਵੱਡਾ ਹਾਦਸਾ ਵਾਪਰ ਗਿਆ, ਜਿਸ ਵਿਚ ਉਸ ਦੀ ਮੌਤ ਹੋ



ਗਈ। ਦੱਸ ਦੇਈਏ ਕਿ ਹਕੀਕਤ ਦੀ ਉੱਥੇ ਬਰਫ ਵਿਚ ਗੱਡੀ ਫਿਸਲਣ ਨਾਲ ਵਾਪਰੇ ਹਾਦਸੇ ਵਿਚ ਮੌਤ ਹੋ ਗਈ ਸੀ। ਮੌਤ ਤੋਂ 15 ਦਿਨਾਂ ਬਾਅਦ ਹਕੀਕਤ ਦੀ ਮ੍ਰਿਤਕ ਦੇਹ ਉਸ ਦੇ ਘਰ ਪਹੁੰਚੀ। ਜਿਸ ਪੁੱਤ ਨੂੰ ਕੈਨੇਡਾ 'ਚ ਤਰੱਕੀ ਕਰਨ ਲਈ ਭੇਜਿਆ ਸੀ, ਉਸ ਨੂੰ ਮ੍ਰਿਤਕ ਦੇਖ ਕੇ ਪੂਰੇ ਪਰਿਵਾਰ ਦਾ ਤ੍ਰਾਹ ਨਿਕਲ ਗਿਆ ਅਤੇ ਧਾਹਾਂ ਮਾਰ ਰੋ ਰਹੇ ਪਰਿਵਾਰ ਦੇ ਹੰਝੂ ਵੇਖੇ ਨਹੀਂ ਸੀ ਜਾ ਰਹੇ। ਹਕੀਕਤ ਦੀ ਮਾਤਾ ਨੇ ਦੱਸਿਆ ਕਿ ਜਿਸ ਦਿਨ ਹਾਦਸਾ ਵਾਪਰਿਆ ਉਸ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਨੇ ਹਕੀਕਤ ਨਾਲ ਗੱਲ ਕੀਤੀ ਸੀ। ਉਸ ਨੇ ਆਖਿਆ ਸੀ ਕਿ ਹੁਣ ਉਹ ਸੈੱਟ ਹੋ ਚੁੱਕਾ ਹੈ, ਅੱਗੇ ਭਵਿੱਖ ਵਧੀਆ ਹੋਵੇਗਾ। ਅਸੀਂ ਵਧੀਆ ਜ਼ਿੰਦਗੀ ਜੀਵਾਂਗੇ ਪਰ ਜਦੋਂ ਅਗਲੇ ਦਿਨ ਉਨ੍ਹਾਂ ਨੇ ਆਪਣੇ ਪੁੱਤ ਨੂੰ ਫੋਨ ਕੀਤਾ ਤਾਂ ਉਸ ਨੇ ਫੋਨ ਨਹੀਂ ਚੁੱਕਿਆ ਅਤੇ ਸਾਨੂੰ ਕੈਨੇਡਾ ਪੁਲਸ ਦਾ ਫੋਨ ਆਇਆ ਕਿ ਹਾਦਸੇ ਵਿਚ ਤੁਹਾਡੇ ਪੁੱਤਰ ਹਕੀਕਤ ਦੀ ਮੌਤ ਹੋ ਗਈ ਹੈ। ਨੌਜਵਾਨ ਦੀ ਪੁੱਤ ਦੀ ਮੌਤ ਤੋਂ ਬਾਅਦ ਜਿੱਥੇ ਪਰਿਵਾਰ ਦੇ ਰੋ ਰੋ ਕੇ ਬੁਰਾ ਹਾਲ ਹੈ, ਉਥੇ ਹੀ ਇਲਾਕੇ ਵਿਚ ਵੀ ਸੋਗ ਦੀ ਲਹਿਰ ਹੈ।

# ਇਨਸਾਫ ਦੀ ਮੰਗ ਕਰਦਿਆਂ ਪੀੜਤ ਪਰਿਵਾਰ ਤੇ ਲੋਕਾਂ ਵੱਲੋਂ ਸਕੂਲ ਅੱਗੇ ਧਰਨਾ

ਭਵਾਨੀਗੜ੍ਹ 2 ਫਰਵਰੀ। ਘਾਬਦਾਂ ਦੇ ਮੈਰੀਟੋਰੀਅਸ ਸਕੂਲ ਦੇ ਹੋਸਟਲ 'ਚ ਸੋਮਵਾਰ ਨੂੰ ਪੱਖੇ ਨਾਲ ਲਟਕ ਕੇ ਵਿਦਿਆਰਥੀ ਕਰਨ ਸਿੰਘ ਵੱਲੋਂ ਖੁਦਕੁਸੀ ਕਰਨ ਦੇ ਮਾਮਲੇ 'ਚ ਇਨਸਾਫ ਦੀ ਗੁਹਾਰ ਲਗਾਉਂਦੇ ਹੋਏ ਅੱਜ ਪਰਿਵਾਰਕ ਮੈਂਬਰ ਸਕੂਲ ਦੇ ਗੇਟ ਅੱਗੇ ਧਰਨੇ 'ਤੇ ਬੈਠ ਗਏ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਆਗੂ ਤੇ ਇਲਾਕੇ ਦੇ ਵੱਡੀ ਗਿਣਤੀ ਲੋਕ ਧਰਨੇ 'ਚ ਪੀੜਤ ਪਰਿਵਾਰ ਦੇ ਨਾਲ ਆ ਖੜ੍ਹੇ ਹੋਏ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਇਨਸਾਫ ਮਿਲਣ ਤੱਕ ਉਹ ਸੰਘਰਸ ਕਰਨਗੇ। ਮਾਮਲੇ ਸਬੰਧੀ ਪਹਿਲਾਂ ਹੀ ਵਿਦਿਆਰਥੀ ਕਰਨ ਦੇ ਪਿਤਾ ਸੁਰੇਸ ਸਿੰਘ ਤੇ ਉਸਦੇ ਪਰਿਵਾਰਕ ਮੈਂਬਰ ਆਪਣੇ ਬੱਚੇ ਦੀ ਮੌਤ ਲਈ ਸਕੂਲ ਦੇ ਅਧਿਆਪਕ ਤੇ ਸਕੂਲ ਪ੍ਰਸਾਸਨ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰ ਰਹੇ ਹਨ। ਮੰਗਲਵਾਰ ਨੂੰ ਸਕੂਲ ਦੇ



ਬਾਹਰ ਧਰਨੇ 'ਤੇ ਬੈਠੇ ਪਰਿਵਾਰਕ ਮੈਂਬਰਾਂ ਨੇ ਮੰਗ ਕਰਦਿਆਂ ਆਖਿਆ ਕਿ ਜਦੋਂ ਤੱਕ ਅਧਿਆਪਕ ਨੂੰ ਗ੍ਰਿਫਤਾਰ ਕਰਕੇ ਸਕੂਲ ਪ੍ਰਸਾਸਨ ਖ਼ਿਲਾਫ ਪੁਲਸ ਵੱਲੋਂ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ ਉਦੋਂ ਤੱਕ ਉਹ ਆਪਣੇ ਬੱਚੇ ਦਾ ਪੋਸਟਮਾਰਟਮ ਨਹੀਂ ਹੋਣ ਦੇਣਗੇ। ਦੂਜੇ ਪਾਸੇ ਮਾਮਲੇ ਦੀ ਜਾਂਚ ਕਰ ਰਹੇ ਮੌਕੇ 'ਤੇ ਮੌਜੂਦ ਡੀਐੱਸਪੀ ਸੰਗਰੂਰ ਡਾ. ਮਨੋਜ ਗੋਰਸੀ ਨੇ ਕਿਹਾ ਕਿ ਇਹ ਸੱਚਮੁੱਚ ਇਕ ਮੰਦਭਾਗੀ ਘਟਨਾ ਹੈ। ਸੋਮਵਾਰ ਸਾਮ ਤੋਂ ਹੀ ਉਨ੍ਹਾਂ ਦੀ ਅਗਵਾਈ ਹੇਠ ਪੁਲਸ ਟੀਮ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਸਕੂਲ ਦੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਜਾ ਰਹੇ ਹਨ। ਕਰਨ ਦੇ ਨਾਲ ਪੜ੍ਹਦੇ ਬੱਚਿਆਂ ਤੇ ਦੋਸਤਾਂ ਨਾਲ ਵੀ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਬੱਚੇ ਦਾ ਪਰਿਵਾਰ ਪੁਲਸ ਕੋਲ ਬਿਆਨ ਦਰਜ ਨਹੀਂ ਕਰਵਾ ਰਿਹਾ ਕਿਉਂਕਿ ਬਿਆਨਾਂ ਦੇ ਆਧਾਰ 'ਤੇ ਹੀ ਪੁਲਸ ਵੱਲੋਂ ਅਗਲੀ ਕਾਰਵਾਈ ਆਰੰਭੀ ਜਾਵੇਗੀ। ਦੂਜੇ ਪਾਸੇ ਐੱਸਡੀਐਮ ਸੰਗਰੂਰ ਚਰਨਜੋਤ ਸਿੰਘ ਵਾਲੀਆ ਨੇ ਕਿਹਾ ਕਿ ਪ੍ਰਸਾਸਨ ਵੱਲੋਂ ਵਿਸੇਸ ਟੀਮ ਬਣਾ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਟੀਮ ਮਾਮਲੇ ਦੇ ਹਰ ਪਹਿਲੂ ਦੀ ਬਾਰੀਕੀ ਨਾਲ ਜਾਂਚ ਕਰੇਗੀ ਤੇ ਜਾਂਚ ਰਿਪੋਰਟ ਅਨੁਸਾਰ ਮੁਲਜਮਾਂ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ। ਉਧਰ, ਪ੍ਰਸ਼ਾਸਨ ਮੰਗਲਵਾਰ ਦੁਪਹਿਰ ਤੱਕ ਵੀ ਪਰਿਵਾਰ ਨੂੰ ਬੱਚੇ ਦਾ ਪੋਸਟਮਾਰਟਮ ਕਰਵਾਉਣ ਲਈ ਰਾਜੀ ਨਹੀਂ ਕਰ ਸਕਿਆ ਸੀ ਤੇ ਸ਼ਾਮ ਸਮੇਂ ਖਬਰ ਲਿਖੇ ਜਾਣ ਤੱਕ ਪਰਿਵਾਰਕ ਮੈਂਬਰ ਧਰਨੇ 'ਤੇ ਬੈਠੇ ਹੋਏ ਸਨ।

## ਸਕੂਲ ਵੈਨ ਦੀ ਮਿੰਨੀ ਟਰੱਕ ਤੇ ਬੱਸ ਨਾਲ ਭਿਆਨਕ ਟੱਕਰ, 2 ਬੱਚਿਆਂ ਸਣੇ ਤਿੰਨ ਦੀ ਮੌਤ

ਬਦਾਯੂੰ 2 ਫਰਵਰੀ। ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਦੇ ਉਝਾਨੀ ਖੇਤਰ ਵਿਚ ਮੰਗਲਵਾਰ ਨੂੰ ਬਰੇਲੀ-ਮਥੁਰਾ ਰੋਡ 'ਤੇ ਬੱਚਿਆਂ ਨੂੰ ਲੈ ਕੇ ਸਕੂਲ ਜਾ ਰਹੀ ਇਕ ਵੈਨ ਦੀ ਮਿੰਨੀ ਟਰੱਕ ਅਤੇ ਰੋਡਵੇਜ ਦੀ ਬੱਸ ਨਾਲ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿਚ 2 ਬੱਚਿਆਂ ਅਤੇ ਵੈਨ ਦੇ ਡਰਾਈਵਰ




ਦੇ ਮੌਕੇ 'ਤੇ ਹੀ ਮੌਤ ਹੋ ਗਈ ਅਤੇ 6 ਬੱਚੇ ਗੰਭੀਰ ਰੂਪ ਨਾਲ ਜਖਮੀ ਹੋ ਗਏ। ਜ਼ਿਲ੍ਹਾ ਅਧਿਕਾਰੀ ਮਨੋਜ ਕੁਮਾਰ ਨੇ ਦੱਸਿਆ ਕਿ ਬੁਟਲਾ ਦੌਲਤਪੁਰ ਪਿੰਡ 'ਚ ਸਥਿਤ ਸਕੂਲ ਦੇ ਬੱਚਿਆਂ ਨੂੰ ਲੈ ਕੇ ਜਾ ਰਹੀ ਇਕ ਪ੍ਰਾਈਵੇਟ ਵੈਨ ਦੀ ਸਵੇਰੇ ਲੱਗਭਗ 9 ਵਜ ਕੇ 45 ਮਿੰਟ 'ਤੇ ਇਕ ਮਿੰਨੀ ਟਰੱਕ ਨਾਲ ਟੱਕਰ ਹੋ ਗਈ। ਇਸ ਦੌਰਾਨ ਪਿੱਛੋਂ ਆ ਰਹੀ ਰੋਡਵੇਜ ਬੱਸ ਵੀ ਵੈਨ ਨਾਲ ਟਕਰਾ ਗਈ। ਉਨ੍ਹਾਂ ਨੇ ਦੱਸਿਆ ਕਿ ਇਸ ਹਾਦਸੇ 'ਚ ਵੈਨ ਡਰਾਈਵਰ ਉਮੇਸ਼ (30), ਉਸ ਦੇ 2 ਸਾਲ ਦੇ ਬੱਚੇ ਅਤੇ 6 ਸਾਲ ਦੇ ਇਕ ਵਿਦਿਆਰਥੀ ਦੀ ਮੌਤ ਹੋ ਗਈ। ਜ਼ਿਲ੍ਹਾ ਅਧਿਕਾਰੀ ਨੇ ਦੱਸਿਆ ਕਿ ਇਸ ਘਟਨਾ 'ਚ ਗੰਭੀਰ ਰੂਪ ਨਾਲ ਜਖਮੀ 6 ਬੱਚਿਆਂ ਨੂੰ ਬਦਾਯੂੰ ਮੈਡੀਕਲ ਕਾਲਜ ਦੇ ਐਮਰਜੈਂਸੀ ਵਾਰਡ ਵਿਚ ਦਾਖਲ ਕਰਵਾਇਆ ਗਿਆ ਹੈ। ਸੀਨੀਅਰ ਪੁਲਸ ਅਧਿਕਾਰੀ ਆਲੋਕ ਪ੍ਰਿਅਦਰਸ਼ੀ ਨੇ ਦੱਸਿਆ ਕਿ ਹਾਦਸਾਗ੍ਰਸਤ ਵਾਹਨਾਂ ਨੂੰ ਸੜਕ ਤੋਂ ਹਟਵਾ ਕੇ ਆਵਾਜਾਈ ਬਹਾਲ ਕਰ ਦਿੱਤੀ ਗਈ ਹੈ।

### ਪਟਿਆਲਾ 'ਚ ਵੱਡੀ ਵਾਰਦਾਤ, ਲੁਟੇਰਿਆਂ ਵਲੋਂ ਫਾਇਨਾਂਸ ਕੰਪਨੀ ਦੇ ਮੈਨੇਜਰ ਦਾ ਗੋਲੀਆਂ ਮਾਰ ਕੇ ਕਤਲ

ਪਟਿਆਲਾ 2 ਫਰਵਰੀ। ਪਟਿਆਲਾ ਦੇ ਦੁਧਨਸਾਦਾ 'ਚ ਵੱਡੀ ਵਾਰਦਾਤ ਵਾਪਰੀ ਹੈ, ਜਿਥੇ ਪੈਸੇ ਲੈ ਕੇ ਜਾ ਰਹੇ ਪ੍ਰਾਈਵੇਟ ਕੰਪਨੀ ਦੇ ਮੈਨੇਜਰ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮੈਨੇਜਰ ਕੋਲ ਤਕਰੀਬਨ 1 ਲੱਖ 50 ਹਜਾਰ ਰੁਪਏ ਕੈਸ਼ ਸੀ, ਜਿਸ ਨੂੰ ਲੁਟੇਰੇ ਲੁੱਟ ਕੇ ਲੈ ਗਏ। ਮ੍ਰਿਤਕ ਦੀ ਪਛਾਣ ਅਵਿਨਾਸ ਕੁਮਾਰ ਪੋਤਰ ਵੇਦ ਪ੍ਰਕਾਸ ਜੋ ਕਿ ਮੂਲ ਰੂਪ ਵਿਚ ਸਹਾਰਨਪੁਰ ਉੱਤਰ ਪ੍ਰਦੇਸ ਦਾ ਰਹਿਣ ਵਾਲੀ ਸੀ ਅਤੇ ਫਓਜ਼ਿਨ ਮੈਰਕੋ ਪ੍ਰਾਈਵੇਟ ਫਾਈਨਾਂਸ ਕੰਪਨੀ ਵਿਚ ਕੰਮ ਕਰਦਾ ਸੀ। ਮਿਲੀ ਜਾਣਕਾਰੀ ਮੁਤਾਬਿਕ ਅਵਿਨਾਸ਼ ਲਗਭਗ 5 ਵਜੇ ਦੇ ਕਰੀਬ ਪੈਸੇ ਲੈ ਕੇ ਘਰ ਜਾ ਰਿਹਾ ਸੀ। ਜਿੱਥੇ ਕੁਝ ਅਣਪਛਾਤੇ ਵਿਅਕਤੀ ਪਹੁੰਚੇ ਅਤੇ ਉਸ ਨੂੰ ਗੋਲੀ ਮਾਰ ਦਿੱਤੀ। ਲੁਟੇਰੇ ਅਵਿਨਾਸ਼ ਤੋਂ 1 ਲੱਖ 50 ਹਜਾਰ ਰੁਪਏ ਦੀ ਰਕਮ ਲੁੱਟ ਕਰਕੇ ਫਰਾਰ ਹੋ ਗਏ। ਪੇਟ ਵਿਚ ਗੋਲੀ ਲੱਗਣ ਕਾਰਨ ਮੈਨੇਜਰ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

# ਮੋਗਾ-ਜਲੰਧਰ ਰੋਡ 'ਤੇ ਵਾਪਰਿਆ ਭਿਆਨਕ ਹਾਦਸਾ, ਮੁਟਿਆਰ ਦੀ ਹੋਈ ਮੌਤ, ਚਾਚਾ-ਚਾਚੀ ਗੰਭੀਰ ਜਖਮੀ

ਮੋਗਾ 2 ਫਰਵਰੀ। ਮੋਗਾ-ਜਲੰਧਰ ਬਾਈਪਾਸ 'ਤੇ ਮੋਟਰ ਸਾਈਕਲ ਅਤੇ ਕਾਰ ਵਿਚਕਾਰ ਹੋਏ ਜਬਰਦਸਤ ਹਾਦਸੇ ਵਿਚ ਲਖਵੀਰ ਕੌਰ (22) ਨਿਵਾਸੀ ਪਿੰਡ ਮਹਿਣਾ ਦੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਉਸ ਦੇ ਚਾਚਾ-ਚਾਚੀ ਭਗਵਾਨ ਸਿੰਘ ਅਤੇ ਅਮਰਜੀਤ ਕੌਰ (48) ਨਿਵਾਸੀ ਪਿੰਡ ਮਹਿਣਾ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਥਾਣਾ ਮਹਿਣਾ ਦੇ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਪੁਲਸ ਪਾਰਟੀ ਸਮੇਤ ਉਥੇ ਪੁੱਜੇ ਅਤੇ ਜਾਂਚ ਦੇ ਇਲਾਵਾ ਆਸ-ਪਾਸ ਦੇ ਲੋਕਾਂ ਤੋਂ ਪੁੱਛਗਿੱਛ ਕੀਤੀ। ਉਨ੍ਹਾਂ ਦੱਸਿਆ ਕਿ ਮੋਟਰਸਾਈਕਲ ਚਾਲਕ ਭਗਵਾਨ ਸਿੰਘ ਉਰਫ ਰਾਜੂ ਪਤਨੀ ਅਮਰਜੀਤ ਕੌਰ ਅਤੇ ਲਖਵੀਰ ਕੌਰ ਨਾਲ ਮਿਹਨਤ ਮਜ਼ਦੂਰੀ ਲਈ ਗਏ ਸਨ। ਜਦ ਉਹ ਜਲੰਧਰ ਬਾਈਪਾਸ 'ਤੇ ਜਾ ਰਹੇ ਸੀ ਤਾਂ ਲੋਹਾਰਾ ਵੱਲੋਂ ਆ ਰਹੀ ਇਕ ਤੇਜ ਰਫਤਾਰ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰੀ। ਇਸ ਹਾਦਸੇ ਵਿਚ ਮੋਟਰਸਾਈਕਲ ਅਤੇ ਕਾਰ ਦੋਨੋਂ ਨੁਕਸਾਨੇ ਗਏ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਆਸ-ਪਾਸ ਦੇ ਲੋਕ ਉਥੇ ਪਹੁੰਚੇ, ਜਿਨ੍ਹਾਂ ਨੇ ਜ਼ਖਮੀਆਂ ਨੂੰ ਤੁਰਤ ਨੇੜਲੇ ਇਕ ਪ੍ਰਾਈਵੇਟ ਹਸਪਤਾਲ ਵਿਚ ਪਹੁੰਚਾਇਆ, ਪਰ ਉਥੇ ਲਖਵੀਰ ਕੌਰ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਕਿਹਾ ਕਿ ਘਟਨਾ ਦੇ ਬਾਅਦ ਕਾਰ ਚਾਲਕ ਫਰਾਰ ਹੋਣ ਵਿਚ ਸਫਲ ਹੋ ਗਿਆ। ਜਾਂਚ ਅਧਿਕਾਰੀ ਨੇ ਕਿਹਾ ਕਿ ਜ਼ਖਮੀਆਂ ਦੇ ਬਿਆਨਾਂ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ਅਤੇ ਲਾਸ਼ ਨੂੰ ਪੋਸਟਮਾਰਟਮ ਦੇ ਬਾਅਦ ਵਾਰਿਸਾਂ ਨੂੰ ਸੌਂਪ ਦਿੱਤਾ ਜਾਵੇਗਾ।

## ਲੜਾਈ-ਝਗੜੇ ਦੌਰਾਨ ਦੁੱਗਰੀ ਪਿੰਡ ਦੀ ਇਕ ਧਿਰ ਦੇ 10 ਲੋਕਾਂ 'ਤੇ ਮਾਮਲਾ ਦਰਜ

ਕਿਸ਼ਨਗੜ੍ਹ 2 ਫਰਵਰੀ। ਬੀਤੇ ਦਿਨੀ ਪਿੰਡ ਦੁੱਗਰੀ 'ਚ ਹੋਏ 2 ਧਿਰਾਂ ਦੇ ਝਗੜੇ ਦੌਰਾਨ ਇਕ ਧਿਰ ਦੇ 10



ਲੋਕਾਂ 'ਤੇ ਕੀਤੇ ਗਏ ਦਰਜ ਮਾਮਲੇ ਨੂੰ ਸਰਕਾਰ ਦੀ ਸਹਿ 'ਤੇ ਪੁਲਸ ਦੀ ਮਿਲੀਭੁਗਤ ਨੂੰ ਸਰਾਸਰ ਨਾਜਾਇਜ 'ਤੇ ਗਲਤ ਦੱਸਦਿਆਂ ਡਾ. ਅੰਬੇਡਕਰ ਸੰਘਰਸ ਮੋਰਚਾ ਪੰਜਾਬ ਦੇ ਪ੍ਰਧਾਨ ਤਰਲੋਕ ਵੇਂਡਲ ਦੀ ਅਗਵਾਈ 'ਚ ਆਗੂਆਂ ਨੇ ਆਪਣੇ ਅਨੇਕਾਂ ਸਾਥੀਆਂ ਸਮੇਤ ਬੀਤੇ ਦਿਨ ਸਥਾਨਕ ਪੁਲਸ ਚੌਕੀ ਕਿਸਨਗੜ੍ਹ ਦਾ ਜਬਰਦਸਤ ਘਿਰਾਓ ਕੀਤਾ। ਉਕਤ ਆਗੂਆਂ ਨੇ ਪੁਲਸ ਚੌਕੀ ਦੇ ਗੇਟ ਅੱਗੇ ਧਰਨਾ ਲਾਕੇ ਸੂਬਾ ਸਰਕਾਰ ਤੇ ਸਥਾਨਕ ਪੁਲਸ ਖ਼ਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਇਸ ਸਬੰਧ 'ਚ ਤਰਲੋਕ ਵੇਂਡਲ, ਡਾ. ਹਰਜਿੰਦਰ ਮੱਟੂ ਤੇ ਸੂਬੇਦਾਰ ਚਰਨਜੀਤ ਸਿੰਘ ਸੋਹਲ ਆਦਿ ਨੇ ਦੱਸਿਆ ਕਿ ਨਜਦੀਕੀ ਪਿੰਡ ਦੁੱਗਰੀ 'ਚ ਬੀਤੇ ਕੁਝ ਦਿਨ ਪਹਿਲਾਂ ਦੋ ਧਿਰਾਂ 'ਚ ਝਗੜਾ ਹੋਇਆ ਸੀ, ਜਿਸ 'ਚ ਇਕ ਧਿਰ ਦੇ 10 ਲੋਕਾਂ 'ਤੇ ਸੂਬਾ ਸਰਕਾਰ ਦੀ ਸਹਿ 'ਤੇ ਮਾਮਲਾ ਦਰਜ ਕਰ ਦਿੱਤਾ ਗਿਆ ਸੀ, ਜਦਕਿ ਇਸ ਝਗੜੇ 'ਚ ਲਖਵੀਰ ਦੁੱਗਰੀ ਸਾਮਲ ਨਹੀਂ ਸੀ ਉਸ 'ਤੇ ਅਤੇ ਉਸ ਦੇ ਬਾਕੀ ਸਾਥੀਆਂ 'ਤੇ 452 ਦਾ ਮਾਮਲਾ ਝੂਠਾ ਤੇ ਬੇ-ਬੁਨਿਆਦ ਦਰਜ ਕਰ ਦਿੱਤਾ ਗਿਆ। ਇਸ ਝਗੜੇ 'ਚ ਇਕ ਅਨਮੋਲ ਨਾਂ ਦੇ ਨੌਜਵਾਨ ਨੂੰ ਘਰੋਂ ਚੁੱਕ ਕੇ ਦੂਸਰੀ ਧਿਰ ਵੱਲੋਂ ਆਪਣੇ ਘਰ ਲਿਜਾ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਦੂਜੀ ਧਿਰ ਦੇ ਲੋਕਾਂ ਤੇ ਪੁਲਸ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਪੁਲਸ ਦੇ ਉੱਚ ਅਫਸਰਾਂ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਦੂਸਰੀ ਧਿਰ 'ਤੇ ਬਣਦੀ ਕਾਰਵਾਈ ਕਰ ਕੇ ਪਰਚਾ ਦਰਜ ਕੀਤਾ ਜਾਵੇ ਤੇ 452 ਧਾਰਾ ਨੂੰ ਤੁਰੰਤ ਖਾਰਜ ਕੀਤਾ ਜਾਵੇ। ਸੂਚਨਾ ਮਿਲਣ 'ਤੇ ਸਥਾਨਕ ਕਿਸਨਗੜ੍ਹ ਪੁਲਸ ਚੌਕੀ ਪਹੁੰਚੇ ਐੱਸ. ਐੱਚ. ਓ. ਕਰਤਾਰਪੁਰ ਨੇ ਪ੍ਰਦਸਨਕਾਰੀਆਂ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਤੇ ਇਨਸਾਫ ਦੇਣ ਦਾ ਭਰੋਸੇ ਦਿੱਤਾ, ਜਿਸ ਤੋਂ ਬਾਅਦ ਪ੍ਰਦਰਸਨਕਾਰੀਆਂ ਨੇ ਧਰਨਾ ਸਮਾਪਤ ਕੀਤਾ। ਇਸ ਮੌਕੇ ਸੋਹਣ ਲਾਲ ਸੰਧੂ, ਤਰਸੇਮ ਸਹੋਤਾ ਮੁੱਖ ਬੁਲਾਰਾ ਪੰਜਾਬ, ਕਾਲਾ ਨਾਗਰਾ ਯੂਥ ਪ੍ਰਧਾਨ,ਸੰਨੀ ਸਹਿਰੀ ਚੇਅਰਮੈਨ, ਸੋਨੀਆ ਕਾਲਾ ਬੱਕਰਾ ਆਦਿ ਹਾਜਰ ਸਨ।

## ਆਰਥਿਕ ਤੰਗੀ ਕਾਰਨ ਨੌਜਵਾਨ ਨੇ ਨਿਗਲੀ ਸਲਫਾਸ, ਮਰਨ ਤੋਂ ਪਹਿਲਾਂ ਮੋਬਾਇਲ 'ਚ ਬਣਾਈ ਵੀਡੀਓ

ਲੁਧਿਆਣਾ 2 ਫਰਵਰੀ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਪਿੰਡ ਭੋਰਾ 'ਚ ਇਕ ਨੌਜਵਾਨ ਵਲੋਂ ਆਰਥਿਕ ਤੰਗੀ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਇੰਚਾਰਜ ਹਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਭੋਰਾ ਦੇ ਰਹਿਣ ਵਾਲੇ 28 ਸਾਲਾ ਨੌਜਵਾਨ ਅਵਤਾਰ ਕੁਮਾਰ ਪੁੱਤਰ ਨਿਰਮਲ ਕੁਮਾਰ ਨੇ ਘਰ ਵਿਚ ਸਲਫਾਸ ਨਿਗਲ ਲਈ ਹੈ। ਇਸ ਤੋਂ ਬਾਅਦ ਉਸਨੂੰ ਗੰਭੀਰ ਹਾਲਤ ਵਿਚ ਸੀ. ਐੱਮ. ਸੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਦੌਰਾਨ ਮ੍ਰਿਤਕ ਦੇ ਮੋਬਾਈਲ ਫੋਨ ਤੋਂ ਵੀਡੀਓ ਬਰਾਮਦ ਹੋਈ, ਜਿਸ



ਵਿਚ ਉਸਨੇ ਕਿਹਾ ਕਿ ਸਾਰੀ ਦੁਨੀਆ ਤੋਂ ਤੰਗ ਹੋ ਕੇ ਆਪਣੀ ਜੀਵਨ ਲੀਲਾ ਖਤਮ ਕਰ ਰਿਹਾ ਹੈ। ਮੇਰੀ ਮੌਤ ਦਾ ਕਿਸੇ ਨੂੰ ਵੀ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ। ਮ੍ਰਿਤਕ ਦੇ ਭਰਾ ਅਨਿਲ ਕੁਮਾਰ ਨੇ ਦੱਸਿਆ ਕਿ ਅਵਤਾਰ ਕੰਪਿਊਟਰ ਦਾ ਕੰਮ ਕਰਦਾ ਸੀ। ਉਹ ਪਿਛਲੇ ਕਈ ਮਹੀਨਿਆਂ ਤੋਂ ਕੰਮ ਨਾ ਮਿਲਣ ਕਾਰਨ ਘਰ ਬੈਠਾ ਰਹਿੰਦਾ ਸੀ। ਇਸ ਕਾਰਨ ਉਹ ਕਾਫੀ ਪਰੇਸ਼ਾਨ ਰਹਿਣ ਲੱਗਾ ਸੀ, ਜਿਸ ਦੇ ਚੱਲਦਿਆਂ ਕਾਰਨ ਉਸਨੇ ਖੁਦਕੁਸ਼ੀ ਕੀਤੀ ਹੈ। ਥਾਣਾ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾ ਵਾਰਿਸਾਂ ਹਵਾਲੇ ਕਰ ਦਿਤੀ ਹੈ।

**PUBLIC NOTICE**
It is for general information that I, MOHMAD AFTAB ALAM S/o SADIK MIYAN residing at Plot No. 1/2, Gali No. 12, Golden Enclave, Ranaji Enclave, Nagafgarh, South West Delhi, Delhi - 110043 declare that the name of mine and my Father have been wrongly written as AFTAB ALAM and MOHAMMAD SADIK in my Aadhar Card No. 205978785155 and in my Pan Card No. CJDPA7489R. The actual name of mine and my Father are MOHMAD AFTAB ALAM and SADIK MIYAN respectively, which may be amended accordingly.

**PUBLIC NOTICE**
It is for general information that I AMIT KUMAR S/O JOG DHIAN R/O HNO-16, Rajendra park Ext, Nangloi west delhi, Delhi -110041 declare that the name of my father has been wrongly written as JOG DHYAN in my 10th class educational documents. The actual name of my father is JOG DHIAN respectively which may be amended accordingly.

**NAME CHANGE**
I, DHANRAJ RAVIDAS S/o RAM GULAM RAVIDAS Permanent Address at Village +PO - Mokama,Dist.- Patna,Bihar - 803221, currently residing at Pana Tulsan, 817, Village, Khera Khurd, North West Delhi, Delhi - 110082 have changed the name of my minor Son PRAVEEN KUMAR aged 14 years and he shall hereafter be known as PRAVIN RAVIDAS.

**NAME CHANGE**
I, SAHABDEEP SINGH S/o AGYA SINGH residing at H NO-91/2, GOVIND PURI, KALKAJI, DELHI-110019 have changed my name to SAHIBDEEP SINGH PUNI for all future purpose.

**NAME CHANGE**
I, NAVEEN SHARMA S/O JAGDISH PRASAD SHARMA residing at HOUSE NO 603 SECTRO 28 FARIDABAD HARYANA DELHI-121008 have changed my name to NAVEEN KUMAR SHARMA for all future purpose.

**PUBLIC NOTICE**
It is for general information that I SHABA PRAWEEN W/O WASEEM AHMED MUSTAQEEM R/O H.NO-F 74 Near Lakkar factory Laxmi Park Nangloiwest Delhi-110041 declare that name of my minor son has been wrongly written as MOHD FARHAN in my minor son namely MOHD REHAN aged 8 years in his School record . The actual name of my minor son is MOHD REHAN respectively which may be amended accordingly.

**PUBLIC NOTICE**
Be it known to all concerned that our client Mrs. Akbari Begam, W/o Late Wahid Khan, R/o K-1063, Gali No.13, Hanuman Mandir, Sangam Vihar, New Delhi-110062, has severed her all relations with her son Mohd. Naim and his wife Khurshid due to their bad behaviour and therefore had disowned and disinherited them from her all moveable and immovable properties/assets. Anybody dealing with them. shall do so at his/her/their own risk and cost.
**Arun Kumar Tiwari & Deepak Singh Advocates**
Chamber No. 310, Lawyers Block, Saket Courts Complex, New Delhi-110017.

**PUBLIC NOTICE**
MY CLIENTS DULI CHAND, S/O LATE SH. HARI SINGH & HIS WIFE SMT. MANORMA DEVI, BOTH R/O HARFALA NANGLA ROAD, OPP BSNL TOWER, SEEKRI, DISTT. FARIDABAD HARYANA-121004 HAVE SEVERED ALL RELATIONS AND DISOWNED THEIR DAUGHTER RENU FROM THEIR ALL MOVABLE/IMMOVABLE PROEPRTY DUE TO HER MISCONDUCT, BED HABITS AND BEYOND THEIR CONTROL MY CLIENTS SHALL NOT BE RESPONSIBLE FOR HER ACTS/DEEDS IN FUTURE.
**VISHAL SINGH Advocate**
CH. NO.635, SAKET COURT NEW DELHI
M.NO.9711687511

**NAME CHANGE**
I, JASPREET SINGH S/O GURMEET SINGH residing at H NO-5-D/88 NIT FARIDABAD HARYANA -121001 Declare that JASPREET is my given name and my surname is SINGH

**NAME CHANGE**
I, MONA W/O ROSHAN LAL residing at B-450 J.J COLONY CAMP NO-2 NEAR BUDH BAZAR ROAD SAI BABA MANDIR DELHI-110041 have changed my name to MOHINI DEVI for all future purpose.

**NAME CHANGE**
I, KAMLEE DEVI mother of JC-703267M Rank-SUB/NA, Name-BHAGIRATH MANDAL residing at WZ-125/A, RING ROAD, NATHE WALI GALI, NARAINA, SOUTH WEST DELHI, DELHI-110028 have changed my name from KAMLEE DEVI to KAMA DEVI for all future purposes and in my son's service records my date of birth wrongly mentioned as 01/07/1939 instead of my correct date of birth as 01/01/1943 Vide Affidavit dated 01/02/2024 before Notary Public Delhi.

**NAME CHANGE**
I, NAVTESHWAR SINGH S/O JATESHWAR SINGH residing at 5A/2BP NIT FARIDABAD HARYANA -121001 Declare that NAVTESHWAR is my given name and my surname is SINGH

**NAME CHANGE**
I, DEEPAK AAGARWAL S/O-OM PRAKASH AGGARWAL R/O-P-47 MANGAL BAZAR VIJAY VIHAR UTTAM NAGAR DELHI-110059 HAVE CHANGED MY NAME TO DEEPAK AGGARWAL

**सार्वजनिक सूचना**
आम जनता को यह जानकारी दी जाती है कि हमारी ग्राहक श्रीमती राजकुमारी पत्नी श्री बीर सिंह वाका मौजा गौंछी (संजय कॉलोनी) तहसील गौंछी जिला फरीदाबाद, हरियाणा में स्थित आराजी खसरा नंबर 44//1 में से 108 वर्ग गज क्षेत्रफल वाले फ्रीहोल्ड आवासीय प्लॉट नंबर 67 की मालिक हैं। दस्तावेज़ के रूप में दिनांक 17.07.2019 को विक्रय विलेख के आधार पर। संख्या 1377, पुस्तक संख्या 1, एसआरओ-गौंछी। आज तक और उसने अपनी मूल जनरल पावर ऑफ अटॉर्नी, एटीएस और वसीयत दिनांक 08.04.1997 को दस्तावेज संख्या 83, एसआरओ-बल्लभगढ़ के रूप में खो दी है/गुम कर दी है, इसे श्री बीर सिंह पुत्र श्री नंदली के पक्ष में निष्पादित किया गया था, अब हमारा ग्राहक घोषणा कर रहा है कि किसी अन्य व्यक्ति का उक्त संपत्ति पर कोई अधिकार नहीं है, और इसका वित्तपोषण उज्जीवन स्मॉल फाइनेंस बैंक लिमिटेड शाखा फरीदाबाद, हरियाणा द्वारा किया गया है। यदि किसी भी व्यक्ति को उक्त संपत्ति में अधिकारस्वामित्व या हित के संबंध में कोई आपत्ति या दावा है तो इस नोटिस के प्रकाशन की तारीख से 14 दिनों के भीतर हमसे संपर्क करें या उसी को संपर्क करें। यदि किसी को मिला तो अधोहस्ताक्षरित। इसके बाद किसी भी दावे पर विचार नहीं किया जाएगा।
**Naveen Kumar Verma (advocate)**
F-211,sector-3 Vaishali Ghaziabad Uttar Pradesh-201010, Contact at-09958871432

**सार्वजनिक सूचना**
आम जनता को यह जानकारी दी जाती है कि हमारी ग्राहक (1) श्री प्रदीप सिंह रावत और (2) श्री सचिन सिंह रावत ब्लॉक-एफ में फ्रीहोल्ड आवासीय संपत्ति संख्या 554 के मालिक हैं, जिसका भूमि क्षेत्रफल 35 वर्ग गज यानी 29.26 वर्ग मीटर है, जो खसरा संख्या 331 से संबंधित है। पूजा विहार, आज़ाद विहार, खोरा कॉलोनी, तहसील और जिला गाजियाबाद (यूपी) में स्थित, बिक्री विलेख के आधार पर दिनांक 09-07-2021 को दस्तावेज़ संख्या 15602 के रूप में, पुस्तक संख्या I, खंड संख्या 20708, पृष्ठ 381 पर- 404, एसआरओ-दादरी, अब हमारा ग्राहक घोषणा कर रहा है कि किसी अन्य व्यक्ति का उक्त संपत्ति पर कोई अधिकार नहीं है, और वही संपत्ति बिकने जा रही है (1) श्री प्रमोद कुमार और (2) श्रीमती प्रियंका नाम से और उसी को वित्तपोषित किया गया है पीरामल कैपिटल एंड हाउसिंग फाइनेंस लिमिटेड शाखा शाहदरा, दिल्ली 110095. यदि किसी भी व्यक्ति को उक्त संपत्ति में अधिकार@स्वामित्व या हित के संबंध में कोई आपत्ति या दावा है तो इस नोटिस के प्रकाशन की तारीख से 07 दिनों के भीतर हमसे संपर्क करें या उसी को संपर्क करें। यदि किसी को मिला तो अधोहस्ताक्षरित। इसके बाद किसी भी दावे पर विचार नहीं किया जाएगा।
**Naveen Kumar Verma (advocate)**
F-211,sector-3 Vaishali Ghaziabad Uttar Pradesh-201010, Contact at-09958871432

**NOTICE**
Public at large is hereby informed that M/s. Hariom Enterprises through its Partner Mr. Raj Kumar and Mr. Gyan Chand Bhatti owners of Flat No. A-2 on UGF, B-2 on FF, C-2 on SF, D-2 on Third Floor, all Flats are in Back Portion, Built on Property Bearing No. A-89, admeasuring 130 sq. yds. , out of Khasra No. 474 min, Situated at Block-A, Duggal Colony, Devli Road Khanpur, New Delhi initially, Sale Deed dated 22/02/2019 executed by Mr. Rajesh Aggarwal in favour of M/s. Hariom Enterprises through its Partner Mr. Raj Kumar and Mr. Gyan Chand Bhatti in respect of Property No. A-89, admeasuring 130 sq. yds., Khasra No. 474 min, duly registered as Doc. No. 1285, in Book No. I, Volume No. 2701, on Pages 80 to 86, SR-V-A. (Endorsement done for Flat No. A-1, UGF, admeasuring 65 sq. yds., Property No. A-89, 3rd Floor Front Side, First Floor Front Side, Second Floor Front Side), Initially, Sale Deed dated 21.06.1982 executed by Mr. S.S. Duggal in favour of Mr. Braj Nandan Yadav in respect of 5 Biswas, Khasra No. 474. (Doc. No. 3766) who executed Regd. GPA dated 14/03/1987 in favour of I.D. Batra, who executed Regd. GPA dated 07/06/2000 in favour of Mr. Rajesh Aggarwal and executed Notarized ATS dated 07/06/2000 in favour of Mrs. Monica Aggarwal. Thereafter, Notarized ATS dated 04/08/2003 executed by Mrs. Monica Aggarwal in favour of Mr. Rajesh Aggarwal. Finally, Sale Deed dated 22/02/2019 executed in favour of M/s. Hariom Enterprises through its Partner Mr. Raj Kumar and Mr. Gyan Chand Bhatti who shall further mortgage the said property with ICICI Home Finance Co. Ltd. Whosoever, is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.
NEW DELHI
DATE: 1/2/2024
**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

**सार्वजनिक सूचना**
आम जनता को यह जानकारी दी जाती है कि हमारी ग्राहक श्री ब्रजपाल ग्राम जलपुरा, परगना और तहसील दादरी, जिला गौतमबुद्धनगर, उत्तर प्रदेश में स्थित खसरा नंबर 241 में से 407.72 वर्ग गज की फ्रीहोल्ड आवासीय भूमि के मालिक हैं के रूप में है , जो बिक्री विलेख दिनांक 30.04.2022 के आधार पर दस्तावेज़ संख्या 15602, पुस्तक संख्या 1, खंड संख्या 20708, पृष्ठ 381-404 पर, एसआरओ-दादरी। आज तक और अपना मूल विक्रय विलेख 51.81 वर्ग गज खो दिया है/गुम कर दिया है, इसे डॉ. हुकुम सिंह मीना के पक्ष में निष्पादित किया गया था, अब हमारा ग्राहक घोषणा कर रहा है कि किसी अन्य व्यक्ति के पास उक्त संपत्ति पर कोई अधिकार नहीं है, और वही किया गया है पीरामल कैपिटल एंड हाउसिंग फाइनेंस लिमिटेड शाखा द्वारा वित्त पोषित-पीतमपुरा, दिल्ली। यदि किसी भी व्यक्ति को उक्त संपत्ति में अधिकार@स्वामित्व या हित के संबंध में कोई आपत्ति या दावा है तो इस नोटिस के प्रकाशन की तारीख से 07 दिनों के भीतर हमसे संपर्क करें या उसी को संपर्क करें। यदि किसी को मिला तो अधोहस्ताक्षरित। इसके बाद किसी भी दावे पर विचार नहीं किया जाएगा।
**Naveen Kumar Verma (advocate)**
F-211,sector-3 Vaishali Ghaziabad Uttar Pradesh-201010, Contact at-09958871432

**PUBLIC NOTICE**
General public is hereby informed that my client Sh. Ramveer Singh who is intending to purchase the Third Floor with roof rights Built up property bearing no. D-16, area measuring 37 sq. yds., with all its roof rights, out of khasra no.17/2, situated in the area of village khyala, and the colony known as Vishnu garden extension no.5, new delhi-110018 from Smt. Ranjit Kaur owner vide of relinquishment deed dated 26.11.2018 executed by (1) Smt. Pradeep Kaur, (2) Amardeep Kaur, (3) Harveer Kaur, (4) Mandish Kaur vide doc no.13338 and said property to be financed by Hero Housing Finance Ltd. having its Branch Address at Unit No. 400, Plot No.-A-9, GD ITL North- Ext-Tower Netaji Subhash Place Road, Pitampura, Delhi-110034. That, Sh. Tarlok Singh became the owner of the entire property through sale deed dated 20.10.2006 executed by Sh. Pawan Kumar vide doc no.20313. Further, Sh. Tarlok Singh had died on 07.04.2011 leaving behind his legal heirs namely (1) Pradeep Kaur (Daughter), (2) Amardeep Kaur (Daughter), (3) Harveer Kaur (Daughter), (4) Mandish Kaur (Daughter), Ranjit Kaur (Wife) but death certificate & SMC of Late Sh. Tarlok Singh are not available in the record. If any person(s) objection for subject property, then kindly may contact the undersigned along with original property document, within 14 days from date of this notice on below mentioned address, failing which, the claim as per aforesaid shall be treated as null and void in respect of the subject property.
**[ASHWANI KUMAR] Advocate**
Chamber No. 122, Tehsil Compound, Ghaziabad, U.P.

**सार्वजनिक सूचना**
आम जनता को यह जानकारी दी जाती है कि हमारी ग्राहक श्री मनीष मेहता और श्रीमती शीतल मेहता डी.एल.एफ. के फ्रीहोल्ड आवासीय संपूर्ण तृतीय तल के मालिक हैं। ग्राम घोंडली, इलाक़ा शाहदरा दिल्ली-110051 के क्षेत्र में, कृष्ण नगर के लेआउट प्लान में स्थित ब्लॉक-ए-6 में निर्मित संपत्ति संख्या ए-6/16, क्षेत्रफल 97.5 वर्ग गज। विक्रय विलेख के आधार पर दिनांक 27.07.2023 को विधिवत एस.आर. में पंजीकृत किया गया। IV-बी, विवेक विहार नई दिल्ली, दस्तावेज़ संख्या 7325, पुस्तक संख्या 1, खंड संख्या 3849, पृष्ठ 177-187 दिनांक 24.07.2023, नीचे दिए गए श्रृंखला दस्तावेज़ में उल्लिखित दस्तावेज़ उपलब्ध नहीं है यानी सुनील खन्ना का कानूनी उत्तराधिकारी प्रमाण पत्र अब हमारे ग्राहक हैं यह घोषणा कर रहा है कि किसी अन्य व्यक्ति का उक्त संपत्ति पर कोई अधिकार नहीं है, और इसका वित्तपोषण डीसीबी बैंक लिमिटेड, करोल बाग, नई दिल्ली द्वारा किया गया है। यदि किसी भी व्यक्ति को उक्त संपत्ति में अधिकार@स्वामित्व या हित के संबंध में कोई आपत्ति या दावा है तो इस नोटिस के प्रकाशन की तारीख से 15 दिनों के भीतर हमसे संपर्क करें या उसी को संपर्क करें। यदि किसी को मिला तो अधोहस्ताक्षरित। इसके बाद किसी भी दावे पर विचार नहीं किया जाएगा।
**Naveen Kumar Verma (advocate)**
F-211,sector-3 Vaishali Ghaziabad Uttar Pradesh-201010, Contact at-09958871432

# ਦੇਵ ਮਾਨ ਨੇ ਪਿੰਡ ਨਿਰਮਾਣਾ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਨਾਭਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾ ਹੇਠ ਪੰਜਾਬ ਵਿੱਚ ਵੱਡੇ ਪੱਧਰ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਇਸ ਲੜੀ ਤਹਿਤ ਹਲਕਾ ਨਾਭਾ ਵਿੱਚ ਵੀ ਵੱਡੇ ਪੱਧਰ ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਪਿੰਡ ਨਿਰਮਾਣਾ ਵਿਖੇ ਸ਼ਮਸ਼ਾਨ ਘਾਟ ਨੂੰ ਜਾਣ ਵਾਲੇ ਰਸਤੇ ਨੂੰ ਇੰਟਰਲਾਕਿੰਗ ਟਾਇਲ ਨਾਲ ਪੱਕਾ ਕਰਨ ਦਾ ਉਦਘਾਟਨ ਕਰਨ ਉਪਰੰਤ ਕੀਤਾ ਉਨ੍ਹਾਂ ਦੱਸਿਆ ਕਿ ਅੱਜ ਪਿੰਡ ਨਿਰਮਾਣਾ ਵਿਖੇ ਤਕਰੀਬਨ 10 ਲੱਖ ਰੁਪਏ ਦੀ ਲਾਗਤ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਕਾਰਜਾਂ ਲਈ ਇਸ ਪਿੰਡ ਨੂੰ ਗ੍ਰਾਂਟ ਜਾਰੀ ਕੀਤੀ ਜਾਵੇਗੀ ਇਸ ਮੌਕੇ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਵਿਧਾਇਕ ਦੇਵ ਮਾਨ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਉਨ੍ਹਾਂ ਦੇ ਨਾਲ ਅਰਸ਼ਦੀਪ ਸਿੰਘ ਜੇ ਹੈ , ਤੇਜਿੰਦਰ ਸਿੰਘ ਖਹਿਰਾ, ਧਰਮਿੰਦਰ ਸਿੰਘ ਸੁਖੇਵਾਲ , ਹੰਸਾ ਸਿੰਘ, ਗੁਰਪ੍ਰੀਤ ਸਿੰਘ , ਗੁਰਤੇਜ ਸਿੰਘ ਸਰਪੰਚ, ਮੱਖਣ ਸਿੰਘ, ਗੁਰਧਿਆਨ ਸਿੰਘ, ਸਤਨਾਮ ਸਿੰਘ ,ਮਨਦੀਪ ਸਿੰਘ, ਚਮਕੌਰ ਸਿੰਘ, ਬਲਵੀਰ ਸਿੰਘ, ਦਲਵੀਰ ਸਿੰਘ, ਹੈਪੀ , ਵੀਲਾ, ਇੰਦਰਜੀਤ ਸਿੰਘ ਬਿੱਟਾ , ਸੁਦਾਗਰ ਸਿੰਘ, ਭੁਪਿੰਦਰ ਸਿੰਘ ਕੱਲਰ ਮਾਜਰੀ , ਜਸਵੀਰ ਸਿੰਘ ਵਜੀਦਪੁਰ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।

# ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ ਵੱਲੋਂ ਗਣਤੰਤਰ ਦਿਵਸ ਦੀ 75ਵੀਂ ਵਰੇਗੰਢ ਧੂਮ-ਧਾਮ ਨਾਲ ਮਨਾਈ



**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਤਰਾਖੰਡ ਸਭਾ ਪਟਿਆਲਾ ਅਤੇ ਉਤਰਾਂਚਲੀ ਕਲਚਰਲ ਵੈਲਫੇਅਰ ਸੁਸਾਇਟੀ (ਰਜਿ. )ਪਟਿਆਲਾ ਵਲੋਂ ਗਣਤੰਤਰ ਦਿਵਸ ਦੀ 75ਵੀਂ ਵਰੇਗੰਢ ਸੰਸਥਾ ਦੇ ਨਵੇਂ ਬਣੇ ਓਤਰਾਖੰਡ ਧਰਮਸ਼ਾਲਾ ਭਵਨ ਪਟਿਆਲਾ ਦੇ ਗਰਾਊਂਡ, ਏਕਤਾ ਨਗਰ-ਬੀ, ਪਟਿਆਲਾ ਵਿਖੇ ਉਤਸ਼ਾਹ ਨਾਲ ਮਨਾਈ ਗਿਆ ।

ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਸ਼੍ਰੀ ਵਿਸ਼ਵੇਸ਼ਵਰ ਪ੍ਰਸਾਦ ਸ਼ਰਮਾਂ (ਪੂਰਵ ਜਨਰਲ ਸਕੱਤਰ ਉਤਰਾਖੰਡ ਸਭਾ ਪਟਿਆਲਾ) ਵਲੋਂ ਅਦਾ ਕੀਤੀ ਗਈ। ਅਤੇ ਹਾਜਰ ਸਾਰੇ ਜਨਾਂ ਨੇ ਰਾਸ਼ਟਰੀ ਗਾਨ ਗਾਇਆ ।

ਇਸ ਮੌਕੇ ਤੇ, ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸ਼੍ਰੀ ਉਮਪਰਕਾਸ਼ ਸ਼ਰਮਾਂ ,ਸ਼੍ਰੀ ਰਾਮ ਕਥਾ ਵਿਆਸ਼ ਸ਼੍ਰੀ ਆਦੇਸ਼ ਸ਼ਾਸਤਰੀ ਜੀ ਦਾ ਵੀ ਨਿੱਘਾ ਸਵਾਗਤ ,ਸਤਿਕਾਰ ਕੀਤਾ ਗਿਆ। ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾਏ। ਏਸ਼ ਮੋਕੇ ਦੇਸ਼ ਦੇ ਸਹਿਦਾਂ ਅਤੇ ਉਹਨਾਂ ਦੀ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਵੀ ਦਿਤੀ ਗਈ। ਅੰਤ ਵਿੱਚ ਦੇਸ਼ ਦੇ ਸੰਵਿਧਾਨ ਅਤੇ ਦੇਸ਼ ਦੇ ਪ੍ਰਤੀ ਅਪਣੀ ਨਿਸ਼ਠਾ ਦਾ ਇਜਹਾਰ ਕਰਦੇ ਸੰਵਿਧਾਨ ਨਿਰਮਾਤਾ ਨੂੰ ਪ੍ਰਣਾਮ ਕੀਤਾ ਗਿਆ ਅਤੇ ਇਸ ਦਿਨ ਖੁਸੀ ਦਾ ਇਜਹਾਰ ਕਰਦੇਆਂ ਸਭਨਾਂ ਵਿੱਚ ਮਿਠਾਈ ਵੀ ਵਰਤਾਈ ਗਈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਸ੍ਰੀ ਦੂਰਗਾ ਸੇਵਾ ਦਲ ਨੇ ਲੋੜਵੰਦਾਂ ਨੂੰ ਕੰਬਲ ਅਤੇ ਕੱਪੜੇ ਵੰਡੇ



**ਸੰਗਰੂਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਹਸਪਤਾਲ ਸੰਗਰੂਰ ਦੇ ਲੰਗਰ ਭਵਨ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. (ਪ੍ਰੋ) ਐਸ.ਪੀ.ਸਿੰਘ ਓਬਰਾਏ ਵੱਲੋਂ ਭੇਜੇ ਆਰਥਕ ਤੌਰ ਤੇ ਕਮਜੋਰ ਅਤੇ ਲੋੜਵੰਦਾਂ ਨੂੰ ਕੰਬਲ ਅਤੇ ਉਥੇ ਹੀ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਇਸ ਪੈ ਰਹੀ ਸਰਦੀ ਦੌਰਾਨ ਬੱਚਿਆਂ ਨੂੰ ਕੱਪੜੇ ਵੰਡੇ ਗਏ। ਇਹ ਸਾਦਾ ਸਮਾਗਮ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਚਲਾਏ ਜਾ ਰਹੇ ਲੰਗਰ ਹਾਲ ਵਿਖੇ ਸ.ਸੁਖਮਿੰਦਰ ਸਿੰਘ ਹਰਮਨ ਤੇ ਸ੍ਰੀ ਅਰੂਪ ਸਿੰਗਲਾ ਦੀ ਅਗਵਾਈ ਹੇਠ 80 ਗਰਮ ਕੰਬਲ ਅਤੇ ਇੰਨੇ ਹੀ ਬੱਚਿਆਂ ਨੂੰ ਕਪੜੇ, ਟੋਪੀਆਂ ਆਦਿ ਵੰਡੇ ਗਏ। ਇਸ ਸਮੇਂ ਸ. ਸੁਖਮਿੰਦਰ ਸਿੰਘ ਹਰਮਨ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਡਾ. (ਪ੍ਰੋ) ਐਸ.ਪੀ.ਸਿੰਘ ਓਬਰਾਏ ਵੱਲੋਂ ਭੇਜੇ ਗਏ ਕੰਬਲ 3 ਦਿਨ ਪਹਿਲਾਂ ਵੀ ਸੰਸਥਾ ਦੇ ਦਫ਼ਤਰ ਵਿੱਖੇ ਲੋੜਵੰਦ 70 ਦੇ ਕਰੀਬ ਕੰਬਲ ਹੋਟਲ ਹਰਮਨ ਵਿੱਖੇ ਵੰਡੇ ਸਨ। ਅੱਜ ਦੂਸਰੀ ਵਾਰ ਸ੍ਰੀ ਦੁਰਗਾ ਸੇਵਾ ਦਲ ਦੇ ਦਫ਼ਤਰ ਵਿਖੇ ਰੱਖੇ ਸਮਾਗਮ ਵਿੱਚ ਲੋੜਵੰਦਾਂ ਨੂੰ ਕੰਬਲ ਵੰਡੇ। ਇਸ ਸਮੇਂ ਸ੍ਰੀ ਦੁਰਗਾ ਸੇਵਾ ਦਲ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਹਨਾਂ ਵੱਲੋਂ ਆਰਥਕ ਤੌਰ ਤੇ ਕਮਜੋਰ ਬੱਚਿਆਂ ਨੂੰ ਸਰਦੀ ਤੋਂ ਬਚਾਉਣ ਲਈ ਕੱਪੜੇ ਟੋਪੀਆਂ ਆਦਿ ਪਹਿਲਾਂ ਵੀ ਵੰਡੀਆਂ ਗਈਆਂ ਹਨ ਤੇ ਅੱਜ ਵੀ ਜਿਹੜੇ ਪਰਿਵਾਰ ਕੰਬਲ ਲੈਣ ਲਈ ਇਥੇ ਆਏ ਸਨ ਉਹਨਾਂ ਨਾਲ ਆਏ ਬੱਚਿਆਂ ਨੂੰ ਕੱਪੜੇ ਵੰਡੇ ਗਏ।

ਇਥੇ ਇਹ ਵੀ ਵਰਣਨਯੋਗ ਹੈ ਕਿ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਸਿਵਲ ਹਸਪਤਾਲ ਸੰਗਰੂਰ ਵਿੱਖੇ ਮਰੀਜਾਂ ਤੇ ਇਹਨਾਂ ਦੀ ਦੇਖ ਭਾਲ ਕਰਨ ਆਏ ਲੋਕਾਂ ਨੂੰ ਰੋਜਾਨਾ ਲੰਗਰ, ਦਾਲ, ਦਲੀਆ, ਦੁੱਧ ਆਦਿ ਵੰਡਿਆ ਜਾਂਦਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਮੇਲ ਸਿੰਘ ਲੱਡਾ, ਕੁਲਵੰਤ ਸਿੰਘ ਬਾਜਵਾ, ਫਤਿਹ ਪ੍ਰਭਾਕਰ, ਓਮ ਪ੍ਰਕਾਸ਼ ਗਰੋਵਰ, ਮੈਡਮ ਸੰਤੋਸ਼, ਰਾਣੀ ਸਿੰਗਲਾ, ਮੈਡਮ ਰਮਨ ਗੋਇਲ, ਡਿੰਪਲ ਜਿੰਦਲ, ਗੁਰਮੀਤ ਸਿੰਘ, ਪ੍ਰਿੰਸ ਪਾਠਕ, ਸੋਮ ਨਾਥ, ਪਵਨ ਕੁਮਾਰ, ਦੇਵ ਰਾਜ ਤੇ ਹੋਰ ਮੈਂਬਰ ਮੌਜੂਦ ਸਨ।

# ਸਵ: ਦਿਲਸ਼ਾਦ ਅਖ਼ਤਰ ਯਾਦਗਾਰੀ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ

## ਪ੍ਰਸਿੱਧ ਹਾਕਮ ਬਖਤੜੀਵਾਲਾ, ਗੁਰਦੇਵ ਸੰਧੂ, ਸੁਖਦੀਪ ਬੱਗਾ, ਹਰਪ੍ਰੀਤ ਮਾਂਗਟ ਤੇ ਹੁਸ਼ਿਆਰ ਮਾਹੀ ਨੇ ਰੰਗ ਬੰਨਿਆ



**ਮਾਛੀਵਾੜਾ ਸਾਹਿਬ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪ੍ਰਸਿੱਧ ਗਾਇਕ ਸਵਰਗੀ ਦਿਲਸ਼ਾਦ ਅਖਤਰ ਦੀ ਯਾਦ ਵਿੱਚ ਸਲਾਨਾ 18ਵਾਂ ਸੱਭਿਆਚਾਰਕ ਮੇਲਾ ਸਥਾਨਕ ਦੁਸ਼ਹਿਰਾ ਗਰਾਊਂਡ ਵਿੱਚ ਕਰਵਾਇਆ ਗਿਆ।

ਇਸ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦਿਲ ਆਰਟ ਕਲੱਬ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਤੇ ਗਾਇਕ ਗੁਰਦੇਵ ਸੰਧੂ ਨੇ ਦੱਸਿਆ ਕਿ ਇਸ ਮੇਲੇ ਦਾ ਉਦਘਾਟਨ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ ਅਤੇ ਸਵ: ਦਿਲਸ਼ਾਦ ਅਖ਼ਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਫਿਲਮੀ ਅਦਾਕਾਰ ਹੌਬੀ ਧਾਲੀਵਾਲ ਤੇ ਜੋਰਾ ਪ੍ਰੋਡਕਸ਼ਨ ਦੇ ਮਾਲਕ ਸੈਮੀ ਉਬਰਾਏ ਨੇ ਦਿਲਸ਼ਾਦ ਅਖਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕਿਹਾ ਕਿ ਕਿ ਮਰਹੂਮ ਦਿਲਸ਼ਾਦ ਅਖਤਰ ਪੰਜਾਬੀ ਇੰਡਸਟਰੀ ਦੇ ਇਕ ਮਹਾਨ ਕਲਾਕਾਰ ਸਨ ਤੇ ਉਹਨਾਂ ਦੀ ਯਾਦ ਵਿੱਚ ਇਹ ਸੱਭਿਆਚਾਰਕ ਮੇਲਾ ਕਰਵਾਉਣਾ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੈ। ਗੁਰਦੇਵ ਸੰਧੂ ਨੇ ਦੱਸਿਆ ਕਿ ਇਸ ਵਾਰ ਦਾ ਦਿਲਸ਼ਾਦ ਅਖਤਰ ਯਾਦਗਾਰੀ ਅਵਾਰਡ ਗਾਇਕ ਚਰਨਜੀਤ ਬਿਲਾਸਪੁਰੀ ਤੇ ਸ਼ਮਸ਼ੇਰ ਚੀਨਾ ਨੂੰ ਦਿੱਤਾ ਗਿਆ ਅਤੇ ਗੀਤਕਾਰ ਅਵਾਰਡ ਸ਼ਫੀ ਜਲਬੇਹੜਾ ਤੇ ਜਿੰਦਰ ਪੰਜਕੋਹਾ ਨੂੰ ਦਿੱਤਾ ਗਿਆ। ਇਸ ਮੌਕੇ ਦਿਲਸ਼ਾਦ ਅਖਤਰ ਦੇ ਸ਼ਾਗਿਰਦ ਗਾਇਕ ਗੁਰਦੇਵ ਸੰਧੂ ਨੇ ਉਹਨਾਂ ਦਾ ਪ੍ਰਸਿੱਧ ਗੀਤ 'ਮੇਲਾ ਦੋ ਦਿਨ ਦਾ ਢਾਈ ਦਿਨ ਦੀ ਜਿੰਦਗਾਨੀ' ਗਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸੱਭਿਆਚਾਰਕ ਮੇਲੇ ਦਾ ਮੰਚ ਸੰਚਾਲਨ ਗੁਰਦਾਸ ਕੈੜਾ ਨੇ ਬਾਖੂਬੀ ਨਿਭਾਇਆ।

ਇਸ ਮੇਲੇ ਵਿੱਚ ਸਵੇਰੇ 11 ਵਜੇ ਤੋਂ ਲੈ ਕੇ ਦੇਰ ਰਾਤ ਤੱਕ ਹਾਕਮ ਬਖਤੜੀਵਾਲਾ, ਹਰਪ੍ਰੀਤ ਮਾਂਗਟ, ਸੁਖਦੀਪ ਬੱਗਾ, ਆਤਮਾ ਬੁੱਢੇਵਾਲੀਆ, ਦਲਵਿੰਦਰ ਦਿਆਲਪੁਰੀ, ਲਾਡੀ ਧਾਲੀਵਾਲ, ਇੰਦੀ ਬਲਿੰਗ, ਪ੍ਰਵੀਨ ਅਖਤਰ, ਨਜ਼ਮਾਂ ਖਾਨ, ਹੁਸ਼ਿਆਰ ਮਾਹੀ ਤੇ ਰਮਨ ਸੱਗੂ, ਤਨਵੀਰ ਗੋਗੀ, ਵਣਜਾਰਾ, ਵਾਹਿਦ ਅਖ਼ਤਰ, ਬਲਵਿੰਦਰ ਬੱਬੀ ਤੇ ਕੌਰ ਪੂਜਾ, ਰਜਨੀ ਸਾਗਰ, ਮੈਂਡੀ ਕਾਲੜਾ, ਮੁਖਤਿਆਰ ਮਣਕਾ ਤੋਂ ਇਲਾਵਾ ਹੋਰ ਕਲਾਕਾਰਾਂ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਆਗੂ ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਜਸਵੀਰ ਸਿੰਘ ਗਿੱਲ, ਵਨੀਤ ਕੁਮਾਰ ਝੜੌਦੀ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ ਕਾਹਲੋਂ, ਬਲਵਿੰਦਰ ਮਾਨ, ਸੁਖਵਿੰਦਰ ਮਾਨ, ਪਰਮਿੰਦਰ ਨੋਨਾ, ਕੁਲਵਿੰਦਰ ਮਾਨ, ਰਾਜਦੀਪ ਸਿੰਘ ਅਲਬੇਲਾ, ਅਮਰਜੀਤ ਸਿੰਘ ਛਾਬੜਾ, ਹਰਮੇਸ਼ ਮੇਸ਼ੀ, ਕੁਲਵਿੰਦਰ ਕਿੰਦਾ, ਸੁੱਖਾ ਸਿੰਘ, ਜਗਤਾਰ ਸਿੰਘ ਜੱਸੋਵਾਲ, ਸੌਰਵ ਯੂਕੇ, ਕੇਵਲ ਢਿੱਲੋਂ ਯੂਕੇ, ਜਗਰੂਪ ਸਿੰਘ ਯੂਕੇ, ਰਛਪਾਲ ਸਿੰਘ ਢੀਂਡਸਾ ਯੂ.ਐੱਸ.ਏ., ਸਨੇਹ ਢੀਂਡਸਾ, ਸੋਹਣ ਸਿੰਘ ਬੇਦੀ, ਅਸ਼ੋਕ ਕੁਮਾਰ, ਸੋਹਣ ਸਿੰਘ, ਸੁਰਜੀਤ ਸਿੰਘ ਰਾਣੀ, ਪੱਪੂ ਰੰਗੀਲਾ, ਪ੍ਰੀਤੂ ਰਾਮ, ਦਿਲਬਰ ਸੰਧੂ,ਰਜਿੰਦਰ ਸਿੰਘ ਰਾਜੇਵਾਲ, ਸੁਰਿੰਦਰ ਕੁਮਾਰ ਵਰਮਾ, ਸਰਬਜੀਤ ਸਿੰਘ ਸਾਬੀ, ਸਿਕੰਦਰ ਰੰਧਾਵਾ, ਪ੍ਰਿੰਸ ਕੁਮਾਰ, ਰਾਜਵੀਰ ਸਿੰਘ ਤੇ ਰਾਹੁਲ ਕੁਮਾਰ ਆਦਿ ਵੀ ਮੌਜੂਦ ਸਨ।

# ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਨੇ ਵਜ਼ੀਫਾ ਪ੍ਰੀਖਿਆ ਕਰਵਾਈ

**ਲਹਿਰਾਗਾਗਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਅੱਜ 15 ਸੈਂਟਰਾਂ ਤੇ ਵਜ਼ੀਫਾ ਪ੍ਰੀਖਿਆ ਕਰਵਾਈ ਗਈ ਜਿਸ ਦੇ ਤਹਿਤ ਬਲਾਕ ਲਹਿਰਾਗਾਗਾ ਵੱਲੋਂ 34ਵੀਂ ਵਜੀਫਾ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਕੰਨਿਆ ਵਿਖੇ ਕਰਵਾਈ ਗਈ।

ਪ੍ਰੀਖਿਆ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਪਸੌਰ ਅਤੇ ਸਕੱਤਰ ਗੁਰਮੀਤ ਸਿੰਘ ਸੇਖੂਵਾਸ ਨੇ ਦੱਸਿਆ ਕਿ ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਵੱਲੋਂ ਜਿਲ੍ਹਾ ਸੰਗਰੂਰ ਵਿੱਚ ਪਿਛਲੇ 34 ਸਾਲਾਂ ਤੋਂ ਲਗਾਤਾਰ ਨਿਰਵਿਘਨ ਇਹ ਪ੍ਰੀਖਿਆ ਕਰਵਾਈ ਜਾ ਰਹੀ ਹੈ। ਇਸ ਵਾਰ ਦੀ ਇਹ 34ਵੀਂ ਵਜ਼ੀਫਾ ਪ੍ਰੀਖਿਆ ਪ੍ਰਸਿੱਧ ਆਜ਼ਾਦੀ ਘੁਲਾਟੀਏ ਮਹਾਨ ਪੱਤਰਕਾਰ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਸਮਰਪਿਤ ਹੈ।

ਪ੍ਰਾਈਵੇਟ ਸਕੂਲਾਂ ਦੇ ਪੰਜਵੀਂ ,ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ ਭਾਗ ਲੈਂਦੇ ਹਨ। ਬਲਾਕ ਲਹਿਰਾਂ ਦੇ ਵੱਖ-ਵੱਖ ਸਕੂਲਾਂ ਵਿੱਚੋਂ ਲਗਭਗ 231 ਵਿਦਿਆਰਥੀ ਇਸ ਪ੍ਰੀਖਿਆ ਵਿੱਚ ਸ਼ਾਮਿਲ ਹੋਏ।ਪ੍ਰੀਖਿਆ ਵਿੱਚੋਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਪ੍ਰਾਈਵੇਟ ਅਤੇ ਸਰਕਾਰੀ ਕੈਟਾਗਰੀ ਦੀ ਅਲੱਗ ਅਲੱਗ ਮੈਰਿਟ ਬਣਾ ਕੇ ਉਹਨਾਂ ਨੂੰ ਨਕਦ ਅਤੇ ਹੋਰ ਹੌਸਲਾ ਵਧਾਊ ਇਨਾਮ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਮੌਕੇ ਸਰਬਜੀਤ ਸਿੰਘ ਕਿਸ਼ਨਗੜ, ਨਰੇਸ਼ ਕੁਮਾਰ, ਕਾਲਾ ਖਾਨ, ਪ੍ਰਦੀਪ ਕੁਮਾਰ, ਜਗਤਾਰ ਸਿੰਘ, ਗੁਰਚਰਨ ਸਿੰਘ ਰਮਨਦੀਪ ਸਿੰਘ, ਹਰਦੀਪ ਸਿੰਘ, ਅਮਨਿੰਦਰ ਸਿੰਘ , ਚਮਕੌਰ ਸਿੰਘ, ਬਲਕਾਰ ਸਿੰਘ, ਪ੍ਰਿਤਪਾਲ ਸਿੰਘ, ਸੁਖਚੈਨ ਸਿੰਘ, ਉਮਾ ਚਰਨ, ਧਨਵੰਤ ਸਿੰਘ, ਕਿਰਨਪਾਲ ਸਿੰਘ ਗਾਗਾ, ਮੈਡਮ ਦੀਪਤੀ, ਮੈਡਮ ਸ਼ੇਣੀਕਾ ਸਿੰਗਲਾ , ਜਗਜੀਤ ਸ਼ਰਮਾ ਅਤੇ ਭਰਾਤਰੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੋਂ ਗੁਰਚਰਨ ਖੋਖਰ ਸ਼ਾਮਿਲ ਹੋਏ।

# ਐਸ.ਐਸ.ਜੈਨ ਸਭਾ ਦੀ ਨਵੀਂ ਕਾਰਜਕਾਰਨੀ ਦਾ ਗਠਨ, ਰਾਜੇਸ਼ ਜੈਨ ਪ੍ਰਧਾਨ ਨਿਯੁਕਤ



**ਰਾਮਾਂ ਮੰਡੀ , 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੈਨ ਸਮਾਜ ਦੀ ਇੱਕ ਬਹੁਤ ਹੀ ਅਹਿਮ ਮੀਟਿੰਗ ਐਸ.ਐਸ.ਜੈਨ ਸਭਾ ਵਿੱਚ ਹੋਈ ਜਿਸ ਵਿੱਚ ਜੈਨ ਸਭਾ ਦੀ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਗਿਆ ਅਤੇ ਇਸ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਰਾਜੇਸ਼ ਜੈਨ ਨੂੰ ਪ੍ਰਧਾਨ, ਡਾ. ਮੋਹਿਤ ਜੈਨ ਨੂੰ ਮੀਤ ਪ੍ਰਧਾਨ ਬਣਾਇਆ ਗਿਆ ? ਅਤੇ ਐਡਵੋਕੇਟ ਨਿਤੇਸ਼ ਜੈਨ ਨੂੰ ਸਕੱਤਰ ,ਵਿਨੋਦ ਜੈਨ ਨੂੰ ਸੰਯੁਕਤ ਸਕੱਤਰ, ਅਭਿਸ਼ੇਕ ਜੈਨ ਨੂੰ ਮੈਨੇਜਰ, ਰਾਧੇਸ਼ਿਆਮ ਜੈਨ ਨੂੰ ਸਰਪ੍ਰਸਤ ਅਤੇ ਰਾਜੀਵ ਜੈਨ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ।

ਸਮੂਹ ਜੈਨ ਸਮਾਜ ਨੇ ਇਸ ਨਿਯੁਕਤੀ ਤੇ ਵਧਾਈ ਦਿੱਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ-ਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਜੋ ਉਨ੍ਹਾਂ ਨੂੰ ਜ਼ੁੰਮੇਵਾਰੀ ਸੌਂਪੀ ਗਈ ਹੈ ਅਤੇ ਉਹ ਪੂਰੀ ਤਰ੍ਹਾਂ ਖਰੇ ਉਤਰਨ ਦੀ ਕੋਸ਼ਿਸ਼ ਕਰਨਗੇ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਇਆ ਗਿਆ ਅੱਖਾਂ ਦਾ ਫ੍ਰੀ ਕੈਂਪ



**ਤਰਨਤਾਰਨ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਔਖੀ ਘੜੀ ਵੇਲੇ ਲੋੜਵੰਦਾਂ ਲਈ ਸਭ ਤੋਂ ਮੋਹਰੀ ਹੋ ਕੇ ਨਿਸ਼ਕਾਮ ਸੇਵਾ ਕਾਰਜ ਨਿਭਾਉਣ ਵਾਲੇ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਨੂੰ ਸਮਰਪਿਤ ਕੀਤੇ ਜਾ ਰਹੇ ਕਾਰਜਾਂ ਤਹਿਤ ਟਰੱਸਟ ਵੱਲੋਂ ਪਿੰਡ ਨਦੋਹਰ ਦੀ ਸੰਗਤ ਦੇ ਸਹਿਯੋਗ ਨਾਲ ਐਤਵਾਰ ਨੂੰ ਅੱਖਾਂ ਦਾ ਵਿਸ਼ਾਲ ਮੁਫ਼ਤ ਕੈਂਪ ਪਿੰਡ ਦੇ ਗੁਰਦੁਆਰਾ ਨਾਮ ਜਪੋ ਸਾਹਿਬ ਵਿਖੇ ਲਗਾਇਆ ਗਿਆ।ਜਿਸ ਦੌਰਾਨ 350 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੀ ਤਰਨਤਾਰਨ ਇਕਾਈ ਦੇ ਪ੍ਰਧਾਨ ਪ੍ਰਿੰਸ ਧੁੰਨਾ ਨੇ ਦੱਸਿਆ ਕਿ ਡਾਕਟਰ ਓਬਰਾਏ ਦਾ ਨਾਮ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਅੱਜ ਉਨ੍ਹਾਂ ਦੀ ਅਗਵਾਈ ਹੇਠ 621ਵਾਂ ਅੱਖਾਂ ਦਾ ਕੈਂਪ ਪਿੰਡ ਨਦੋਹਰ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ ਹੈ।ਜਿਸ ਦੌਰਾਨ ਮਰੀਜ਼ਾਂ ਦਾ ਚੈੱਕਅਪ ਲੁਧਿਆਣੇ ਦੇ ਮਸ਼ਹੂਰ ਹਸਪਤਾਲ ਸ਼ੰਕਰਾ ਆਈ ਕੇਅਰ ਦੇ ਡਾਕਟਰਾਂ ਵੱਲੋਂ ਕੀਤਾ ਗਿਆ ਹੈ । ਉਨ੍ਹਾਂ ਦੱਸਿਆ ਕੈਂਪ ਦੌਰਾਨ 350 ਮਰੀਜ਼ਾਂ ਵਲੋਂ ਆਪਣਾ ਚੈੱਕਅਪ ਕਰਵਾਇਆ ਗਿਆ। 150 ਲੋੜਵੰਦ ਮਰੀਜ਼ਾਂ ਨੂੰ ਨਜ਼ਰ ਦੀਆਂ ਐਨਕਾਂ ਅਤੇ ਦਵਾਈਆਂ ਤਕਸੀਮ ਕਰਨ ਤੋਂ ਇਲਾਵਾ 40 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ ਹਨ।

ਜਿਨ੍ਹਾਂ ਨੂੰ ਮੌਕੇ 'ਤੇ ਹੀ ਬੱਸ ਰਾਹੀਂ ਹਸਪਤਾਲ ਲਈ ਰਵਾਨਾ ਕਰ ਦਿੱਤਾ ਗਿਆ ਹੈ।ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੇ ਪ੍ਰੈੱਸ ਸਕੱਤਰ ਕੇ.ਪੀ ਗਿੱਲ ਨੇ ਦੱਸਿਆ ਕਿ ਟਰੱਸਟ ਵੱਲੋਂ ਲਗਾਤਾਰ ਜਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਪਿੰਡਾਂ ਵਿੱਚ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ।ਜਿਸਦਾ ਇਲਾਕੇ ਦੇ ਲੋਕ ਭਰਪੂਰ ਲਾਹਾ ਪ੍ਰਾਪਤ ਕਰ ਰਹੇ ਹਨ।ਉਹਨਾਂ ਦੱਸਿਆ ਕਿ ਏਸੇ ਤਰ੍ਹਾਂ 8 ਫਰਵਰੀ ਦਿਨ ਵੀਰਵਾਰ ਨੂੰ ਸ਼ਹੀਦ ਬਾਬਾ ਭੂਪ ਸਿੰਘ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਪਿੰਡ ਬਾਹਮਣੀ ਵਾਲਾ ਵਿਖੇ ਕੈਂਪ ਦਾ ਆਯੋਜਨ ਕੀਤਾ ਜਾਵੇਗਾ।

ਲੋੜਵੰਦ ਮਰੀਜ਼ ਇਸ ਕੈਂਪ 'ਚ ਚੈੱਕਅਪ ਕਰਵਾ ਸਕਦੇ ਹਨ। ਅਖ਼ੀਰ ਵਿੱਚ ਟਰੱਸਟ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਪਿੰਡ ਨਦੋਹਰ ਦੀ ਸਮੂਹ ਟੀਮ ਨਗਰ ਨਿਵਾਸੀ ਅਤੇ ਡਾਕਟਰਾਂ ਦੀ ਟੀਮ ਦਾ ਕੈਂਪ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਸੰਧੂ ਕਨੇਡਾ,ਜਸਵੰਤ ਸਿੰਘ,ਵਾਈਸ ਪ੍ਰਧਾਨ ਵਿਸ਼ਾਲ ਸੂਦ,ਕੇਪੀ ਗਿੱਲ,ਸੁਖਦੇਵ ਸਿੰਘ,ਪਰਮਜੀਤ ਸਿੰਘ,ਗੁਰਭੇਜ ਸਿੰਘ, ਗੁਰਵੀਰ ਸਿੰਘ,ਅਰਮਾਨਪਰੀਤ ਸਿੰਘ, ਜਗਰੂਪ ਸਿੰਘ,ਗੁਰਪਾਲ ਸਿੰਘ,ਹਰਪ੍ਰੀਤ ਸਿੰਘ,ਕੁਲਵੰਤ ਸਿੰਘ,ਮਲਕੀਤ ਸਿੰਘ,ਸਾਹਿਬ ਸਿੰਘ ਅਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸੰਤ ਅਤਰ ਸਿੰਘ ਜੀ ਦੀ ਸਾਲਾਨਾ ਬਰਸੀ ਸਬੰਧੀ ਗੁਰਮਤਿ ਸਮਾਗਮ

**ਮਸਤੂਆਣਾ ਸਾਹਿਬ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਂਹਵੀਂ ਸਦੀ ਦੀ ਮਹਾਨ ਸ਼ਖਸੀਅਤ ਵਿੱਦਿਆ ਦਾਨੀ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਸਾਲਾਨਾ ਜੋਡ ? ਮੇਲਾ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ 30 ਜਨਵਰੀ ਤੋਂ 2 ਫਰਵਰੀ ਤੱਕ ਅਕਾਲ ਕਾਲਜ ਕੌਂਸਲ ਅਤੇ ਸੰਤ ਸੇਵਕ ਜਥਾ ਮਸਤੂਆਣਾ ਸਾਹਿਬ ਵੱਲੋਂ ਇਲਾਕੇ ਦੀਆਂ ਸਰਧਾਲੂ ਸੰਗਤਾਂ ਦੇ ਸਹਿਯੋਗ ਸਦਕਾ ਬਡ ?ੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ

ਅਕਾਲ ਕਾਲਜ ਕੌਂਸਲ ਦੇ ਮੁੱਖ ਪ੍ਰਬੰਧਕ ਡਾਕਟਰ ਭੂਪਿੰਦਰ ਸਿੰਘ ਪੂਨੀਆ, ਸਕੱਤਰ ਜਸਵੰਤ ਸਿੰਘ ਖਹਿਰਾ ਨੇ ਦੱਸਿਆ ਕਿ 30 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੀ ਲਡ ?ੀ ਆਰੰਭ ਕੀਤੀ ਜਾਵੇਗੀ।

2 ਫਰਵਰੀ ਨੂੰ ਸੰਤ ਕਿਸਨ ਸਿੰਘ ਯਾਦਗਾਰੀ ਖੇਡ ਮੈਦਾਨ ਵਿਖੇ ਖੁੱਲੇ ਪੰਡਾਲ ਵਿਚ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ ਇਸ ਮੌਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਉਚ ਕੋਟੀ ਦੇ ਵਿਦਵਾਨ ਗੁਣੀ ਗਿਆਨੀ-ਮਹਾਪੁਰਸ਼, ਰਾਗੀ, ਢਾਡੀ ਜਥਿਆਂ ਸਮੇਤ ਸਾਧੂ, ਸੰਤ, ਮਹਾਤਮਾਂ ਵਿਸ਼ੇਸ਼ ਤੌਰ ਤੇ ਪਹੁੰਚ ਕੇ ਸੰਤ ਬਾਬਾ ਅਤਰ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ ਅਤੇ ਨਿਰੋਲ ਧਾਰਮਿਕ ਵੀਚਾਰਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। 2 ਫਰਵਰੀ ਨੂੰ ਅੰਮ੍ਰਿਤ ਵੇਲੇ ਭੋਗ ਪਾਏ ਜਾਣਗੇ। ਇਸ ਮੌਕੇ ਕੌਂਸਲ ਦੇ ਪ੍ਰਬੰਧਕਾਂ ਬਲਦੇਵ ਸਿੰਘ ਭੰਮਾਵੱਦੀ, ਗੁਰਜੰਟ ਸਿੰਘ ਦੁੱਗਾਂ, ਭੁਪਿੰਦਰ ਸਿੰਘ ਗਰੇਵਾਲ, ਗਮਦੂਰ ਸਿੰਘ ਖਹਿਰਾ, ਸਤਨਾਮ ਸਿੰਘ ਦਮਦਮੀ ਨੇ ਦੱਸਿਆ ਕਿ ਇਹਨਾਂ ਬਰਸੀ ਸਮਾਗਮਾਂ ਮੌਕੇ ਇਲਾਕੇ ਦੀਆਂ ਲੱਖਾਂ ਦੀ ਤਾਦਾਦ ਅੰਦਰ ਸੰਗਤਾਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੀ ਵੱਡੀ ਗਿਣਤੀ ਵਿਚ ਸਰਧਾਲੂ ਪਹੁੰਚ ਰਹੇ ਹਨ। ਜਿਨ੍ਹਾਂ ਦੇ ਰਹਿਣ-ਸਹਿਣ ਦੇ ਪ੍ਰਬੰਧ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤੋਂ ਇਲਾਵਾ 30 ਜਨਵਰੀ ਨੂੰ ਬੱਚਿਆਂ ਦੇ ਸ਼ਬਦ ਕੀਰਤਨ ਅਤੇ ਦਸਤਾਰ ਸਜਾਉਣ ਮੁਕਾਬਲੇ ਕਰਵਾਏ ਜਾਣਗੇ।

ਇਸ ਤੋਂ ਇਲਾਵਾ ਸਵਰਗੀ ਢਾਡੀ ਭਾਨ ਸਿੰਘ ਭੌਰਾ ਲੌਂਗੋਵਾਲ ਦੀ ਯਾਦ ਵਿੱਚ 10 ਪੰਥ ਪ੍ਰਸਿੱਧ ਢਾਡੀ ਜਥਿਆਂ ਦੇ ਮੁਕਾਬਲੇ ਕਰਵਾਏ ਜਾਣਗੇ। ਰਾਤ ਨੂੰ ਗੱਤਕਾ ਪ੍ਰਦਰਸ਼ਨ ਹੋਵੇਗਾ ਅਤੇ ਦੇਰ ਸ਼ਾਮ ਨੂੰ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਅਤੇ ਗੁਰਦੁਆਰਾ ਜੋਤੀ ਸੂਰੂਪ ਸੰਗਰੂਰ ਤੋਂ ਅਤੇ 2 ਫਰਵਰੀ ਨੂੰ ਗੁਰਦੁਆਰਾ ਖੇੜੀ ਸਾਹਿਬ ਤੋਂ ਵਿਸ਼ਾਲ ਅਲੌਕਿਕ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਯੋਗ ਅਗਵਾਈ ਹੇਠ ਸ਼ਹਿਰ ਸੰਗਰੂਰ ਅਤੇ ਵੱਖ ਵੱਖ ਪਿੰਡਾਂ ਵਿਚੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਪਹੁੰਚੇਗਾ।

2 ਫਰਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ, ਤਖਤ ਸ਼੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਨਰਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲੇ, ਸੰਤ ਸੇਵਕ ਜਥੇ ਦੇ ਪ੍ਰਧਾਨ ਬਾਬਾ ਟੇਕ ਸਿੰਘ, ਬਾਬਾ ਬਲਜੀਤ ਸਿੰਘ ਫੱਕਰ, ਬਾਬਾ ਮਲਕੀਤ ਸਿੰਘ ਦਮਦਮਾ ਸਾਹਿਬ ਵਾਲੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਨਗੇ ਇਸ ਤੋਂ ਇਲਾਵਾ ਇਕ ਫਰਵਰੀ ਨੂੰ ਅਕਾਲ ਅਕੈਡਮੀ ਬੜੂ ਸਾਹਿਬ ਦੇ ਬੱਚੇ ਤੰਤੀ ਸਾਜਾਂ ਨਾਲ ਭਾਈ ਅਨਹਦ ਰਾਜ ਸਿੰਘ ਨਾਨਕਸਰ ਵਾਲੇ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਵਾਲੇ, ਪੰਥ ਪ੍ਰਸਿੱਧ ਢਾਡੀ ਗਿਆਨੀ ਸੁਰਜੀਤ ਸਿੰਘ ਵਾਰਸ, ਬਾਬਾ ਹੀਰਾ ਸਿੰਘ ਜੀ, ਬਾਬਾ ਹਰਨੇਕ ਸਿੰਘ ਲੰਗਰਾਂ ਵਾਲੇ, ਭਾਈ ਹਰਜਿੰਦਰ ਸਿੰਘ ਮਾਝੀ, ਭਾਈ ਅਨਹਦ ਰਾਜ ਸਿੰਘ ਲੁਧਿਆਣਾ ਅਤੇ ਹੋਰ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੀਆਂ। 2 ਫਰਵਰੀ ਨੂੰ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਹੋਵੇਗਾ।

# ਸਾਲਾਨਾ ਸੱਭਿਆਚਾਰਕ ਸਮਾਰੋਹ ਕਲਾਂਜਲੀ-2024 ਕਰਵਾਇਆ ਬੱਚਿਆਂ ਵੱਲੋਂ ਪੇਸ਼ਕਾਰੀਆਂ ਰਾਹੀਂ ਵਿਸ਼ਵ ਸ਼ਾਂਤੀ ਅਤੇ ਆਪਸੀ ਭਾਈਚਾਰੇ ਦਾ ਸੱਦਾ



**ਲਹਿਰਾਗਾਗਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਸਾਲਾਨਾ ਸੱਭਿਆਚਾਰਕ ਸਮਾਰੋਹ 'ਜਸ਼ਨ-ਏ-ਬਚਪਨ ਕਲਾਂਜਲੀ-2024' ਕਰਵਾਇਆ ਗਿਆ।

ਇਸ ਵਾਰ ਸਮਾਰੋਹ ਦਾ ਥੀਮ 'ਵਿਸ਼ਵ ਸ਼ਾਂਤੀ ਅਤੇ ਆਪਸੀ ਭਾਈਚਾਰਾ' ਸੀ। ਬੱਚਿਆਂ ਨੇ ਆਪੋ-ਆਪਣੀਆਂ ਕਲਾਸਾਂ ਦੇ ਸਿਲੇਬਸ 'ਤੇ ਆਧਾਰਿਤ ਨਾਟਕ, ਕੋਰੀਓਗ੍ਰਾਫੀਆਂ ਅਤੇ ਗੀਤ-ਸੰਗੀਤ ਪੇਸ਼ ਕੀਤਾ।

ਇਹਨਾਂ ਪੇਸ਼ਕਾਰੀਆਂ ਵਿੱਚ ਨਾਟਕ ਜਬ ਜਾਗੋ ਤਬ ਸਵੇਰਾ, ਬੁੱਕ ਦੈਟ ਸੇਵ ਦਾ ਅਰਥ, ਹਰਿ-ਹਰਿ ਕਾਕਾ, ਹੋਲੀ ਪੰਚਾਇਤ, ਇੱਕ ਬੰਦਾ ਹੁੰਦਾ ਸੀ, ਸਾਂਝੀ ਕੰਧ, ਸਿਰਜਣਾ, ਜਾਗੋ ਗ੍ਰਾਹਕ ਜਾਗੋ, ਵਾਇਟ ਹਾਊਸ, ਚੂੜੀਆਂ ਦਾ ਬਾਕਮਾਲ ਮੰਚਨ ਕੀਤਾ।

ਇਹ ਨਾਟਕਾਂ ਦੀ ਤਿਆਰੀ ਲਈ ਯਸ਼ ਸੰਗਰੂਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਛੋਟੇ ਬੱਚਿਆਂ ਦੇ ਡਾਂਸ, ਮਾਡਲਿੰਗ ਅਤੇ ਫੈਂਸੀ ਡਰੈਸ ਸ਼ੋਅ, ਮਾਪਿਆਂ ਦੀ ਮਾਡਲਿੰਗ ਤੋਂ ਇਲਾਵਾ ਸੀਨੀਅਰ ਵਿਦਿਆਰਥੀਆਂ ਦੇ ਭੰਗੜਾ, ਲੁੱਡੀ ਸ਼ੰਮੀ ਨੇ ਵੀ ਚੰਗਾ ਰੰਗ ਬੰਨ੍ਹਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਿਆ ਅਜਿਹੀ ਵਡਮੁੱਲੀ ਦਾਤ ਹੈ, ਜਿਸਨੂੰ ਕੋਈ ਚੁਰਾ ਨਹੀਂ ਸਕਦਾ। ਵਿਦਿਆਰਥੀਆਂ ਨੂੰ ਹੁਣੇ ਤੋਂ ਹੀ ਜ਼ਿੰਦਗੀ ਦੇ ਮਕਸਦ ਸਪੱਸ਼ਟ ਕਰਦਿਆਂ ਮਿਹਨਤ ਨਾਲ ਉਹਨਾਂ ਦੀ ਪ੍ਰਾਪਤੀ ਲਈ ਜੁਟ ਜਾਣਾ ਚਾਹੀਦਾ ਹੈ।

ਵਿਸ਼ੇਸ਼ ਮਹਿਮਾਨ ਵਿਧਾਇਕ ਬਰਿੰਦਰ ਕੁਮਾਰ ਗੋਇਲ ਅਤੇ ਡੀਐਸਪੀ ਦੀਪਕ ਰਾਏ ਨੇ ਸਕੂਲ ਦੀਆਂ ਵਿਦਿਅਕ, ਖੇਡ ਅਤੇ ਸੱਭਿਆਚਾਰ ਖੇਤਰ 'ਚ ਕੀਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

ਸਕੂਲ ਦੇ ਸਾਬਕਾ ਵਿਦਿਆਰਥੀਆਂ 'ਚੋਂ ਪੰਜਾਬ ਪੁਲਿਸ ਵਿੱਚ ਬਤੌਰ ਸਬ-ਇੰਸਪੈਕਟਰ ਭਰਤੀ ਹੋਏ ਹਰਪ੍ਰੀਤ ਕੌਰ ਅਤੇ ਸ਼ਗਨਪ੍ਰੀਤ ਸਿੰਘ ਜਵਾਹਰਵਾਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਕੂਲ ਦੇ 10 ਸਾਲਾਂ ਤੋਂ ਉੱਪਰ ਕੰਮ ਕਰ ਚੁੱਕੇ ਅਧਿਆਪਕਾਂ ਆਸ਼ਾ ਗੋਇਲ, ਗਗਨਦੀਪ ਕੌਰ, ਮੋਨਿਕਾ ਰਾਣੀ ਅਤੇ ਚਰਨਜੀਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ।

ਉੱਘੇ ਫਿਲਮੀ ਅਦਾਕਾਰ ਅਤੇ ਗਾਇਕ ਕਰਮਜੀਤ ਅਨਮੋਲ ਨੇ ਦੋਵੇਂ ਦਿਨ ਸ਼ਿਰਕਤ ਕਰਦਿਆਂ ਬੱਚਿਆਂ ਦੀ ਹੌਂਸਲਾ ਅਫ਼ਜਾਈ ਕੀਤੀ। ਉਹਨਾਂ ਕਿਹਾ ਕਿ ਬਚਪਨ ਦੌਰਾਨ ਹਾਸਲ ਕੀਤੇ ਗੁਣ ਹੀ ਸਾਡੇ ਜੀਵਨ ਦਾ ਆਧਾਰ ਬਣਦੇ ਹਨ।

ਇਸ ਕਰਕੇ ਬੱਚਿਆਂ ਨੂੰ ਆਪਣੀਆਂ ਰੁਚੀਆਂ ਵੇਖਦਿਆਂ ਆਪਣੇ ਭਵਿੱਖ ਨੂੰ ਸੰਵਾਰਨ ਵੱਲ ਵਧਣਾ ਚਾਹੀਦਾ ਹੈ।

ਮੰਚ ਸੰਚਾਲਨ ਮੈਡਮ ਪਿੰਕੀ ਸ਼ਰਮਾ, ਮਨਪ੍ਰੀਤ ਕੌਰ, ਜੋਤੀ, ਮੁਸਕਾਨ ਅਤੇ ਹਰਪ੍ਰੀਤ ਕੌਰ ਨੇ ਕੀਤਾ। ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਆਪਣੇ ਫਿਨਲੈਂਡ ਅਤੇ ਜਪਾਨ ਦੇ ਵਿਦਿਅਕ ਦੌਰੇ ਬਾਰੇ ਬੋਲਦਿਆਂ ਕਿਹਾ ਕਿ ਇਹਨਾਂ ਦੇਸ਼ਾਂ ਦੇ ਸਿਲੇਬਸ ਰਾਹੀਂ ਬੱਚਿਆਂ ਨੂੰ ਹੱਥੀਂ ਕਿਰਤ ਦਾ ਮਹੱਤਵ ਵੀ ਸਿਖਾਇਆ ਜਾਂਦਾ ਹੈ।

ਉਹਨਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਚੈੱਸ, ਕੈਰਮ ਬੋਰਡ, ਲੁੱਡੋ ਜਾਂ ਹੋਰ ਖੇਡਾਂ ਖੇਡਦਿਆਂ ਉਹਨਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ। ਇਸ ਨਾਲ ਬੱਚੇ ਮੋਬਾਈਲ ਦੀ ਬੇਲੋੜੀ ਵਰਤੋਂ ਤੋਂ ਦੂਰ ਤਾਂ ਹੋਣਗੇ ਹੀ, ਸਗੋਂ ਉਹਨਾਂ ਵਿਚਕਾਰ ਮੋਹ ਦੀਆਂ ਤੰਦਾਂ ਵੀ ਮਜ਼ਬੂਤ ਹੋਣਗੀਆਂ। ਮੈਡਮ ਅਮਨ ਢੀਂਡਸਾ ਅਤੇ ਪ੍ਰਿੰਸੀਪਲ ਬਿਬਿਨ ਅਲੈਗਜ਼ੈਂਡਰ ਨੇ ਸਮਾਰੋਹ ਦੀ ਸਫਲਤਾ ਲਈ ਮਾਪਿਆਂ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਲਾਇਨਜ਼ ਕਲੱਬ ਸੰਗਰੂਰ ਗ੍ਰੇਟਰ ਵੱਲੋਂ ਖੂਨਦਾਨ ਕੈਂਪ ਦਾ ਆਯੋਜਨ




**ਸੰਗਰੂਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬ ਸੰਗਰੂਰ ਗ੍ਰੇਟਰ ਵੱਲੋਂ ਗਣਤੰਤਰ ਦਿਵਸ ਮੌਕੇ ਪੁਲਿਸ ਲਾਈਨ ਸਟੇਡੀਅਮ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਸ: ਲਾਲਜੀਤ ਸਿੰਘ ਭੁੱਲਰ ਨੇ ਕੀਤਾ । ਇਸ ਮੌਕੇ ਬੋਲਦਿਆਂ ਉਨ੍ਹਾਂ ਲਾਇਨਜ਼ ਕਲੱਬ ਗਰੇਟਰ ਸੰਗਰੂਰ ਵੱਲੋਂ ਮਨੁੱਖਤਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਲਾਇਨਜ਼ ਕਲੱਬ ਸੰਗਰੂਰ ਗਰੇਟਰ ਵੱਲੋਂ ਹਰ ਸਾਲ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮੌਕੇ ਖੂਨਦਾਨ ਕੈਂਪ ਲਗਾਇਆ ਜਾਂਦਾ ਹੈ, ਜਿਸ ਵਿੱਚ ਇਕੱਤਰ ਕੀਤੇ ਗਏ ਖੂਨ ਦੇ ਯੂਨਿਟ ਸਿਵਲ ਹਸਪਤਾਲ ਸੰਗਰੂਰ ਨੂੰ ਭੇਜੇ ਜਾਂਦੇ ਹਨ।ਇਹ ਖੂਨਦਾਨ ਕੈਂਪ ਗਣਤੰਤਰ ਦਿਵਸ ਮੌਕੇ 35ਵਾਂ ਕੈਂਪ ਸੀ। ਖੂਨ ਦੇ ਯੂਨਿਟ ਇਕੱਠੇ ਕਰਨ ਲਈ ਬਲੱਡ ਬੈਂਕ ਦੇ ਡਾਕਟਰਾਂ ਦੀ ਟੀਮ ਮੌਜੂਦ ਸੀ। ਇਸ ਕੈਂਪ ਦਾ ਉਦਘਾਟਨ ਕਰਨ ਸਮੇਂ ਕੈਬਨਿਟ ਮੰਤਰੀ ਦੇ ਨਾਲ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਾਵਰ, ਐਸ.ਐਸ.ਪੀ ਸੰਗਰੂਰ ਸਰਤਾਜ ਸਿੰਘ ਚਾਹਲ, ਸੰਗਰੂਰ ਤੋਂ ਵਿਧਾਇਕਾ ਸ੍ਰੀਮਤੀ ਨਰਿੰਦਰ ਕੌਰ ਭਾਰਜ ਅਤੇ ਹਲਕਾ ਲਹਿਰਾਗਾਗਾ ਦੇ ਵਿਧਾਇਕ ਵਰਿੰਦਰ ਗੋਇਲ ਹਾਜ਼ਰ ਸਨ। ਹੋਰਨਾਂ ਖੂਨਦਾਨੀਆਂ ਦੇ ਨਾਲ-ਨਾਲ ਲਾਇਨਜ਼ ਕਲੱਬ ਦੇ ਤਿੰਨ ਮੈਂਬਰਾਂ ਲਾਇਨ ਸੰਦੀਪ ਮਿੱਤਲ, ਲਾਇਨ ਹੈਪੀ ਗੋਇਲ, ਲਾਇਨ ਵਿਜੇ ਸਿੰਗਲਾ ਨੇ ਵੀ ਖੂਨਦਾਨ ਕੀਤਾ।

ਲਾਇਨਜ਼ ਕਲੱਬ ਸੰਗਰੂਰ ਗਰੇਟਰ ਦੇ ਪ੍ਰਧਾਨ ਸੁਖਮਿੰਦਰ ਸਿੰਘ ਭੱਠਲ, ਸਕੱਤਰ ਵਿਨੋਦ ਕੁਮਾਰ ਦੀਵਾਨ, ਲਾਇਨ ਕਰਨਬੀਰ ਸਿੰਘ ਮਾਨ, ਲਾਇਨ ਜਸਪਾਲ ਸਿੰਘ ਰਤਨ, ਲਾਇਨ ਵਿਸ਼ਾਲ ਛਾਬੜਾ, ਲਾਇਨ ਮੁਕੇਸ਼ ਸ਼ਰਮਾ ਕੈਂਪ ਵਿੱਚ ਹਾਜ਼ਰ ਸਨ।

# ਵਿਧਾਇਕ ਵੱਲੋਂ ਫਤਿਹਗੜ੍ਹ ਛੰਨਾਂ ਵਿਖੇ 15.15 ਲੱਖ ਰੁਪਏ ਦੀ ਲਾਗਤ ਵਾਲੇ ਸਿੰਚਾਈ ਪ੍ਰੋਜੈਕਟ ਦਾ ਉਦਘਾਟਨ

**ਸੰਗਰੂਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਫਤਿਹਗੜ੍ਹ ਛੰਨਾਂ ਵਿਖੇ ਛੱਪੜ ਦੇ ਸੋਧੇ ਹੋਏ ਪਾਣੀ ਨੂੰ ਜ਼ਮੀਨਦੋਜ਼ ਪਾਈਪਾਂ ਰਾਹੀਂ ਵਰਤੋਂ ਵਿੱਚ ਲਿਆਉਣ ਲਈ ਸਿੰਚਾਈ ਪ੍ਰੋਜੈਕਟ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਾਣੀ ਦੀ ਸੁਚੱਜੀ ਵਰਤੋਂ ਲਈ ਲੋਕਾਂ ਦੀ ਲੋੜ ਮੁਤਾਬਕ ਇਹ ਪ੍ਰੋਜੈਕਟ ਚਲਾਏ ਜਾ ਰਹੇ ਹਨ ਤਾਂ ਜੋ ਧਰਤੀ ਹੇਠਲੇ ਪਾਣੀ ਦੀ ਬੱਚਤ ਹੋ ਸਕੇ।

ਉਨ੍ਹਾਂ ਇਸ ਸਬੰਧੀ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਪਾਣੀ ਦੇ ਅਜਾਈਂ ਨਸ਼ਟ ਹੋਣ 'ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪਾਣੀ ਕੁਦਰਤ ਦਾ ਅਨਮੋਲ ਸੋਮਾ ਹੈ ਜਿਸ ਨੂੰ ਬਚਾਉਣ ਲਈ ਹਰ ਨਾਗਰਿਕ ਨੂੰ ਮਨ ਵਿੱਚ ਦ੍ਰਿੜ ਸੰਕਲਪ ਕਰਨਾ ਚਾਹੀਦਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।

ਵਿਧਾਇਕ ਨੇ ਕਿਹਾ ਕਿ ਇਸ ਪ੍ਰੋਜੈਕਟ ਅਧੀਨ 23 ਹੈਕਟੇਅਰ ਰਕਬਾ ਖੇਤਾਂ ਦੀ ਸਿੰਚਾਈ ਲਈ ਕਵਰ ਕੀਤਾ ਗਿਆ ਹੈ ਅਤੇ ਇਸ ਪ੍ਰੋਜੈਕਟ 'ਤੇ ਕੁਲ 15.15 ਲੱਖ ਰੁਪਏ ਦੀ ਲਾਗਤ ਆਈ ਹੈ ਜੋ ਕਿ ਸੌ ਫ਼ੀਸਦੀ ਸਬਸਿਡੀ ਹੀ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਸਹਾਇਕ ਸਾਬਤ ਹੋਵੇਗਾ

# ਵਿਦਿਆਰਥੀਆਂ ਨੂੰ ਆਵਾਜਾਈ ਨਸ਼ਿਆਂ .ਫਸਟ ਏਡ ਜ਼ਖਮੀਆਂ ਦੀ ਸਹਾਇਤਾ ਕਰਨ ਲਈ ਜਾਗਰੂਕ ਕਰਨਾ ਜ਼ਰੂਰੀ : ਗੁਰਪ੍ਰੀਤ ਧਾਲੀਵਾਲ

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਕਾਨੂੰਨਾਂ, ਨਸ਼ਿਆਂ ਦੇ ਵਿਉਪਾਰੀਆਂ ਵਰਤੋਂ, ਹਾਦਸਾਗ੍ਰਸਤ ਪੀੜਤਾਂ ਦੀ ਸਹਾਇਤਾ ਕਰਨ ਅਤੇ ਫ਼ਸਟ ਏਡ ਸੀ ਪੀ ਆਰ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਬੱਚੇ ਹਾਦਸਿਆਂ ਨਸ਼ਿਆਂ ਅਪਰਾਧਾਂ ਅਤੇ ਗਲਤੀਆਂ ਲਾਪਰਵਾਹੀਆਂ ਕਾਰਨ ਤਬਾਹ ਨਾ ਹੋਣ, ਅਤੇ ਐਮਰਜੈਂਸੀ ਸਮੇਂ ਪੀੜਤਾਂ ਦੀ ਮਦਦ ਕਰਨ, ਇਸ ਲਈ ਸੈਂਟ ਜੇਵੀਅਰ ਸੀਨੀਅਰ ਸੈਕੰਡਰੀ ਸਕੂਲ ਸ਼ਾਂਤੀ ਨਗਰ ਅਰਬਨ ਅਸਟੇਟ ਪਟਿਆਲਾ ਦੇ ਡਾਇਰੈਕਟਰ ਸ਼੍ਰੀਮਤੀ ਗੁਰਪ੍ਰੀਤ ਕੌਰ ਧਾਲੀਵਾਲ ਵਲੋਂ ਇੰਸਪੈਕਟਰ ਕਰਮਜੀਤ ਕੌਰ ਇੰਚਾਰਜ ਪੰਜਾਬ ਪੁਲਿਸ ਆਵਾਜਾਈ ਸਿਖਿਆ ਸੈਲ ਅਤੇ ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਸ੍ਰੀ ਕਾਕਾ ਰਾਮ ਵਰਮਾ ਨੂੰ ਬੁਲਾਇਆ। ਇੰਸਪੈਕਟਰ ਕਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੋਟਰਸਾਈਕਲ ਸਕੂਟਰ ਕਾਰਾਂ ਚਲਾਉਣ ਤੋਂ ਰੋਕਿਆ ਕਿਓਂਕਿ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਦਾਲਤਾਂ ਵਲੋਂ ਸਜਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਨਸ਼ਿਆਂ ਦੀ ਵਰਤੋਂ ਅਤੇ ਨਸ਼ਿਆਂ ਅਪਰਾਧਾਂ ਐਸ਼ ਪ੍ਰਸਤੀਆਂ ਕੰਮਚੋਰੀਆਂ ਲੁਟਮਾਰਾਂ ਵਿਚ ਫ਼ਸੇ ਲੋਕਾਂ ਤੋਂ ਬਚਣ ਲਈ ਜਾਗਰੂਕ ਕੀਤਾ। ਸਾਈਬਰ ਸੁਰੱਖਿਆ ਅਤੇ 112/181 ਅਤੇ 1930 ਨੰਬਰਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਕਾਕਾ ਰਾਮ ਵਰਮਾ ਨੇ ਫ਼ਸਟ ਏਡ ਸੀ ਪੀ ਆਰ ਜ਼ਖਮੀਆਂ ਦੀ ਸੇਵਾ ਸੰਭਾਲ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਬਾਰੇ ਜਾਗਰੂਕ ਕੀਤਾ ਅਤੇ ਦਸਿਆ ਕਿ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਵਲੋਂ ਬਹਾਦਰ ਬੱਚਿਆਂ ਨੂੰ ਕਿਸੇ ਪੀੜਤ ਦੀ ਸੜਕੀ ਹਾਦਸਿਆਂ ਸਿਖਿਆ ਸੰਸਥਾਵਾਂ ਵਿਖੇ ਜਾਂ ਘਰੇਲੂ ਘਟਨਾਵਾਂ ਸਮੇਂ ਮਦਦ ਕਰਨ ਲਈ ਸਨਮਾਨਿਤ ਕੀਤਾ ਜਾਵੇਗਾ ਤਾਂ ਤਿੰਨ ਵਿਅਕਤੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਵੀ ਪੀੜਤਾਂ ਦੀ ਸਹਾਇਤਾ ਕੀਤੀ ਹੈ ਤਾਂ ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ 4 ਫਰਵਰੀ ਨੂੰ ਸ਼ਾਮੀ ਪੰਜ ਵਜੇ ਭਾਸ਼ਾ ਭਵਨ ਵਿਖੇ ਵਿਦਿਆਰਥੀਆਂ ਨੂੰ ਇਨਾਮ ਸਰਟੀਫਿਕੇਟ ਦੇਕੇ ਸਨਮਾਨਿਤ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ, ਦੀ ਪਾਲਣਾ ਕਰਨ ਅਤੇ ਪੀੜਤਾਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ। ਪ੍ਰਣ ਕਰਵਾਇਆ ਗਿਆ। ਪ੍ਰਿੰਸੀਪਲ ਸ਼੍ਰੀਮਤੀ ਪੂਨਮ ਧੀਮਨ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਅਧਿਆਪਕਾਂ ਨਾਗਰਿਕਾਂ ਅਤੇ ਉਹਨ੍ਹਾਂ ਰਾਹੀਂ ਮਾਪਿਆਂ ਨੂੰ ਆਵਾਜਾਈ ਨਿਯਮਾਂ, ਫ਼ਸਟ ਏਡ ਸੀ ਪੀ ਆਰ ਜ਼ਖਮੀਆਂ ਦੀ ਸੇਵਾ ਸੰਭਾਲ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਸਾਈਬਰ ਸੁਰੱਖਿਆ ਬਚਾਉ ਮਦਦ ਬਾਰੇ ਜੰਗੀ ਪੱਧਰ ਤੇ ਜਾਗਰੂਕ ਕਰਨਾ ਜ਼ਰੂਰੀ ਹੈ ਜਿਸ ਹਿੱਤ ਪੰਜਾਬ ਪੁਲਿਸ ਦੇ ਮਹਾਰਾਜਾ ਰਣਜੀਤ ਸਿੰਘ ਸਨਮਾਨ ਨਾਲ ਸਨਮਾਨਿਤ ਇੰਸਪੈਕਟਰ ਕਰਮਜੀਤ ਕੌਰ ਅਤੇ ਸ਼੍ਰੀ ਕਾਕਾ ਰਾਮ ਵਰਮਾ ਦਾ ਸਨਮਾਨ ਕੀਤਾ ਗਿਆ।

# ਮਿਉਂਸਪਲ ਵਰਕਰਜ਼ ਯੂਨੀਅਨ ਵੱਲੋਂ ਮੁਲਾਜ਼ਮ ਦੇ ਹਿੱਤ ਵਿੱਚ ਕੀਤੇ ਫੈਸਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ



ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਦਿਨੀਂ ਸਕੱਤਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 14/31/2023-5ਸਸ1/978 ਮਿਤੀ 04.10.2023 ਰਾਹੀਂ ਗਰੁੱਪ ਏ ਅਤੇ ਗਰੁੱਪ ਬੀ ਦੀਆਂ ਸਾਲਾਨਾ ਤਰੱਕੀਆਂ ਅਤੇ ਪੇਅ ਫਿਕਸੇਸ਼ਨ ਆਦਿ ਦੇ ਕੇਸ, ਜੋ ਕਿ ਪਹਿਲਾਂ ਨਗਰ ਨਿਗਮਾਂ ਦੇ ਪੱਧਰ ਤੇ ਡੀਲ ਕੀਤੇ ਜਾਂਦੇ ਸਨ, ਉਨਾਂ ਨੂੰ ਡਾਇਰੈਕਟਰੋਟ ਪੱਧਰ ਤੇ ਡੀਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਸਬੰਧੀ ਮਿਉਂਸਪਲ ਵਰਕਰਸ ਯੂਨੀਅਨ ਵੱਲੋਂ ਨਗਰ ਨਿਗਮ ਪਟਿਆਲਾ ਵਿਖੇ ਕਈ ਦਿਨ ਰੋਜ਼ ਮੁਜਾਹਰਾ ਕੀਤਾ ਗਿਆਅਤੇ ਪੁਤਲਾ ਫੁਕ ਮੁਜਾਹਰਾ ਵੀ ਕੀਤਾਗਿਆ.ਇਸ ਦੇ ਸਬੰਧ ਵਿਚ ਮੰਗ ਪੱਤਰ ਡਾ.ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਅਤੇ ਸ. ਅਜੀਤ ਪਾਲ ਸਿੰਘ ਕੋਹਲੀ ਐਮ.ਐਲ.ਏ ਪਟਿਆਲਾ ਸ਼ਹਿਰੀ ਨੂੰ ਵੀ ਦਿੱਤਾ ਗਿਆ ਸੀ। ਜਿਸਦੇਸਦਕਾ ਸਰਕਾਰ ਵੱਲੋਂ ਅੱਜ ਮਿਤੀ 31.01.2024ਨੂੰਪੱਤਰ ਨੰ. 14/31/2023-5ਸਸ1/79 ਮਿਤੀ 31.01.024 ਰਾਹੀਂ ਉਕਤ ਹੁਕਮਾਂ ਵਿਚ ਸੋਧ ਕਰਦੇ ਹੋਏ ਗਰੁੱਪ ਬੀ ਦੇ ਅਧਿਕਾਰੀਆਂ ਨੂੰ ਉਕਤ ਹੁਕਮਾਂ ਵਿਚੋਂ ਛੋਟ ਦਿੰਦੇ ਹੋਏ ਕੇਵਲ ਗਰੁੱਪ ਏ ਅਧਿਕਾਰੀਆਂ ਦੇ ਸਾਲਾਨਾ ਤਰੱਕੀ ਅਤੇ ਪੇਅ ਫਿਕਸੇਸ਼ਨ ਸਬੰਧੀ ਕੇਸ ਸਰਕਾਰ ਪੱਧਰ ਤੇ ਡੀਲ ਕੀਤੇ ਜਾਣ ਸਬੰਧੀ ਫੈਸਲਾ ਕੀਤਾ ਗਿਆ ਹੈ। ਇਸ ਸ਼ਲਾਘਾਯੋਗ ਕਦਮ ਲਈ ਅੱਜ ਮਿਤੀ 31.01.2024 ਨੂੰ ਮਿਉਂਸਪਲ ਵਰਕਰਸ ਯੂਨੀਅਨ ਦੇ ਸਮੂਹ ਮੈਂਬਰਾਂ ਵੱਲੋਂ ਮੀਟਿੰਗ ਕੀਤੀ ਗਈ ਜਿਸ ਵਿਚ ਸਥਾਨਕ ਸਰਕਾਰ ਵਿਭਾਗ ਪੰਜਾਬ ਦਾ ਜਿੱਥੇ ਇਸ ਕਦਮ ਲਈ ਸ਼ਲਾਘਾ ਕੀਤੀ ਗਈ ਉਥੇ ਹੀਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਗਰੁੱਪ ਏ ਦੇ ਅਧਿਕਾਰੀਆਂ ਦੀ ਸਾਲਾਨਾ ਤਰੱਕੀ ਅਤੇ ਪੇਅ ਫਿਕਸੇਸ਼ਨ ਸਬੰਧੀ ਕੇਸ ਪਹਿਲਾਂ ਦੀ ਤਰ੍ਹਾਂਨਗਰ ਨਿਗਮਾਂ ਵੱਲੋਂ ਆਪਣੇ ਪੱਧਰ ਤੇ ਡੀਲ ਕਰਨ ਦੇ ਹੁਕਮ ਵੀ ਜਾਰੀ ਕੀਤੇ ਜਾਣ।ਇਸ ਮੌਕੇ ਤੇ ਯੂਨੀਅਨ ਦੇ ਪ੍ਰਧਾਨ ਸ਼ਿਵ ਕੁਮਾਰ ਅਤੇ ਅਹੁਦੇਦਾਰ ਜਸਬੀਰ ਸਿੰਘ, ਰਮਿੰਦਰਪ੍ਰੀਤ ਸਿੰਘ, ਸੁਮੀਤ ਕੁਮਾਰ, ਹਰਪ੍ਰੀਤ ਸਿੰਘ, ਮਨੀਸ਼ ਪੁਰੀ, ਗੁਰਪ੍ਰੀਤ ਸਿੰਘ ਚਾਵਲਾ, ਮੁਕੇਸ਼ ਦੀਕਸ਼ਿਤ, ਨਵਦੀਪ ਸ਼ਰਮਾ,ਜਸਪਾਲ ਸਿੰਘ, ਗੁਰਮੇਲ ਸਿੰਘ, ਹਰਪਾਲ ਸਿੰਘ, ਪ੍ਰਦੀਪ ਪੁਰੀ, ਜਸਕੀਰਤ ਕੌਰ, ਅਮਰਿੰਦਰ ਕੌਰ, ਅਨੀਤਾ, ਨਿਸ਼ਾ ਰਾਣੀ ਵੱਲੋ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ

# ਚਾਂਸਲਰ ਸਤਨਾਮ ਸਿੰਘ ਸੰਧੂ ਦੀ ਰਾਜਸਭਾ ਮੈਂਬਰ ਵੱਜੋਂ ਨਾਮਜ਼ਦਗੀ ਦੇ ਪੇਪਰ ਭਰੇ

ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਦੀ ਰਾਜ ਸੱਭਾ ਦੇ ਮੈਂਬਰ ਵੱਜੋਂ ਦੇਸ਼ ਦੇ ਰਾਸ਼ਟਰਪਤੀ ਨੇ ਨਾਮਜ਼ਦਗੀ ਨਾਮੀਨੇਸ਼ਨ ਕੀਤੀ ਹੈ ਸੰਧੂ ਸਾਹਿਬ ਨੂੰ ਅਦਾਰਾ ÷ਪੰਜਾਬ ਟਾਇਮਜ਼ ÷ ਦੇ ਮੁੱਖ ਸੰਪਾਦਕ ਬਲਜੀਤ ਸਿੰਘ ਬਰਾੜ ਅਤੇ ਚੰਡੀਗੜ ਦੇ ਬਿਊਰੋ ਚੀਫ ਹਰਮਿੰਦਰ ਸਿੰਘ ਨਾਗਪਾਲ ਵੱਲੋਂ ਬਹੁਤ ਬਹੁਤ ਮੁਬਾਰਕਾਂ ਸਤਨਾਮ ਸਿੰਘ ਸੰਧੂ ਕਿਸੇ ਪਹਿਚਾਣ ਦੇ ਮੁਥਾਜ ਨਹੀਂ ਸਮਾਜ ਸੇਵਕ ਦੇ ਤੋਰ ਤੇ ਵੀ ਚੰਡੀਗੜ, ਮੁਹਾਲੀ ਅਤੇ ਪੰਚਕੂਲਾ ਵਿੱਚ ਕਿਸੇ ਵੀ ਧਾਰਮਿਕ, ਤੇ ,ਸਮਾਜਿਕ ਕੰਮਾਂ ਵਿੱਚ ਹਰ ਜਗ੍ਹਾ ਹਾਜ਼ਰ ਹੁੰਦੇ ਹਨ ਸਰਕਾਰ ਵਿੱਚ ਵੀ ਚੰਗੀ ਪਕੜ ਬਣਾਈ ਰੱਖਦੇ ਹਨ ਪਰਮਾਤਮਾ ਇਹਨਾਂ ਨੂੰ ਹੋਰ ਵੀ ਤਰੱਕੀਆਂ ਬਖਸ਼ੇ।

# ਮੋਦੀ ਨੇ ਸਹਿਯੋਗ ਰਾਹੀਂ ਕਰੋੜਾਂ ਲੋਕਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਲਈ ਮਜ਼ਬੂਤ ਤੰਤਰ ਬਣਾਇਆ ਹੈ : ਅਮਿਤ ਸ਼ਾਹ

ਜਲੰਧਰ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਹੁਣ ਸਮੁੱਚਾ ਸਹਿਕਾਰੀ ਖੇਤਰ ਡਿਜੀਟਲ ਦੁਨੀਆ ਵਿੱਚ ਦਾਖਲ ਹੋ ਕੇ ਆਪਣੇ ਵਿਸਥਾਰ ਲਈ ਤਿਆਰ ਹੈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਦਫਤਰਾਂ ਦੇ ਕੰਪਿਊਟਰੀਕਰਨ ਦੀ ਯੋਜਨਾ ਦੀ ਸ਼ੁਰੂਆਤ ਕੀਤੀ ।

ਇਸ ਮੌਕੇ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ 'ਮੋਦੀ ਜੀ ਨੇ ਸਹਿਕਾਰਤਾ ਰਾਹੀਂ ਕਰੋੜਾਂ ਲੋਕਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਲਈ ਇੱਕ ਮਜ਼ਬੂਤ ਤੰਤਰ ਬਣਾਇਆ ਹੈ।' ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਸਹਿਕਾਰਤਾ ਖੇਤਰ ਵਿੱਚ ਕਾਗਜ਼ਾਂ 'ਤੇ ਲੋਕਾਂ ਦੀ ਨਿਰਭਰਤਾ ਘਟੇਗੀ ਅਤੇ ਗਤੀਸ਼ੀਲਤਾ ਹੋਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ ਅੱਜ ਲਗਭਗ 23 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਚੁੱਕੇ ਹਨ। ਮੋਦੀ ਸਰਕਾਰ ਕਰੋੜਾਂ ਲੋਕਾਂ ਦੇ ਘਰਾਂ ਤੱਕ ਗੈਸ, ਬਿਜਲੀ, 5 ਕਿਲੋ ਮੁਫਤ ਰਾਸ਼ਨ ਅਤੇ ਹੋਰ ਕਈ ਸਹੂਲਤਾਂ ਦੇ ਕੇ ਗਰੀਬਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਦੇਸ਼ ਵਿੱਚ ਸਹਿਕਾਰਤਾ ਮੰਤਰਾਲਾ ਬਣਾਉਣ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ ਪਰ ਕਿਸੇ ਵੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ।

# ਇੰਸਟੀਚਿਊਸ਼ਨਲ ਇਨੋਵੇਸ਼ਨ ਕਾਉਂਸਲ ਵੱਲੋਂ ਇੰਟਰਾ ਇੰਸਟੀਚਿਊਸ਼ਨਲ ਆਈਡੀਆ ਕੰਪੀਟੀਸ਼ਨ ਕਰਵਾਇਆ



ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਅਤੇ ਆਏ ਮਹਿਮਾਨ ਜੇਤੂ ਵਿਦਿਆਰਥੀਆਂ ਨਾਲ। ਫ਼ੋਟੋ ; ਪ੍ਰੈਸ ਕੀ ਤਾਕਤ

ਪਟਿਆਲਾ, 2 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ (ਸਟੇਟ) ਕਾਲਜ ਆਫ਼ ਐਜੂਕੇਸ਼ਨ ਵਿਖੇ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਤੇ ਉਚੇਰੀ ਸਿੱਖਿਆ ਵਿਭਾਗ ਪੰਜਾਬ ਜੀ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਦੀ ਅਗਵਾਈ ਹੇਠ ਇੰਸਟੀਚਿਊਸ਼ਨਲ ਇਨੋਵੇਸ਼ਨ ਕਾਉਂਸਲ ਵੱਲੋਂ ਇੰਟਰਾ ਇੰਸਟੀਚਿਊਸ਼ਨਲ ਆਈਡੀਆ ਕੰਪੀਟੀਸ਼ਨ ਕਰਵਾਇਆ ਗਿਆ। ਇਸ ਵਿੱਚ ਵਿਦਿਆਰਥੀਆਂ ਵੱਲੋਂ ਇੰਨੋਵੇਟਿਵ ਉਦਮਤਾ ਨਾਲ ਜੁੜੇ ਹੋਏ ਆਈਡੀਆ ਪੇਸ਼ ਕੀਤੇ ਗਏ। ਇਸ ਮੌਕੇ ਸ੍ਰੀਮਤੀ ਰਵਨੀਤ ਕੌਰ ਵਾਈਸ ਪ੍ਰਿੰਸੀਪਲ ਗੌਰਮਿੰਟ ਪੋਲੀਟੈਕਨਿਕ ਕਾਲਜ ਅਤੇ ਇੰਜੀਨੀਅਰ ਨਰਿੰਦਰ ਸਿੰਘ ਢੀਂਡਸਾ, ਮੁੱਖੀ ਕੰਪਿਊਟਰ ਵਿਭਾਗ, ਗੌਰਮਿੰਟ ਪੋਲੀਟੈਕਨਿਕ ਕਾਲਜ ਨੇ ਬਤੌਰ ਜੱਜ ਭੂਮਿਕਾ ਨਿਭਾਈ। ਕਾਲਜ ਪ੍ਰਿੰਸੀਪਲ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪ੍ਰੋ. ਇੰਦਰਜੀਤ ਸਿੰਘ ਚੀਮਾ ਵੱਲੋਂ ਧੰਨਵਾਦੀ ਸ਼ਬਦ ਕਹੇ ਗਏ। ਇਸ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਵਿੱਤੀ ਪ੍ਰੋਤਸ਼ਾਹਨ ਅਤੇ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੁਕਾਬਲੇ ਵਿੱਚ ਕਾਲਜ ਦੇ ਬੀ.ਐਡ. ਭਾਗ-2 ਦੇ ਵਿਦਿਆਰਥੀਆਂ ਅਮਰੀਕ ਸਿੰਘ ਨੇ ਪਹਿਲਾ ਸਥਾਨ, ਅਭਿਜੀਤ ਨਵਨੀਤ ਕੌਰ ਨੇ ਦੂਸਰਾ ਸਥਾਨ ਅਤੇ ਤਰਨਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਦਾ ਆਯੋਜਨ ਇੰਸਟੀਚਿਊਸ਼ਨਲ ਇਨੋਵੇਸ਼ਨ ਕਾਉਂਸਲ ਦੇ ਨੋਡਲ ਅਫਸਰ ਡਾ. ਮਨਪ੍ਰੀਤ ਕੌਰ ਅਤੇ ਡਾ. ਪ੍ਰੀਤੀ ਭਾਟੀਆ ਦੁਆਰਾ ਕੀਤਾ ਗਿਆ। ਇਸ ਮੁਕਾਬਲੇ ਵਿੱਚ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

# ਜੰਗਲਾਤ ਵਿਭਾਗ ਜੰਗਲੀ ਜੀਵ ਡੀ ਸੀ ਦਫਤਰ ਅੱਗੇ ਲਗਾਇਆ ਪੱਕਾਂ ਮੋਰਚਾ



ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜੰਗਲਾਤ ਵਿਭਾਗ ਜੰਗਲੀ ਜੀਵ ਡੀ ਸੀ ਦਫਤਰ ਅੱਗੇ ਲਗਾਇਆ ਪੱਕਾਂ ਮੋਰਚਾ ਦੱਸਵੇ ਦਿੱਨ ਵਿਚ ਸ਼ਾਮਿਲ ਹੋਣ ਤੋਂ ਵੱਖ ਵੱਖ ਵਿਭਾਗਾਂ ਦੇ ਸਾਥੀ ਅਤੇ ਜਲ ਸਰੋਤ ਦੇ ਸਾਥੀ ਬੀ ਐਮ ਐਲ ਦੇ ਮੁਲਾਜ਼ਮਾਂ ਮਾਤਾ ਕੌਸ਼ਲਿਆ ਹਸਪਤਾਲ ਦੇਵੀਗੜ੍ਹ ਡਵੀਜ਼ਨ ਆਈਂ ਬੀ ਸਰਕਲ ਪਸ਼ੂ ਪਾਲਣ ਵਿਭਾਗ ਦੇ ਕਾਮੇ ਮੁਲਾਜ਼ਮਾਂ ਨੇ ਚਲ ਰਿਹਾ ਪਕਾ ਮੋਰਚਾ ਵਿਚ ਆ ਕੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਨਿਖੇਦੀ ਕੀਤੀ ਭਗਵੰਤ ਮਾਨ ਸਰਕਾਰ। ਵਿਰੁੱਧ ਨਾਅਰੇਬਾਜ਼ੀ ਕੀਤੀ ਮੰਗ ਕੀਤੀ ਜੰਗਲਾਤ ਵਿਭਾਗ ਦੀਆਂ ਮੰਗਾਂ ਵੱਲ ਸਰਕਾਰ ਧਿਆਨ ਦੇਵੇ ਕੱਚੇ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ 16/5/2023ਦੇ ਨੋਟੀਫਿਕੇਸ਼ਨ ਵਿੱਚ ਲਗਾਈਆ ਸ਼ਰਤਾਂ ਖ਼ਤਮ ਕੀਤੀਆਂ ਜਾਣ ਪਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ਮੁਲਾਜ਼ਮਾਂ ਦਾ ਡਰੀਏ ਅਤੇ ਡੀ ਏ ਦਾ। ਬਕਾਇਆ ਤੁਰੰਤ ਦਿੱਤਾ ਜਾਵੇ 200ਵਿਕਾਸ ਟੈਕਸ ਬੰਦ ਕੀਤਾ ਜਾਵੇ ਜੰਗਲਾਤ ਵਰਕਰਾਂ ਦੀਆਂ ਦੋ ਮਹੀਨੇ ਦੀਆਂ ਤਨਖ਼ਾਹਾਂ ਤੁਰੰਤ ਦਿਤੀਆਂ ਜਾਣ ਵੋਟਾਂ ਸਮੇਂ ਕੀਤੇ ਵਾਅਦੇ ਗਰੰਟੀ ਪੂਰੀਆਂ ਕੀਤੀਆਂ ਜਾਣ ਜਗਮੋਹਨ ਸਿੰਘ ਨੌਲਖਾ ਨੇ ਐਲਾਨ ਕੀਤਾ ਜੇ ਭਗਵੰਤ ਸਿੰਘ ਮਾਨ ਨੇ ਪੱਕੇ ਮੋਰਚੇ ਦੇ ਆਗੂਆਂ ਨਾਲ ਮੀਟਿੰਗ ਦਾ ਸਮਾਂ ਨਾ ਦਿੱਤਾ ਤਾਂ ਸੰਗਰੂਰ ਰਹਾਇਸ਼ੀ ਕੋਠੀ ਅੱਗੇ ਜਾ ਕੇ ਰੋਸ ਰੈਲੀ ਮਿਤੀ 8/2/2024 ਨੂੰ ਕੀਤੀ ਜਾਵੇਗੀ ਅਤੇ ਸੰਗਰੂਰ ਜਾਕੇ ਰੋਸ ਮਾਰਚ ਵੀ ਕੀਤਾ ਜਾਵੇਗਾ ਬੜੇ ਦੁਖ ਨਾਲ ਕਹਿਣ ਪੈ ਰਿਹਾ ਹੈ ਕਿ 10 ਦਿਨ ਬੀਤ ਜਾਣ ਤੇ ਵੀ ਭਗਵੰਤ ਮਾਨ ਸਰਕਾਰ ਪਾਸਾ ਵੱਟ ਰਹੀ ਹੈ ਮਜ਼ਦੂਰ ਇਸ ਤਰ੍ਹਾਂ ਦੀ ਠੰਢ ਵਿੱਚ ਸੜਕਾਂ ਤੇ ਬੈਠੇ ਹਨ ਜਦੋਂ ਕਿ ਕੈਬਨਿਟ ਮੀਟਿੰਗ ਵਿੱਚ ਜੰਗਲਾਤ ਮੰਤਰੀ ਲਾਲ ਚੰਦ ਕਟਾਰੂ ਚਕ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਜੰਗਲਾਤ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾ ਰਿਹਾ ਹੈ ਜੰਗਲਾਤ ਮੰਤਰੀ ਨਾਲ ਯੂਨੀਅਨ ਦੇ ਆਗੂਆਂ ਨਾਲ ਮੀਟਿੰਗ ਵਿੱਚ ਵਿਸ਼ਵਾਸ ਦਿਵਾਇਆ ਗਿਆ ਸੀ ਜਲਦੀ ਪੱਕਾ ਕੀਤਾ ਜਾਵੇ ਪਰ ਸਰਕਾਰ ਰੈਗੂਲਰ ਕਰਨ ਦੀ ਵਿਜਾਏ ਮਜ਼ਦੂਰਾਂ ਨੂੰ ਕੰਮ ਤੋਂ ਹਟਾਇਆ ਜਾ ਰਿਹਾ ਹੈ ਘੱਟ ਤਨਖਾਹਾਂ ਵੀ ਦੋ ਦੋ ਮਹੀਨੇ ਤੋਂ ਨਹੀਂ ਦਿੱਤੀਆਂ ਜਾ ਰਹੀਆਂ ਇਹਨਾਂ ਦੇ ਪ੍ਰੀਵਾਰਾ ਦੇ ਹਲਾਤ ਤਰਸਯੋਗ ਬਣੇ ਹੋਏ ਹਨ ਇਕ ਪਾਸੇ ਸਰਕਾਰ ਰੋਜ਼ਗਾਰ ਦੇਣ ਦੀ ਗੱਲ ਕਰ ਰਹੀ ਹੈ ਦੂਜੇ ਪਾਸੇ ਜੰਗਲਾਤ ਦੇ ਅਧਿਕਾਰੀਆ ਵੱਲੋਂ ਫੰਡ ਨਾ ਹੋਣ ਕਿਹਾ ਕੇ ਮਜ਼ਦੂਰਾਂ ਨੂੰ ਕੰਮ ਤੋਂ ਹਟਾਇਆ ਜਾ ਰਹੀਆਂ ਹੈ ਅੱਜ ਦੀ ਰੈਲੀ ਵਿਚ ਸ਼ਾਮਿਲ ਕਾਕਾ ਰਵਿੰਦਰ ਸੈਣੀ ਅਮਰ ਨਾਥ ਜਗਨਨਾਥ ਬੀ ਐਮ ਐਲ ਸੁਖਦੇਵ ਸਿੰਘ ਝੰਡੀ ਮਾਤਾ ਕੁਸ਼ੱਲਿਆ ਹਸਪਤਾਲ ਸ਼ਾਮ ਸਿੰਘ ਕਰਨੈਲ ਸਿੰਘ ਰਤਨ ਸਿੰਘ ਅਮਰਜੀਤ ਧਾਰੀਵਾਲ ਤਰਲੋਚਨ ਮਢੋਲੀ ਕਲਵਿੰਦਰ ਸਿੰਘ ਕਾਲਵਾ ਗੁਰਚਰਨ ਸਿੰਘ ਚੰਨੀ ਹੈਪੀ ਅਤੇ ਗੁਰਮਤਿ ਨਾਭਾ ਗੁਰਦਿਆਲ ਸਿੰਘ ਬੋਸਰ ਕਲਾਂ ਗੁਰਵਿੰਦਰ ਸਿੰਘ ਸਮਾਣਾ ਦਰਸ਼ਨ ਸਿੰਘ ਮਾਲੇਵਾਲ ਤਰਲੋਚਨ ਸਿੰਘ ਮਾੜੂ ਆਦਿ ਮੁਲਜ਼ਮਾਂ ਸਾਥੀ ਨੇ ਸੰਬੋਧਨ ਕੀਤਾ ਜਗਮੋਹਨ ਸਿੰਘ ਨੌਲਖਾ ਨੇ ਵੱਖ ਵੱਖ ਜਥੇਬੰਦੀਆਂ ਤੋਂ ਪੱਕੇ ਮੋਰਚੇ ਨੂੰ ਮਿਲ ਰਹੇ ਸਮਰਥਨ ਕਰਨ ਤੇ ਅਤੇ ਜਥੇਬੰਦੀ ਵਿੱਚ ਮਲਕੀਤ ਸਿੰਘ ਜਗਨਨਾਥ ਕਾਕਾ ਸੈਣੀ ਸਰਬਜੀਤ ਸਿੰਘ ਗੁੱਡੂ ਰਵੀ ਜੋਗਿੰਦਰ ਪਟਵਾਰੀ ਸਨਦੀਪ ਸਿੰਘ ਰਮੇਸ਼ ਕੁਮਾਰ ਬੀ ਐਮ ਐਲ ਸਰਕਲ ਪਟਿਆਲਾ ਯੂਨੀਅਨ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ।

# ਬ੍ਰਿਜ ਮੋਹਨ ਨੇ ਬਤੌਰ ਚੋਣ ਤਹਿਸੀਲਦਾਰ ਮਾਲੇਰਕੋਟਲਾ ਦਾ ਅਹੁਦਾ ਸੰਭਾਲਿਆ



ਮਲੇਰਕੋਟਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਬ੍ਰਿਜ ਮੋਹਨ ਨੇ ਬਤੌਰ ਚੋਣ ਤਹਿਸੀਲਦਾਰ ਮਾਲੇਰਕੋਟਲਾ ਵਜੋ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾ ਉਹ ਚੋਣ ਕਾਨੂੰਗੋ ਲੁਧਿਆਣਾ,ਸ੍ਰੀ ਮੁਕਤਸਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਵਿਖੇ ਆਪਣੀਆ ਸੇਵਾਵਾਂ ਨਿਭਾ ਚੁੱਕੇ ਹਨ। ਇਸ ਮੌਕੇ ਸ੍ਰੀ ਮਨਪ੍ਰੀਤ ਸਿੰਘ, ਸਹਾਇਕ ਨੋਡਲ ਅਫ਼ਸਰ ਮੁਹੰਮਦ ਬਸ਼ੀਰ,ਸ੍ਰੀ ਸੰਜੇ, ਸਫੀਨਾ,ਰਣਜੀਤ ਕੌਰ ,ਪਾਇਲ ਗਰਗ ਅਤੇ ਜੁਲਫਕਾਰ ਅਲੀ ਤੋਂ ਇਲਾਵਾ ਹੋਰ ਕਰਮਚਾਰੀ ਮੌਜੂਦ ਸਨ।

ਸ੍ਰੀ ਬ੍ਰਿਜ ਮੋਹਨ ਨੇ ਗੈਰ ਰਸਮੀ ਗੱਲਬਾਤ ਕਰਦਿਆ ਕਿਹਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਨਾਂ ਉਨ੍ਹਾਂ ਪ੍ਰਥਾਮਿਕਤਾ ਰਹੇਗੀ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਇੱਥੇ ਆਪਣੀਆਂ ਸੇਵਾਵਾਂ ਦਿੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਦਫਤਰੀ ਸਟਾਫ ਅਤੇ ਇੱਥੇ ਆਉਣ ਜਾਣ ਵਾਲੇ ਹਰੇਕ ਨਾਗਰਿਕ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਚੋਣ ਤਹਿਸੀਲਦਾਰ ਦਾ ਦਫਤਰ ਪਹੁੰਚਣ ਤੇ ਸਥਾਨਕ ਸਟਾਫ ਵਲੋਂ ਗੁਲਦਸਤਾ ਭੇਟ ਕਰ ਕੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਹੁਦਾ ਸੰਭਾਲਣ ਤੇ ਵਧਾਈ ਦਿੱਤੀ। ਉਨਾਂ ਵੱਲੋ ਸਟਾਫ਼ ਨਾਲ ਇਕ ਸੰਖੇਪ ਮੀਟਿੰਗ ਕੀਤੀ ਅਤੇ ਜ਼ਿਲ੍ਹੇ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕੀਤੀ।

# ਚੰਡੀਗੜ੍ਹ ਮੇਅਰ ਚੋਣਾਂ 'ਚ ਭਾਜਪਾ ਦੀ ਜਿੱਤ ਮੋਦੀ ਦੀ ਲੋਕ ਪੱਖੀ ਨੀਤੀਆਂ ਦੀ ਜਿੱਤ : ਬਾਜਵਾ



ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਫਤਿਹ ਜੰਗ ਸਿੰਘ ਬਾਜਵਾ ਨੇ ਚੰਡੀਗੜ੍ਹ ਮੇਅਰ ਚੋਣਾਂ ਵਿੱਚ ਪਾਰਟੀ ਦੀ ਜਿੱਤ ਲਈ ਚੰਡੀਗੜ ਦੀ ਸਮੂਹ ਭਾਜਪਾ ਲੀਡਰਸ਼ਿਪ ਅਤੇ ਵਰਕਰਾਂ ਨੂੰ ਵਧਾਈ ਦਿੱਤੀ ਹੈ।

ਇੱਥੇ ਜਾਰੀ ਇੱਕ ਬਿਆਨ ਵਿੱਚ ਬਾਜਵਾ ਨੇ ਕਿਹਾ ਕਿ ਇਹ ਜਿੱਤ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗਠਜੋੜ ਦੇ ਮੂੰਹ 'ਤੇ ਇੱਕ ਵੱਡੀ ਚਪੇੜ ਹੈ।

ਭਾਜਪਾ ਦੇ ਸੀਨੀਅਰ ਆਗੂ ਨੇ ਕਿਹਾ ਕਿ ਇਹ ਜਿੱਤ ਇੰਡੀ ਗਠਜੋੜ ਲਈ ਵੀ ਇੱਕ ਸਬਕ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਟਾਉਣ ਲਈ ਹੀ ਗਠਜੋੜ ਕਰਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਇਕੱਠੇ ਹੋਏ ਹਨ। ਉਨ੍ਹਾਂ ਨੇ ਇੰਡੀ ਗੱਠਜੋੜ ਨੂੰ ਮੌਕਾਪ੍ਰਸਤੀ ਦੀ ਮਿਸਾਲ ਦੱਸਦਿਆਂ ਕਿਹਾ ਕਿ ਇਸ ਦਾ ਕੋਈ ਸਿਆਸੀ ਭਵਿੱਖ ਨਹੀਂ ਹੈ।

ਬਾਜਵਾ ਨੇ ਕਿਹਾ ਕਿ ਜਿਸ ਤਰ੍ਹਾਂ ਇਸ ਗਠਜੋੜ ਦੇ 8 ਕੌਂਸਲਰਾਂ ਨੇ ਗਲਤ ਵੋਟਾਂ ਪਾਈਆਂ ਹਨ, ਉਸ ਤੋਂ ਸਪੱਸ਼ਟ ਹੈ ਕਿ ਇਹ ਕੌਂਸਲਰ ਆਪਣੇ ਗਠਜੋੜ ਤੋਂ ਅਸੰਤੁਸ਼ਟ ਤੇ ਨਾਖੁਸ ਹਨ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਦੀ ਪ੍ਰੋੜਤਾ ਕਰਨ ਲਈ ਉਨ੍ਹਾਂ ਨੇ ਆਪਣੇ ਉਮੀਦਵਾਰ ਨੂੰ ਵੋਟ ਪਾਉਣ ਦੀ ਬਜਾਏ ਆਪਣੀਆਂ ਵੋਟਾਂ ਨੂੰ ਅਯੋਗ ,ਕੈਂਸਲ ਕਰਵਾ ਦਿੱਤਾ। ਬਾਜਵਾ ਨੇ ਕਿਹਾ ਕਿ ਇਹ ਜਿੱਤ ਇਤਿਹਾਸਿਕ ਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਦੀ ਜਿੱਤ ਹੈ।

# ਪੰਜਾਬ ਦੇ ਅਕਸ਼ਦੀਪ ਸਿੰਘ ਤੇ ਮੰਜੂ ਰਾਣੀ ਬਣੇ ਨੈਸ਼ਨਲ ਓਪਨ ਪੈਦਲ ਤੋਰ ਮੁਕਾਬਲੇ ਦੇ ਚੈਂਪੀਅਨ

## ਖੇਡ ਮੰਤਰੀ ਮੀਤ ਹੇਅਰ ਨੇ ਕੌਮੀ ਚੈਂਪੀਅਨ ਅਥਲੀਟਾਂ ਨੂੰ ਦਿੱਤੀ ਮੁਬਾਰਕਬਾਦ



ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਵਿਖੇ ਚੱਲ ਰਹੀ 11ਵੀਂ ਨੈਸ਼ਨਲ ਓਪਨ ਪੈਦਲ ਤੋਰ ਚੈਂਪੀਅਨਸ਼ਿਪ ਦੇ ਅੱਜ 20 ਕਿਲੋਮੀਟਰ ਪੈਦਲ ਤੋਰ ਦੇ ਹੋਏ ਮੁਕਾਬਲੇ ਦੇ ਪੰਜਾਬ ਦੇ ਅਕਸ਼ਦੀਪ ਸਿੰਘ ਤੇ ਮੰਜੂ ਰਾਣੀ ਨੇ ਕ੍ਰਮਵਾਰ ਪੁਰਸ਼ਾਂ ਤੇ ਮਹਿਲਾ ਦੋਵਾਂ ਵਰਗਾਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕੀਤਾ। ਪੁਰਸ਼ ਵਰਗ ਵਿੱਚ ਪਹਿਲੀਆਂ ਪੰਜ ਪੁਜੀਸ਼ਨਾਂ ਵਿੱਚੋਂ ਤਿੰਨ ਪੰਜਾਬ ਦੇ ਅਥਲੀਟਾਂ ਅਤੇ ਮਹਿਲਾ ਵਰਗ ਵਿੱਚ ਪਹਿਲੀਆਂ ਚਾਰ ਪੁਜੀਸ਼ਨਾਂ ਵਿੱਚੋਂ ਦੋ ਪੰਜਾਬ ਦੀਆਂ ਅਥਲੀਟਾਂ ਨੇ ਹਾਸਲ ਕੀਤੀਆਂ।

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੋਵੇਂ ਜੇਤੂ ਅਥਲੀਟਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਆਪਣੇ ਪ੍ਰਦਰਸ਼ਨ ਨਾਲ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਜ਼ਿਲੇ ਦੇ ਪਿੰਡ ਕਾਹਨੇਕੇ ਦਾ ਅਕਸ਼ਦੀਪ ਸਿੰਘ ਜਿੱਥੇ ਕੌਮੀ ਰਿਕਾਰਡ ਹੋਲਡਰ ਹੈ ਉਥੇ ਪੈਰਿਸ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋ ਚੁੱਕਾ ਹੈ। ਇਸੇ ਤਰ੍ਹਾਂ ਮਾਨਸਾ ਜ਼ਿਲੇ ਦੇ ਪਿੰਡ ਖੈਹਿਰਾ ਖੁਰਦ ਦੀ ਮੰਜੂ ਰਾਣੀ ਨੇ ਕੌਮੀ ਰਿਕਾਰਡ ਬਣਾਉਣ ਤੋਂ ਇਲਾਵਾ ਹਾਂਗਜ਼ੂ ਏਸ਼ੀਅਨ ਗੇਮਜ਼ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਮੁੜ ਖੇਡ ਨਕਸ਼ੇ ਉਤੇ ਚਮਕਾਉਣ ਲਈ ਨਿਰੰਤਰ ਯਤਨਸ਼ੀਲ ਹੈ। ਹਾਲ ਹੀ ਵਿੱਚ ਮੁੱਖ ਮੰਤਰੀ ਨੇ ਮੰਜੂ ਰਾਣੀ ਨੂੰ 50 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਸੀ ਜਦੋਂ ਕਿ ਅਕਸ਼ਦੀਪ ਸਿੰਘ ਨੂੰ ਓਲੰਪਿਕਸ ਕੁਆਲੀਫਾਈ ਕਰਨ ਸਮੇਂ 5 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਸੀ।

ਅੱਜ ਸੁਖਨਾ ਝੀਲ ਉਤੇ ਚੱਲ ਰਹੀ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੀ 20 ਕਿਲੋਮੀਟਰ ਪੈਦਲ ਤੋਰ ਵਿੱਚ ਅਕਸ਼ਦੀਪ ਸਿੰਘ ਨੇ 1.19.38 ਦਾ ਸਮਾਂ ਕੱਢ ਕੇ ਸੋਨ ਤਮਗ਼ਾ ਜਿੱਤਿਆ। ਪੰਜਾਬ ਦਾ ਹੀ ਅਰਸ਼ਪ੍ਰੀਤ ਸਿੰਘ ਚੌਥੇ ਅਤੇ ਸਾਹਿਲ ਪੰਜਵੇਂ ਸਥਾਨ ਉਤੇ ਆਇਆ। ਮਹਿਲਾ ਵਰਗ ਵਿੱਚ ਮੰਜੂ ਰਾਣੀ ਨੇ 1.33.00 ਦਾ ਸਮਾਂ ਕੱਢ ਕੇ ਸੋਨ ਤਮਗ਼ਾ ਜਿੱਤਿਆ ਜਦੋਂ ਕਿ ਪੰਜਾਬ ਦੀ ਇਕ ਹੋਰ ਅਥਲੀਟ ਰਮਨਦੀਪ ਕੌਰ ਚੌਥੇ ਸਥਾਨ ਉਤੇ ਰਹੀ।

# ਸ਼ੌਕਤ ਅਹਿਮਦ ਪਰੇ ਜੀ ਨੂੰ ਡੀ ਸੀ ਪਟਿਆਲਾ ਲੱਗਣ 'ਤੇ ਯੁਵਕ ਸੇਵਾਵਾਂ ਕਲੱਬ ਵੱਲੋਂ ਜੀ ਆਇਆ ਨੂੰ



ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ ਵਲੋਂ ਪਟਿਆਲਾ ਜ਼ਿਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਜੀ ਨਾਲ ਮੁਲਾਕਾਤ ਕੀਤੀ ਅਤੇ ਬੱਕੇ ਦੇ ਕੇ ਜੀ ਆਇਆ ਕਿਹਾ ਗਿਆ, , ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਜੀ ਨੂੰ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਨ੍ਹਾਂ ਦੀ ਟੀਮ ਵਲੋਂ ਹੁਣ ਤੱਕ ਨਸ਼ਿਆਂ ਵਿਰੁੱਧ ਤਕਰੀਬਨ 1000 ਤੋਂ ਵੱਧ ਪ੍ਰੋਗਰਾਮ ਆਯੋਜਿਤ ਕਰਕੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ ਹੈ ਇਸ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਦੀਆਂ ਵੱਖ ਵੱਖ ਸਲੱਮ ਬਸਤੀਆਂ ਵਿੱਚ ਤਿੰਨ ਲੱਖ ਤੋਂ ਉੱਪਰ ਮੁਫ਼ਤ ਸੈਨਟਰੀ ਪੈਡ ਵੰਡੇ ਜਾ ਚੁੱਕੇ ਹਨ, ਇਸ ਤੋਂ ਇਲਾਵਾ ਖੂਨਦਾਨ ਕੈਂਪ, ਮੈਡੀਕਲ ਕੈਂਪ, ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦੇਣੀਆਂ, ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾਉਣੇ ਅਤੇ ਅਨੇਕਾਂ ਹੋਰ ਸਮਾਜ ਸੇਵੀ ਕਾਰਜ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ, ਇਸ ਮੌਕੇ ਪਟਿਆਲਾ ਜ਼ਿਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਜੀ ਨੇ ਇਹਨਾਂ ਸਮਾਜ ਸੇਵੀ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਵੀ ਵੱਧ ਤੋਂ ਵੱਧ ਸਮਾਜ ਸੇਵੀ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਉਨ੍ਹਾਂ ਵਲੋਂ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਦਿੱਤੀ ਜਾਵੇਗੀ।

# ਆਦਮਪੁਰ ਤੋਂ ਦਿੱਲੀ, ਗੋਆ, ਜੈਪੁਰ ਅਤੇ ਕੋਲਕਾਤਾ ਲਈ ਉਡਾਣਾਂ ਜਲਦੀ ਸ਼ੁਰੂ ਹੋਣਗੀਆਂ : ਸਿੰਧੀਆ

ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੇ.ਐਮ. ਸਿੰਧੀਆ ਨਾਲ ਹੋਈ ਮੁਲਾਕਾਤ ਦੌਰਾਨ ਬੀਜੇਪੀ ਦੇ ਰਾਸ਼ਟਰੀ ਬੁਲਾਰੇ ਜੈਵੀਰ ਸ਼ੇਰਗਿੱਲ ਵੱਲੋਂ ਉਠਾਈ ਗਈ ਮੰਗ ਦੇ ਜਵਾਬ ਵਿੱਚ ਸਿੰਧੀਆ ਨੇ ਸ਼ੇਰਗਿੱਲ ਨੂੰ ਕਿਹਾ ਹੈ ਕਿ ਉਨ੍ਹਾਂ ਦੀ ਬੇਨਤੀ 'ਤੇ ਵਿਚਾਰ ਕੀਤਾ ਗਿਆ ਹੈ ਅਤੇ ਆਦਮਪੁਰ ਤੋਂ ਵੱਖ-ਵੱਖ ਖੇਤਰਾਂ ਲਈ ਉਡਾਣਾਂ ਜਲਦੀ ਹੀ ਸ਼ੁਰੂ ਹੋ ਜਾਣਗੀਆਂ। ਇਸ ਸਬੰਧ ਵਿਚ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ, ਸ਼ੇਰਗਿੱਲ ਨੇ ਕਿਹਾ ਕਿ ਸਿੰਧੀਆ ਨੇ 26 ਜਨਵਰੀ, 2024 ਨੂੰ ਇਕ ਪੱਤਰ ਰਾਹੀਂ ਉਨ੍ਹਾਂ ਨੂੰ ਜਵਾਬ ਦਿੱਤਾ ਹੈ ਕਿ ਆਦਮਪੁਰ ਨੂੰ ਦਿੱਲੀ - ਐਨ.ਸੀ.ਆਰ., ਨਾਂਦੇੜ, ਬੰਗਲੌਰ, ਕੋਲਕਾਤਾ ਅਤੇ ਗੋਆ ਨਾਲ ਜੋੜਨ ਵਾਲੇ ਉਡਾਨ 5.0 ਦੇ ਤਹਿਤ ਰੂਟ ਚੁਣੀਆਂ ਗਈਆਂ ਏਅਰਲਾਈਨਾਂ ਨੂੰ ਸੌਂਪੇ ਗਏ ਹਨ। ਇਸ ਸਬੰਧੀ ਸਬੰਧਤ ਏਅਰਲਾਈਨਜ਼ ਆਉਣ ਵਾਲੇ ਸਮੇਂ ਵਿੱਚ ਸੰਚਾਲਨ ਸ਼ੁਰੂ ਕਰ ਸਕਦੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ, ਸ਼ੇਰਗਿੱਲ ਨੇ ਦੱਸਿਆ ਕਿ ਸਿੰਧੀਆ ਨਾਲ ਹੋਈ ਮੁਲਾਕਾਤ ਦੌਰਾਨ ਸਮੂਹ ਭਾਈਚਾਰਿਆਂ ਦੀ ਆਸਥਾ ਅਤੇ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਤੇ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਵਿੱਤਰ ਸਥਾਨ ਲਈ ਆਦਮਪੁਰ ਤੋਂ ਬਨਾਰਸ ਵਾਸਤੇ ਸਿੱਧੀ ਹਵਾਈ ਉਡਾਣ ਸ਼ੁਰੂ ਕਰਨ ਦੀ ਮੰਗ ਵਾਲਾ ਪੱਤਰ ਮੰਤਰੀ ਨੂੰ ਸੌਂਪਿਆ ਗਿਆ। ਸ਼ੇਰਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਆਦਮਪੁਰ ਤੋਂ ਦਿੱਲੀ ਲਈ ਉਡਾਣਾਂ ਮੁੜ ਸ਼ੁਰੂ ਕਰਨ ਦੀ ਬੇਨਤੀ ਵੀ ਕੀਤੀ ਸੀ। ਸ਼ੇਰਗਿੱਲ ਨੇ ਕਿਹਾ ਕਿ ਇਸ 'ਤੇ ਵੀ ਸਿੰਧੀਆ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦੀ ਬੇਨਤੀ ਨੂੰ ਅਨੁਕੂਲ ਵਿਚਾਰ ਲਈ ਸਾਰੀਆਂ ਨਿਰਧਾਰਤ ਘਰੇਲੂ ਏਅਰਲਾਈਨਾਂ ਨਾਲ ਸਾਂਝਾ ਕੀਤਾ ਗਿਆ ਹੈ।

ਸ਼ੇਰਗਿੱਲ ਨੇ ਕਿਹਾ ਕਿ ਇਹ ਇੱਕ ਸਕਾਰਾਤਮਕ ਖ਼ਬਰ ਹੈ, ਕਿਉਂਕਿ ਆਦਮਪੁਰ (ਜਲੰਧਰ) ਅਤੇ ਹਲਵਾਰਾ (ਲੁਧਿਆਣਾ) ਤੋਂ ਹਵਾਈ ਸੰਪਰਕ ਨਾ ਸਿਰਫ਼ ਪੰਜਾਬ ਦੀ ਕੁਨੈਕਟੀਵਿਟੀ ਵਿੱਚ ਸੁਧਾਰ ਕਰੇਗਾ, ਬਲਕਿ ਆਰਥਿਕਤਾ, ਸੈਰ-ਸਪਾਟਾ ਅਤੇ ਵਪਾਰ ਨੂੰ ਵੀ ਹੁਲਾਰਾ ਦੇਵੇਗਾ।

ਸ਼ੇਰਗਿੱਲ ਨੇ ਉਨ੍ਹਾਂ ਦੀਆਂ ਮੰਗਾਂ 'ਤੇ ਸਕਾਰਾਤਮਕ ਵਿਚਾਰ ਕਰਨ ਲਈ ਸਿੰਧੀਆ ਦਾ ਧੰਨਵਾਦ ਕੀਤਾ ਹੈ।

# ਮੋਦੀ ਸਰਕਾਰ ਦਾ ਅੰਤ੍ਰਿਮ ਬਜਟ: ਆਮਦਨ ਕਰ ਸਲੈਬ 'ਚ ਕੋਈ ਬਦਲਾਅ ਨਹੀਂ

## ਸੀਤਾ ਰਮਨ ਵੱਲੋਂ ਬਿਜਲੀ ਦੇ ਮਾਮਲੇ ਵਿਚ ਹੋਰ ਆਤਮ ਨਿਰਭਰ ਬਣਾਉਣ ਲਈ ਇੱਕ ਕਰੋੜ ਘਰਾਂ ਨੂੰ 300 ਯੂਨਿਟ ਸੂਰਜੀ ਬਿਜਲੀ ਮੁ.ਫਤ ਦਿੱਤੇ ਜਾਣ ਦਾ ਐਲਾਨ

ਨਵੀਂ ਦਿੱਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਲੁਭਾਊ ਐਲਾਨ ਤੋਂ ਬਚਦੇ ਹੋਏ ਸੁਧਾਰਾਂ ਨੂੰ ਅੱਗੇ ਵਧਾਉਂਦੇ ਹੋਏ ਅੱਜ ਅਗਲੇ ਵਿੱਤੀ ਸਾਲ ਲਈ ਅੰਤ੍ਰਿਮ ਬਜਟ ਪੇਸ਼ ਕੀਤਾ। ਉਨ੍ਹਾਂ ਨੇ 2024-25 ਲਈ 47.66 ਲੱਖ ਕਰੋੜ ਰੁਪਏ ਦੇ ਕੁੱਲ ਖਰਚੇ ਵਾਲਾ ਅੰਤ੍ਰਿਮ ਬਜਟ ਪੇਸ਼ ਕੀਤਾ ਹੈ। ਉਨ੍ਹਾਂ ਸਿੱਧੇ ਅਤੇ ਅਸਿੱਧੇ ਟੈਕਸ ਦੇ ਮੋਰਚੇ 'ਤੇ ਕੋਈ ਰਾਹਤ ਨਹੀਂ ਦਿੱਤੀ। ਇੱਕ ਘੰਟੇ ਤੋਂ ਵੀ ਘੱਟ ਸਮੇਂ ਦੇ ਆਪਣੇ ਬਜਟ ਭਾਸ਼ਨ ਵਿੱਚ ਉਨ੍ਹਾਂ ਨੇ ਪਿਛਲੇ 10 ਸਾਲਾਂ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਪੇਸ਼ ਕੀਤਾ। ਵਿੱਤ ਮੰਤਰੀ ਵਜੋਂ ਇਹ ਉਨ੍ਹਾਂ ਦਾ ਛੇਵਾਂ ਅਤੇ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਆਖਰੀ ਬਜਟ ਸੀ। ਲੋਕ ਸਭਾ ਚੋਣਾਂ ਤੋਂ ਬਾਅਦ ਸਰਕਾਰ ਬਣਨ ਤੱਕ ਅੰਤ੍ਰਿਮ ਬਜਟ ਵਿਚਕਾਰਲੇ ਸਮੇਂ ਦੀਆਂ ਵਿੱਤੀ ਲੋੜਾਂ ਦਾ ਧਿਆਨ ਰੱਖੇਗਾ। ਨਵੀਂ ਸਰਕਾਰ ਵੱਲੋਂ ਪੂਰਾ ਬਜਟ ਪੇਸ਼ ਕੀਤਾ ਜਾਵੇਗਾ।

ਮੰਤਰੀ ਵੱਲੋਂ ਕੀਤੇ ਐਲਾਨ

* ਆਯੂਸ਼ਮਾਨ ਭਾਰਤ ਤਹਿਤ ਸਾਰੀਆਂ ਆਸ਼ਾ ਅਤੇ ਆਂਗਣਵਾੜੀ ਵਰਕਰਾਂ ਨੂੰ ਸਿਹਤ ਸੰਭਾਲ ਦੇ ਦਾਇਰੇ ਵਿੱਚ ਲਿਆਉਣ ਦਾ ਐਲਾਨ ਕੀਤਾ।
* ਦੇਸ਼ ਗ੍ਰਾਮੀਣ ਆਵਾਸ ਯੋਜਨਾ ਤਹਿਤ ਤਿੰਨ ਕਰੋੜ ਘਰਾਂ ਦੇ ਟੀਚੇ ਨੂੰ ਹਾਸਲ ਕਰਨ ਦੇ ਨੇੜੇ ਹੈ ਅਤੇ ਅਗਲੇ ਪੰਜ ਸਾਲਾਂ ਵਿੱਚ ਦੋ ਕਰੋੜ ਘਰ ਬਣਾਏ ਜਾਣਗੇ।
* ਆਮਦਨਕਰ ਸਲੈਬ 'ਚ ਕੋਈ ਬਦਲਾਅ ਨਹੀਂ। ਸਿੱਧੇ ਅਤੇ ਅਸਿੱਧੇ ਟੈਕਸ ਦਰਾਂ ਵਿੱਚ ਕੋਈ ਬਦਲਾਅ ਨਹੀਂ ਹੈ।
* ਚਾਲੂ ਵਿੱਤੀ ਸਾਲ 'ਚ ਵਿੱਤੀ ਘਾਟਾ 5.8 ਫੀਸਦੀ ਰਹਿਣ ਦਾ ਅਨੁਮਾਨ ਹੈ, ਅਗਲੇ ਵਿੱਤੀ ਸਾਲ 'ਚ ਇਸ ਨੂੰ 5.1 ਫੀਸਦੀ 'ਤੇ ਲਿਆਉਣ ਦਾ ਟੀਚਾ।
* ਰਾਜਾਂ ਵਿੱਚ ਵਿਕਾਸ ਲਈ 75,000 ਕਰੋੜ ਰੁਪਏ ਦੇ ਵਿਆਜ ਮੁਕਤ ਕਰਜ਼ੇ ਦੀ ਵਿਵਸਥਾ।

ਅੰਤਰਿਮ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੇਸ਼ ਨੂੰ ਬਿਜਲੀ ਦੇ ਮਾਮਲੇ ਵਿਚ ਹੋਰ ਆਤਮ ਨਿਰਭਰ ਬਣਾਉਣ ਲਈ ਇੱਕ ਕਰੋੜ ਘਰਾਂ ਨੂੰ 300 ਯੂਨਿਟ ਸੂਰਜੀ ਬਿਜਲੀ ਮੁਫ਼ਤ ਦਿੱਤੇ ਜਾਣ ਦਾ ਐਲਾਨ ਕੀਤਾ ਹੈ। ਅਜਿਹੇ 'ਚ ਇਕ ਖ਼ਾਸ ਐਲਾਨ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਦੀ ਸੂਰਿਆ ਉਦੈ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦੇ ਤਹਿਤ ਛੱਤ ਉੱਤੇ ਸੋਲਰ ਸਿਸਟਮ ਲਗਾਏ ਜਾਣਗੇ।

**ਇੱਕ ਕਰੋੜ ਘਰਾਂ ਵਿੱਚ ਸੋਲਰ ਰੂਫਟਾਪ ਲਗਾਏ ਜਾਣਗੇ**

ਇਸ ਯੋਜਨਾ ਦੇ ਤਹਿਤ ਲਗਭਗ 1 ਕਰੋੜ ਘਰਾਂ 'ਤੇ ਸੋਲਰ ਰੂਫ ਟਾਪ ਸਿਸਟਮ ਲਗਾਇਆ ਜਾਵੇਗਾ। ਫਿਰ ਪੀਐਮ ਮੋਦੀ ਨੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਸਿੱਧਾ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਨੂੰ ਮਿਲੇਗਾ। ਇਸ ਨਾਲ ਉਨ੍ਹਾਂ ਦੇ ਬਿਜਲੀ ਬਿੱਲ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

**ਹੋ ਸਕੇਗੀ ਕਮਾਈ**

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਮੁਫ਼ਤ ਸੋਲਰ ਦੀ ਬਿਜਲੀ ਅਤੇ ਬਚੀ ਬਿਜਲੀ ਕੰਪਨੀਆਂ ਨੂੰ ਵੇਚ ਕੇ ਪਰਿਵਾਰਾਂ ਨੂੰ ਕਮਾਈ ਦਾ ਮੌਕਾ ਵੀ ਮਿਲੇਗਾ। ਇਸ ਦੀ ਸਹਾਇਤਾ ਨਾਲ ਇਲੈਕਟ੍ਰਿਕ ਚਾਰਜਰ ਵੀ ਲਗਾਇਆ ਜਾ ਸਕੇਗਾ। ਇਸ ਦੇ ਨਾਲ ਹੀ ਛੱਤ ਉੱਤੇ ਸੋਲਰ ਪੈਨਲ ਲਗਾਉਣ ਕਾਰਨ ਵੱਡੀ ਸੰਖਿਆ ਵਿਚ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ।

**ਊਰਜਾ ਦੇ ਖੇਤਰ ਵਿੱਚ ਹੋਰ ਆਤਮ ਨਿਰਭਰ ਬਣ ਜਾਵੇਗਾ**

ਹਾਲ ਹੀ 'ਚ ਪੀਐਮ ਮੋਦੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਕੀਤੀ ਸੀ। ਇਸ 'ਚ ਉਨ੍ਹਾਂ ਕਿਹਾ ਸੀ ਕਿ ਅਯੁੱਧਿਆ 'ਚ ਸਮਾਗਮ ਦੇ ਸ਼ੁਭ ਮੌਕੇ 'ਤੇ ਮੇਰਾ ਸੰਕਲਪ ਹੋਰ ਮਜ਼ਬੂਤ ਹੋਇਆ ਹੈ ਕਿ ਭਾਰਤੀਆਂ ਦੇ ਘਰਾਂ ਦੀਆਂ ਛੱਤਾਂ 'ਤੇ ਉਨ੍ਹਾਂ ਦਾ ਆਪਣਾ ਸੋਲਰ ਰੂਫ ਟਾਪ ਸਿਸਟਮ ਹੋਵੇ।

ਅਯੁੱਧਿਆ ਤੋਂ ਵਾਪਸ ਆਉਣ ਤੋਂ ਬਾਅਦ, ਮੈਂ ਪਹਿਲਾ ਫੈਸਲਾ ਲਿਆ ਸੀ ਕਿ ਸਾਡੀ ਸਰਕਾਰ 1 ਕਰੋੜ ਘਰਾਂ 'ਤੇ ਛੱਤਾਂ 'ਤੇ ਸੋਲਰ ਲਗਾਉਣ ਦੇ ਟੀਚੇ ਨਾਲ 'ਪ੍ਰਧਾਨ ਮੰਤਰੀ ਸੂਰਯੋਦਿਆ ਯੋਜਨਾ' ਸ਼ੁਰੂ ਕਰੇਗੀ। ਇਸ ਨਾਲ ਨਾ ਸਿਰਫ਼ ਗਰੀਬ ਅਤੇ ਮੱਧ ਵਰਗ ਦਾ ਬਿਜਲੀ ਬਿੱਲ ਘੱਟ ਹੋਵੇਗਾ, ਸਗੋਂ ਭਾਰਤ ਊਰਜਾ ਦੇ ਖੇਤਰ ਵਿੱਚ ਆਤਮ-ਨਿਰਭਰ ਵੀ ਹੋਵੇਗਾ। ਇਹੀ ਕਾਰਨ ਹੈ ਕਿ ਇਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਪ੍ਰਧਾਨ ਮੰਤਰੀ ਸੂਰਯੋਦਿਆ ਯੋਜਨਾ ਦੀ ਸ਼ੁਰੂਆਤ ਕੀਤੀ। ਤੁਹਾਨੂੰ ਦੱਸ ਦੇਈਏ ਕਿ ਇਸ ਯੋਜਨਾ ਦੇ ਤਹਿਤ ਲੋਕਾਂ ਦੇ ਘਰਾਂ 'ਤੇ ਸੋਲਰ ਪੈਨਲ ਸਿਸਟਮ ਲਗਾਇਆ ਜਾਵੇਗਾ, ਜਿਸ ਦੀ ਮਦਦ ਨਾਲ ਲੋਕਾਂ ਨੂੰ ਬਿਜਲੀ ਦੇ ਬਿੱਲਾਂ ਨੂੰ ਘਟਾਉਣ 'ਚ ਮਦਦ ਮਿਲੇਗੀ।

## ਵਿੱਤ ਮੰਤਰੀ-ਰੇਲ: ਛੋਟੇ ਸ਼ਹਿਰਾਂ 'ਚ ਮੈਟਰੋ ਦੇ ਵਿਸਥਾਰ ਤੇ 3 ਰੇਲ ਕੋਰੀਡੋਰ ਸ਼ੁਰੂ ਕਰਨ ਦੀ ਤਜਵੀਜ਼

ਨਵੀਂ ਦਿੱਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਨਵੇਂ ਸੰਸਦ ਭਵਨ ਵਿਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਅੱਜ ਵਿੱਤੀ ਸਾਲ 2024-25 ਦਾ ਅੰਤ੍ਰਿਮ ਬਜਟ ਪੇਸ਼ ਕੀਤਾ ਗਿਆ। ਇਸ ਵਿੱਚ ਰੇਲਵੇ ਨੂੰ ਬਜਟ 'ਚ ਵਿਸ਼ੇਸ਼ ਥਾਂ ਦਿੱਤੀ ਗਈ।

ਮੰਤਰੀ ਨੇ ਕਿਹਾ ਕਿ ਛੋਟੇ ਸ਼ਹਿਰਾਂ ਵਿਚ ਮੈਟਰੋ ਦਾ ਵਿਸਥਾਰ ਹੋਵੇਗਾ। ਰੇਲਵੇ ਸਮੁੰਦਰ ਮਾਰਗ ਜੋੜਨ 'ਤੇ ਜ਼ੋਰ ਦਿੱਤਾ। 3 ਰੇਲ ਕੋਰੀਡੋਰ ਸ਼ੁਰੂ ਕੀਤੇ ਜਾਣਗੇ। 40 ਹਜ਼ਾਰ ਆਮ ਰੇਲ ਕੋਚ ਵੰਦੇ ਭਾਰਤ ਵਿਚ ਬਦਲੇ ਜਾਣਗੇ। ਯਾਤਰੀ ਰੇਲਾਂ ਦੇ ਸੰਚਾਲਨ ਵਿਚ ਸੁਧਾਰ ਕੀਤਾ ਜਾਵੇਗਾ।

## ਬਜਟ 'ਚ ਆਮ ਬੰਦੇ ਲਈ ਕੁੱਝ ਵੀ ਨਹੀਂ, ਸਰਕਾਰ ਨੇ ਨਿਰਾਸ਼ ਕੀਤਾ: ਕਾਂਗਰਸ

ਨਵੀਂ ਦਿੱਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਕਾਂਗਰਸ ਦੇ ਕਈ ਸੰਸਦ ਮੈਂਬਰਾਂ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਅੰਤ੍ਰਿਮ ਬਜਟ ਨੂੰ ਨਿਰਾਸ਼ਾਜਨਕ ਕਰਾਰ ਦਿੰਦੇ ਹੋਏ ਕਿਹਾ ਕਿ ਦੇਸ਼ ਦੇ ਆਮ ਲੋਕਾਂ ਲਈ ਇਸ ਵਿਚ ਕੁਝ ਵੀ ਨਹੀਂ ਹੈ। ਕਾਂਗਰਸ ਦੇ ਸੀਨੀਅਰ ਨੇਤਾ ਸ਼ਸ਼ੀ ਥਰੂਰ ਨੇ ਕਿਹਾ ਕਿ ਬਜਟ ਭਾਸ਼ਨ ਬਹੁਤ ਛੋਟਾ ਅਤੇ ਨਿਰਾਸ਼ਾਜਨਕ ਸੀ। ਬਹੁਤ ਜ਼ਿਆਦਾ ਬਿਆਨਬਾਜ਼ੀ ਸੀ। ਬਹੁਤ ਸਾਰੇ ਮੁੱਦਿਆਂ 'ਤੇ ਧਿਆਨ ਨਹੀਂ ਦਿੱਤਾ ਗਿਆ। ਬੇਰੁਜ਼ਗਾਰੀ ਦੇ ਮੁੱਦੇ ਦਾ ਕੋਈ ਜ਼ਿਕਰ ਨਹੀਂ। ਇਹ ਸਰਕਾਰ ਆਪਣੀ ਅਸਫਲਤਾ ਨੂੰ ਵੀ ਸਫਲਤਾ ਵਜੋਂ ਪੇਸ਼ ਕਰ ਰਹੀ ਹੈ।



## ਕੇਂਦਰ ਨੇ ਪੇਸ਼ ਕੀਤਾ ਖੋਖਲਾ ਬਜਟ, ਨੌਜਵਾਨਾਂ, ਔਰਤਾਂ ਅਤੇ ਕਿਸਾਨਾਂ ਲਈ ਕੁਝ ਨਹੀਂ : ਹਰਸਿਮਰਨ ਕੌਰ ਬਾਦਲ

ਨਵੀਂ ਦਿੱਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਆਮ ਬਜਟ ਪੇਸ਼ ਹੋ ਗਿਆ ਹੈ ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਬਜਟ ਬਿਲਕੁਲ ਖੋਖਲਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਇਸ ਬਜਟ ਵਿਚ ਨੌਜਵਾਨਾਂ, ਔਰਤਾਂ ਅਤੇ ਕਿਸਾਨਾਂ ਲਈ ਕੁਝ ਨਹੀਂ ਸੀ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਸਰਕਾਰ ਵੱਲੋਂ ਚੋਣ ਬਜਟ ਵਿਚ ਰਿਵਾੜੀ ਦਾ ਐਲਾਨ ਕੀਤਾ ਜਾਵੇਗਾ ਪਰ ਸਰਕਾਰ ਵੱਲੋਂ ਅਜਿਹਾ ਐਲਾਨ ਨਾ ਕਰਨਾ ਇਕ ਚੰਗਾ ਕਦਮ ਹੈ। ਸਰਕਾਰ ਵੱਲੋਂ ਕੀਤੇ 10 ਸਾਲਾਂ ਦੇ ਵਾਅਦਿਆਂ ਦਾ ਕੀ ਹੋਇਆ ਇਸ ਬਾਰੇ ਕੋਈ ਚਰਚਾ ਨਹੀਂ ਹੋਈ। ਸਰਕਾਰ ਨੂੰ ਆਪਣੇ ਪਿਛਲੇ 10 ਸਾਲਾਂ ਦੇ ਕੰਮਾਂ ਬਾਰੇ ਵੀ ਦੱਸਣਾ ਚਾਹੀਦਾ ਹੈ। ਸਰਕਾਰ ਕੋਲ ਪਿਛਲੇ 10 ਸਾਲਾਂ ਵਿੱਚ ਕੀਤੇ ਵਾਅਦੇ ਪੂਰੇ ਕਰਨ ਦਾ ਮੌਕਾ ਸੀ ਨਾ ਕਿ ਜਨਤਾ ਨੂੰ ਹੋਰ ਸੁਪਨੇ ਦਿਖਾਉਣ ਦਾ।

ਉਨ੍ਹਾਂ ਕਿਹਾ ਕਿ ਮੈਂ ਹੰਕਾਰ ਦੇਖਿਆ ਜਦੋਂ ਉਨ੍ਹਾਂ ਨੇ ਕਿਹਾ ਕਿ ਉਹ ਜੁਲਾਈ ਵਿਚ ਬਜਟ ਪੇਸ਼ ਕਰਨਗੇ। ਤੁਸੀਂ ਕਿਸੇ ਵੀ ਚੋਣਾਂ ਨੂੰ ਹਲਕੇ ਵਿਚ ਨਹੀਂ ਲੈ ਸਕਦੇ।

## ਆਪਣੀ ਗ੍ਰਿਫ਼ਤਾਰੀ ਖ਼ਿਲਾਫ਼ ਸੋਰੇਨ ਸੁਪਰੀਮ ਕੋਰਟ 'ਚ ਸੁਣਵਾਈ ਸ਼ੁੱਕਰਵਾਰ ਨੂੰ

ਨਵੀਂ ਦਿੱਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਦੇ ਨੇਤਾ ਹੇਮੰਤ ਸੋਰੇਨ ਨੇ ਮਨੀ ਲਾਂਡਰਿੰਗ ਮਾਮਲੇ 'ਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਆਪਣੀ ਗ੍ਰਿਫਤਾਰੀ ਨੂੰ ਅੱਜ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਜਸਟਿਸ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦਾ ਬੈਂਚ ਸ਼ੁੱਕਰਵਾਰ ਨੂੰ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ ਹੋ ਗਿਆ।

## ਸਰਕਾਰੀ ਕਾਲਜ ਲੜਕੀਆਂ ਵਿਖੇ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਵੱਲੋਂ ਇੰਟਰਾ ਇੰਸਟੀਟਿਊਸ਼ਨਲ ਆਈਡੀਆ ਕੰਪੀਟੀਸ਼ਨ ਕਰਵਾਇਆ

ਪਟਿਆਲਾ, 2 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਕਾਲਜ ਲੜਕੀਆਂ ਪਟਿਆਲਾ ਦੇ ਪ੍ਰਿੰਸੀਪਲ ਪ੍ਰੋ. ਚਰਨਜੀਤ ਕੌਰ ਦੀ ਯੋਗ ਅਗਵਾਈ ਅਤੇ ਕਾਲਜ ਦੀ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਦੇ ਪ੍ਰੈਜ਼ੀਡੈਂਟ ਡਾ.ਅਨੀਲਾ ਸੁਲਤਾਨਾ ਅਤੇ ਨੋਡਲ ਅਫਸਰ ਡਾ.ਹਰਪ੍ਰੀਤ ਕੌਰ ਦੀ ਦੇਖ ਰੇਖ ਵਿੱਚ ਕਾਲਜ ਵਿਖੇ ਇੰਟਰਾ ਇੰਸਟੀਟਿਊਸ਼ਨਲ ਆਈਡੀਆ ਕੰਪੀਟੀਸ਼ਨ ਐਂਡ ਰਿਵਾਰਡ ਬੈਸਟ ਆਈਡੀਆਜ ਆਦਿ ਵਿਸ਼ਿਆਂ ਉੱਪਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਵਿਦਿਆਰਥਨਾਂ ਨੇ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰ ਪੇਸ਼ ਕੀਤੇ ਜਿਵੇਂ ਕਿ ਸਿਲਾਈ ਬਿਜ਼ਨਸ, ਕਲਾਉਡ ਕਿੱਚਨ, ਟਿਊਸ਼ਨ ਕਲਾਸਾਂ, ਮੇਕਅੱਪ ਟ੍ਰੇਨਿੰਗ, ਵਰਮੀ ਕੰਪੋਸਟਿੰਗ ਆਦਿ। ਪੇਸ਼ ਕੀਤੇ ਗਏ ਵਿਚਾਰਾਂ ਤੇ ਵਿਦਿਆਰਥਣਾਂ ਵੱਲੋਂ ਸਵਾਲ ਜਵਾਬ ਵੀ ਕੀਤੇ ਗਏ। ਇਨਾ ਵਿੱਚੋਂ ਸਭ ਤੋਂ ਵਧੀਆ ਪਹਿਲੇ ਤਿੰਨ ਵਿਚਾਰ ਪੇਸ਼ ਕਰਨ ਵਾਲਿਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਅਤੇ ਇਨਾਮ ਵੀ ਤਕਸੀਮ ਕੀਤੇ ਗਏ।

ਇਸ ਮੌਕੇ ਕਾਲਜ ਦੀ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਦੇ ਮੈਂਬਰ ਡਾ.ਸ਼ਿਵਾਨੀ ਸ਼ਰਮਾ, ਡਾ.ਅਰੂਸ਼ੀ ਅਤੇ ਪ੍ਰੋ. ਸੰਦੀਪ ਸਿੰਘ ਵੀ ਹਾਜ਼ਰ ਰਹੇ।

## ਜਲੰਧਰ ਕਮਿਸ਼ਨਰੇਟ ਪੁਲਸ ਨੇ 3 ਔਰਤਾਂ ਸਣੇ 5 ਨਸ਼ਾ ਤਸਕਰ 5 ਕਿਲੋ ਅ.ਫੀਮ ਸਮੇਤ ਕੀਤੇ ਗ੍ਰਿ.ਫਤਾਰ

ਜਲੰਧਰ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਇਕ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਤਿੰਨ ਔਰਤਾਂ ਸਮੇਤ ਪੰਜ ਪ੍ਰਵਾਸੀ ਨਸ਼ਾ ਤਸਕਰਾਂ ਨੂੰ 5 ਕਿਲੋ ਅਫ਼ੀਮ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸ਼ਹਿਰ ਵਿੱਚ ਤਸਕਰਾਂ ਦਾ ਇਕ ਗਿਰੋਹ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਬੁੱਧਵਾਰ ਨੂੰ ਬਾਬਾ ਬੁੱਢਾ ਜੀ ਫਲਾਈਓਵਰ 'ਤੇ ਜਾਲ ਵਿਛਾਇਆ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਕਪੂਰਥਲਾ ਰੋਡ ਵਾਲੇ ਪਾਸੇ ਤੋਂ ਤਿੰਨ ਔਰਤਾਂ ਸਮੇਤ ਪੰਜ ਵਿਅਕਤੀਆਂ ਨੂੰ ਆਉਂਦੇ ਵੇਖਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੂੰ ਵੇਖਦਿਆਂ ਹੀ ਗਿਰੋਹ ਦੇ ਪੁਰਸ਼ ਮੈਂਬਰਾਂ ਨੇ ਸ਼ੱਕੀ ਕਾਰਵਾਈ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਉਕਤ ਵਿਅਕਤੀਆਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ ਤਾਂ ਦੋਵੇਂ ਪੁਰਸ਼ਾਂ ਪਾਸੋਂ 2 ਕਿਲੋ ਅਫ਼ੀਮ (1 ਕਿਲੋ ਪ੍ਰਤੀ ਵਿਅਕਤੀ) ਬਰਾਮਦ ਹੋਈ। ਸਵਪਨ ਸ਼ਰਮਾ ਨੇ ਦੱਸਿਆ ਕਿ ਔਰਤਾਂ ਦੇ ਥੈਲਿਆਂ ਦੀ ਤਲਾਸ਼ੀ ਦੌਰਾਨ ਤਿੰਨ ਕਿਲੋ ਅਫ਼ੀਮ (ਹਰੇਕ ਵਿੱਚੋਂ 1 ਕਿਲੋ) ਬਰਾਮਦ ਹੋਈ ਅਤੇ ਸਾਰੇ ਪੰਜ ਤਸਕਰਾਂ ਕੋਲੋਂ ਕੁੱਲ 5 ਕਿਲੋ ਅਫ਼ੀਮ ਬਰਾਮਦ ਹੋਈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਝਾਰਖੰਡ ਰਾਜ ਦੇ ਰਹਿਣ ਵਾਲੇ ਸਾਰੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ ਦੀ ਪਛਾਣ ਬਬਲੂ ਕੁਮਾਰ ਵਿਸ਼ਕਰਮਾ ਪੁੱਤਰ ਕੇਦਾਰ ਮਿਸਤਰੀ ਵਾਸੀ ਪਿੰਡ ਸ਼ਹੀਦਾਂ ਪੋ ਅਤੇ ਪੀ. ਐੱਸ. ਲਾਵਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਪ੍ਰਦੀਪ ਵਿਸ਼ਕਰਮਾ ਪੁੱਤਰ ਸਵਰਗੀ ਉਪੇਂਦਰ ਵਿਸ਼ਕਰਮਾ ਵਾਸੀ ਪਿੰਡ ਸ਼ਹੀਦਾਂ PO ਅਤੇ PS ਲਾਵਾਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਫੂਲਵਤੀ ਦੇਵੀ ਪਿੰਡ ਸ਼ਹੀਦਾਂ PO ਅਤੇ PS ਲਾਵਲੌਂਗ ਜ਼ਿਲ੍ਹਾ ਚਤਰਾ ਝਾਰਖੰਡ, ਪ੍ਰਤਿਮਾ ਦੇਵੀ r/o ਪਿੰਡ ਪਿਪਰਾ PS ਲੈਸਲੀਗੰਜ ਜ਼ਿਲ੍ਹਾ ਪਲਾਮੂ ਝਾਰਖੰਡ ਅਤੇ ਆਰਤੀ ਦੇਵੀ ਵਾਸੀ ਪਿੰਡ ਸ਼ਹੀਦਾਂ PO ਅਤੇ PS ਲਾਵਾਲੌਂਗ ਜ਼ਿਲ੍ਹਾ ਚਤਰਾ ਝਾਰਖੰਡ। ਸਵਪਨ ਸ਼ਰਮਾ ਨੇ ਦੱਸਿਆ ਕਿ ਤਸਕਰਾਂ ਖ਼ਿਲਾਫ਼ ਥਾਣਾ ਬਸਤੀ ਬਾਵਾ ਖੇਲ ਜਲੰਧਰ ਵਿਖੇ ਮੁਕੱਦਮਾ ਨੰਬਰ 20 ਮਿਤੀ 31-01-2024 ਅਧੀਨ 18-61-85 ਐਨ. ਡੀ. ਪੀ. ਐੱਸ. ਐਕਟ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਬਬਲੂ ਕੁਮਾਰ ਵਿਸ਼ਕਰਮਾ ਭਗੌੜਾ ਹੈ ਕਿਉਂਕਿ ਉਸ ਦੇ ਖ਼ਿਲਾਫ਼ ਐਨ. ਡੀ. ਪੀ. ਐੱਸ. ਐਕਟ ਤਹਿਤ ਪਹਿਲਾਂ ਹੀ ਜਲੰਧਰ ਵਿਖੇ ਐੱਫ਼. ਆਈ. ਆਰ. ਦਰਜ ਕੀਤੀ ਜਾ ਚੁੱਕੀ ਹੈ ਜਦਕਿ ਬਾਕੀ ਚਾਰ ਤਸਕਰਾਂ ਖ਼ਿਲਾਫ਼ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ।

## ਬਲਕਾਰ ਸਿੰਘ ਨੇ ਵਿਧਾਇਕਾਂ ਦੀ ਹਾਜ਼ਰੀ 'ਚ ਵਿਭਿੰਨ ਪ੍ਰਾਜੈਕਟਾਂ ਸਬੰਧੀ ਕੀਤੀ ਜਾਇਜ਼ਾ ਮੀਟਿੰਗ

ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਭਰ ਵਿੱਚ ਚਲ ਰਹੇ ਵੱਖ-ਵੱਖ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਸਮੁੱਚੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਵਚਨਬੱਧ ਹੈ।

ਅੱਜ ਇੱਥੇ ਮਿਊਂਸੀਪਲ ਭਵਨ ਵਿਖੇ ਵੱਖ-ਵੱਖ ਹਲਕਿਆਂ ਦੇ ਵਿਧਾਇਕਾਂ ਅਤੇ ਸੀਨੀਅਰ ਵਿਭਾਗੀ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਮਿਊਂਸੀਪਲ ਕੌਂਸਲ/ਨਗਰ ਪੰਚਾਇਤ ਗੜ੍ਹਸ਼ੰਕਰ, ਗੜ੍ਹਦੀਵਾਲਾ, ਹਰਿਆਣਾ, ਮੁਕੇਰੀਆਂ, ਦਸੂਹਾ, ਉੜਮੁੜ ਟਾਂਡਾ, ਤਲਵਾੜਾ, ਸ਼ਾਮ ਚੌਰਾਸੀ, ਮਹਿਲਪੁਰ, ਨਵਾਂਸ਼ਹਿਰ, ਬੰਗਾ, ਰਾਹੋਂ ਅਤੇ ਬਲਾਚੌਰ ਦੇ ਅਧਿਕਾਰੀਆਂ ਨਾਲ ਕੀਤੀ ਜਾਇਜ਼ਾ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਸਬੰਧਤ ਵਿਧਾਇਕਾਂ ਵੱਲੋਂ ਸਾਹਮਣੇ ਲਿਆਂਦੇ ਮੁੱਦਿਆਂ ਨੂੰ ਵੀ ਵਿਭਾਗੀ ਅਧਿਕਾਰੀਆਂ ਨਾਲ ਵਿਚਾਰਿਆ ਅਤੇ ਉਹਨਾਂ ਦਾ ਹੱਲ ਕੱਢਣ ਲਈ ਕਿਹਾ। ਮੀਟਿੰਗ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਵੱਖ-ਵੱਖ ਸਕੀਮਾਂ ਅਧੀਨ ਆਉਂਦੇ ਪ੍ਰਾਜੈਕਟਾਂ ਜਿਵੇਂ ਕਿ ਬਣ ਰਹੇ ਸੀਵਰੇਜ ਟਰੀਟਮੈਂਟ ਪਲਾਂਟ, ਵਾਟਰ ਟਰੀਟਮੈਂਟ ਪਲਾਂਟ ਲਈ ਜਗ੍ਹਾਂ ਦੀ ਉਪਲਬੱਤਾ ਸਬੰਧੀ, ਟਰਾਂਚ-3 ਅਮਰੁਤ ਅਤੇ ਐਮ.ਡੀ.ਐਫ/ਪੀ.ਆਈ.ਡੀ.ਬੀ ਅਧੀਨ ਚਲ ਰਹੇ ਵਿਕਾਸ ਪ੍ਰਾਜੈਕਟਾਂ ਸਬੰਧੀ ਡੂੰਘਾਈ ਨਾਲ ਵਿਚਾਰ ਪੂਰਵਕ ਚਰਚਾ ਕਰਨ ਉਪਰੰਤ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਉੱਚ ਪੱਧਰੀ ਗੁਣਵੱਤਾ ਲਿਆਉਣ ਲਈ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅੱਗੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਸਥਾਨਕ ਪੱਧਰ 'ਤੇ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਆਉਣ ਦੀ ਸੂਰਤ ਵਿੱਚ ਸਬੰਧਤ ਹਲਕੇ ਦੇ ਵਿਧਾਇਕ ਨੂੰ ਜਾਣੂ ਕਰਵਾਇਆ ਜਾਵੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਕੇ ਸਮੱਸਿਆਂ ਦਾ ਹੱਲ ਜਲਦੀ ਤੋਂ ਜਲਦੀ ਕੱਢਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਪ੍ਰਾਜੈਕਟਾਂ ਵਿੱਚ ਕਿਸੇ ਕਿਸਮ ਦੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤੀ ਜਾਵੇਗਾ। ਬਲਕਾਰ ਸਿੰਘ ਵੱਲੋਂ ਅਧਿਕਾਰੀਆਂ ਨੂੰ ਕਿਹਾ ਗਿਆ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਇਸ ਲਈ ਜੇਕਰ ਕਿਸੇ ਨਗਰ ਕੌਂਸਲ/ਨਗਰ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ ਹੋਰ ਫੰਡਾਂ ਦੀ ਜ਼ਰੂਰਤ ਹੋਵੇ ਤਾਂ ਉਹ ਆਪਣੇ ਹਲਕੇ ਦੇ ਵਿਧਾਇਕ ਨਾਲ ਰਾਬਤਾ ਕਾਇਮ ਕਰਕੇ ਐਕਸ਼ਨ ਪਲਾਨ ਸਮੇਤ ਮੁਕੰਮਲ ਤਜਵੀਜ ਮੁੱਖ ਦਫ਼ਤਰ ਚੰਡੀਗੜ੍ਹ ਨੂੰ ਭੇਜਣਾ ਯਕੀਨੀ ਬਣਾਉਣ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਆਪਣੇ ਹਲਕੇ ਦੇ ਵਿਧਾਇਕ ਨਾਲ ਵਿਕਾਸ ਕਾਰਜਾਂ ਸਬੰਧੀ ਮੁਕੰਮਲ ਜਾਣਕਾਰੀ ਸਾਂਝੀ ਕੀਤੀ ਜਾਵੇ ਤਾਂ ਜੋ ਹਲਕੇ ਦੇ ਲੋਕਾਂ ਦੀ ਜ਼ਰੂਰਤ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਸਕਣ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸੁਪਨੇ ਨੂੰ ਉਜਾਗਰ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਸੂਬੇ ਨੂੰ ÷ਰੰਗਲਾਂ ਪੰਜਾਬ÷ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਈਮਾਨਦਾਰੀ ਅਤੇ ਆਪਸੀ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ।

## 1500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਮਾਲ ਪਟਵਾਰੀ ਖ਼ਿਲਾ.ਫ ਵਿਜੀਲੈਂਸ ਵੱਲੋਂ ਕੇਸ ਦਰਜ

ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਮਾਲ ਹਲਕਾ ਮੂਲਿਆਂਵਾਲੀ ਵਿਖੇ ਤਾਇਨਾਤ ਮਾਲ ਪਟਵਾਰੀ ਸੁਭਾਸ਼ ਚੰਦਰ ਖ਼ਿਲਾਫ਼ 1500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਭ੍ਰਿਸ਼ਟਾਚਾਰ ਦਾ ਮੁਕੱਦਮਾ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਕੇਸ ਫਾਜ਼ਿਲਕਾ ਦੇ ਵਸਨੀਕ ਜਗਜੀਤ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਉਪਰੰਤ ਦਰਜ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਪਟਵਾਰੀ ਉਸ ਦੀ ਜ਼ਮੀਨ ਦੇ ਇੰਤਕਾਲ ਦੀ ਕਾਪੀ ਦੇਣ ਲਈ ਉਸ ਤੋਂ 500 ਰੁਪਏ ਰਿਸ਼ਵਤ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਪਟਵਾਰੀ ਨੇ ਇਸ ਕੇਸ ਵਿੱਚ ਫਰਦ ਦੀਆਂ ਕਾਪੀਆਂ ਦੇਣ ਬਦਲੇ ਉਸ ਤੋਂ 1500 ਰੁਪਏ ਰਿਸ਼ਵਤ ਪਹਿਲਾਂ ਹੀ ਲੈ ਲਈ ਹੈ। ਸ਼ਿਕਾਇਤਕਰਤਾ ਨੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਉਕਤ ਪਟਵਾਰੀ ਵੱਲੋਂ ਰਿਸ਼ਵਤ ਮੰਗਣ ਦੀ ਰਿਕਾਰਡਿੰਗ ਵੀ ਸੌਂਪੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਰੇਂਜ ਫਿਰੋਜ਼ਪੁਰ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਸ਼ਿਕਾਇਤਕਰਤਾ ਵੱਲੋਂ ਲਗਾਏ ਗਏ ਦੋਸ਼ ਸਹੀ ਪਾਏ ਗਏ। ਇਸ ਰਿਪੋਰਟ ਦੇ ਆਧਾਰ 'ਤੇ ਉਕਤ ਮੁਲਜ਼ਮ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧੀ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## 'ਪੰਜਾਬ ਬਚਾਓ ਯਾਤਰਾ' ਸ਼ੁਰੂ ਕਰਨ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਸੁਖਬੀਰ ਬਾਦਲ



ਅੰਮ੍ਰਿਤਸਰ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੀ। ਸ਼੍ਰੋਮਣੀ ਅਕਾਲੀ ਦਲ ਵੱਲੋਂ 'ਪੰਜਾਬ ਬਚਾਓ ਯਾਤਰਾ' ਦੀ ਅੱਜ ਸ਼ੁਰੂਆਤ ਕਰਨ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕੀਤੀ ਗਈ। 'ਪੰਜਾਬ ਬਚਾਓ ਯਾਤਰਾ' ਦਾ ਅਗਾਜ਼ ਅਟਾਰੀ ਹਲਕੇ ਤੋਂ ਸ਼ੁਰੂ ਕਰਨ ਤੋਂ ਪਹਿਲਾਂ ਅੱਜ ਸਮੂਚੀ ਲੀਡਰਸ਼ਿਪ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪਹੁੰਚੀ, ਜਿਥੇ ਉਨ੍ਹਾਂ ਪੰਜਾਬ ਬਚਾਓ ਅਤੇ ਪੰਜਾਬ ਦੀ ਚੜਜੀਕਲਾ ਦੀ ਅਰਦਾਸ ਕਰ ਇਸ ਯਾਤਰਾ ਦੀ ਸ਼ੁਰੂਆਤ ਮੌਕੇ ਗੁਰੂ ਘਰ ਨਤਮਸਤਕ ਹੋ ਆਸ਼ੀਰਵਾਦ ਲਿਆ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਆਗੂ ਦਲਜੀਤ ਸਿੰਘ ਚੀਮਾ ਤੇ ਭਾਈ ਮਨਜੀਤ ਸਿੰਘ ਅਤੇ ਹੋਰ ਅਕਾਲੀ ਆਗੂਆਂ ਨੇ ਦੱਸਿਆ ਕਿ ਪੰਜਾਬ ਨੂੰ ਬਚਾਉਣ ਲਈ ਇਹ ਯਾਤਰਾ ਦਾ ਅਗਾਜ਼ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵੱਡੇ ਵਿੱਤੀ ਸੰਕਟ ਨਾਲ ਜੂੰਝ ਰਿਹਾ ਹੈ ਲਾਅ ਐਂਡ ਆਰਡਰ ਦੀ ਸਥਿਤੀ ਖ਼ਰਾਬ ਹੈ ਲੁੱਟਾਂ- ਖੋਹਾਂ ਪੰਜਾਬ ਵਿਚ ਸਿਖਰਾ 'ਤੇ ਹਨ। ਪੰਜਾਬ ਸਿਰ ਕਰਜ਼ਾ ਵੱਧ ਰਿਹਾ ਅਤੇ ਉਸ ਪੈਸੇ ਦੀ ਵਰਤੋਂ ਪੰਜਾਬ ਸਰਕਾਰ ਵਲੋਂ ਕੇਜਰੀਵਾਲ ਦੇ ਸੁਫ਼ਨੇ ਪੂਰੇ ਕਰਨ ਵਿਚ ਕੀਤੀ ਜਾ ਰਹੀ ਹੈ। ਜਿਸਨੂੰ ਲੈ ਕੇ ਹੁਣ ਪੰਜਾਬ ਬਚਾਉਣ ਦਾ ਬੀੜਾ ਲੈ ਸ਼੍ਰੋਮਣੀ ਅਕਾਲੀ ਦਲ ਵਲੋਂ 'ਪੰਜਾਬ ਬਚਾਓ ਯਾਤਰਾ' ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਅਸੀਂ ਜਨਤਾ ਨਾਲ ਇਸ ਮਸਲਿਆਂ ਪ੍ਰਤੀ ਜਾਗਰੂਕਤਾ ਫੈਲਾ ਸਕੀਏ। ਉਹਨਾਂ ਨੂੰ ਪੰਜਾਬ ਸਰਕਾਰ ਦਾ ਅਸਲੀ ਚਿਹਰਾ ਦਿਖਾਵਾਂਗੇ ਅਤੇ ਆਪਣੇ ਪੰਜਾਬ ਨੂੰ ਇਨ੍ਹਾਂ ਦੇ ਹੱਥੋਂ ਬਰਬਾਦ ਹੋਣ ਤੋਂ ਰੋਕਾਂਗੇ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਾਰੀ ਪਾਰਟੀ ਨੇ ਅਰਦਾਸ ਕਰਕੇ ਇਹ ਯਾਤਰਾ ਸ਼ੁਰੂ ਕੀਤੀ ਹੈ। ਵਾਹਿਗੁਰੂ ਦੇ ਚਰਨਾਂ 'ਚ ਅਰਦਾਸ ਬੇਨਤੀ ਕਰਦੇ ਹਾਂ ਕਿ ਪੰਜਾਬ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਣ। ਸਾਡੀ ਪਾਰਟੀ ਪੰਜਾਬ ਨੂੰ ਬਚਾਉਣ ਲਈ ਜੋ ਯਤਨ ਕਰ ਰਹੀ ਹੈ ਸਾਡੀ ਪਾਰਟੀ 'ਤੇ ਮਿਹਰ ਕਰਨ। ਆਓ ਇਕੱਠੇ ਹੋ ਕੇ ਪੰਜਾਬ ਨੂੰ ਬਚਾ ਲਈਏ।

## ਪੰਜਾਬ 'ਚ ਬਦਲਿਆ ਮੌਸਮ ਨੇ ਮਿਜਾਜ਼, ਮੋਹਾਲੀ 'ਚ ਮੀਂਹ ਨਾਲ ਭਾਰੀ ਗੜ੍ਹੇਮਾਰੀ

ਮੁਹਾਲੀ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਵਿਚ ਮੌਸਮ ਨੇ ਆਪਣਾ ਮਿਜਾਜ਼ ਬਦਲ ਲਿਆ ਹੈ। ਬੀਤੇ ਦਿਨ ਤੋਂ ਪੰਜਾਬ ਦੇ ਕਈ ਇਲਾਕਿਆਂ ਵਿਚ ਭਾਰੀ ਮੀਂਹ ਦਾ ਦੌਰ ਸ਼ੁਰੂ ਹੋ ਗਿਆ ਹੈ। ਅੱਜ ਜਿੱਥੇ ਮੋਹਾਲੀ ਵਿਚ ਭਾਰੀ ਗੜ੍ਹੇਮਾਰੀ ਹੋਈ, ਉਥੇ ਹੀ ਚੰਡੀਗੜ੍ਹ ਸਮੇਤ ਪੰਜਾਬ ਦੇ ਕਈ ਇਲਾਕਿਆਂ ਵਿਚ ਭਾਰੀ ਮੀਂਹ ਪੈ ਰਿਹਾ ਹੈ। ਉਥੇ ਹੀ ਭਾਰੀ ਬਾਰਿਸ਼ ਕਾਰਨ ਆਮ ਜਨਜੀਵਨ ਵੀ ਪ੍ਰਭਾਵਿਤ ਹੋਇਆ ਹੈ ਅਤੇ ਲੋਕਾਂ ਨੂੰ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪਿਆ। ਪੰਜਾਬ ਵਿਚ ਬਦਲੇ ਮੌਸਮ ਦੇ ਮਿਜਾਜ਼ ਨੇ ਠੰਡ ਵਿਚ ਵੀ ਵਾਧਾ ਕਰ ਦਿੱਤਾ ਹੈ। ਭਾਰੀ ਗੜ੍ਹੇਮਾਰੀ ਹੋਣ ਕਾਰਨ ਕਿਸਾਨਾਂ ਦੇ ਵੀ ਸਾਹ ਸੂਤੇ ਗਏ ਹਨ। ਗੜ੍ਹੇਮਾਰੀ ਨਾਲ ਫ਼ਸਲਾਂ ਅਤੇ ਹਰੇ ਚਾਰੇ ਦਾ ਕਾਫ਼ੀ ਨੁਕਸਾਨ ਹੋਇਆ ਹੈ। ਜਾਣਕਾਰੀ ਦਿੰਦਿਆਂ ਰਾਜੇਵਾਲ ਜਥੇਬੰਦੀ ਦੇ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਪੂਰਬਾ ਨੇ ਦੱਸਿਆ ਕਿ ਭਾਰੀ ਗੜ੍ਹੇਮਾਰੀ ਕਾਰਨ ਸਮਰਾਲਾ ਬਲਾਕ ਦੇ ਕਈ ਪਿੰਡਾਂ ਉਟਾਲਾਂ, ਰਾਜੇਵਾਲ, ਕੁਲੇਵਾਲ, ਘਰਖਣਾ,ਬਗਲੀ, ਪੂਰਬਾ, ਨੌਲੜੀ, ਮੁਤਿਓ, ਭਗਵਾਨਪੁਰਾ ਅਤੇ ਹੋਰ ਵੀ ਕਾਫ਼ੀ ਪਿੰਡਾਂ ਵਿੱਚ ਇਸ ਗੜ੍ਹੇਮਾਰੀ ਕਾਰਨ ਕਣਕ, ਹਰੇ ਚਾਰੇ, ਆਲੂ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ। ਸਰਕਾਰ ਨੂੰ ਤੁਰੰਤ ਕਿਸਾਨਾ ਦੇ ਹੋਇਏ ਨੁਕਸਾਨ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਬਣਦਾ ਮੁਆਵਜ਼ਾ ਜਾਰੀ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉਤਰਾਖੰਡ ਵਿਚ ਇਸ ਸਾਲ ਦੀ ਪਹਿਲੀ ਭਾਰੀ ਬਰਫਬਾਰੀ ਹੋਈ ਹੈ ਜਦਕਿ ਵੱਖ-ਵੱਖ ਥਾਵਾਂ ਖ਼ਾਸ ਕਰਕੇ ਮੈਦਾਨੀ ਇਲਾਕਿਆਂ ਵਿਚ ਬਾਰਿਸ਼ ਹੋਈ। ਉਥੇ ਹੀ ਦਿੱਲੀ ਹਵਾਈ ਅੱਡੇ 'ਤੇ ਖ਼ਰਾਬ ਮੌਸਮ ਕਾਰਨ ਬੁੱਧਵਾਰ ਨੂੰ ਲਗਭਗ 100 ਉਡਾਣਾਂ 'ਚ ਦੇਰੀ ਹੋਈ ਅਤੇ ਘੱਟੋ-ਘੱਟ 5 ਉਡਾਣਾਂ ਦਾ ਰੂਟ ਡਾਇਵਰਟ ਕੀਤਾ ਗਿਆ ਸੀ।

ਹਿਮਾਚਲ ਪ੍ਰਦੇਸ਼ ਦੇ ਕੁਫ਼ਰੀ, ਨਾਰਕੰਡਾ ਅਤੇ ਮਨਾਲੀ ਵਰਗੇ ਸੈਰ-ਸਪਾਟਾ ਸਥਾਨਾਂ 'ਤੇ ਸਰਦੀਆਂ ਦੇ ਮੌਸਮ 'ਚ 4 ਮਹੀਨਿਆਂ ਦੇ ਸੋਕੇ ਤੋਂ ਬਾਅਦ ਬਰਫ਼ਬਾਰੀ ਹੋ ਰਹੀ ਹੈ। ਮਨਾਲੀ ਵਿਚ ਤਾਜ਼ਾ ਬਰਫ਼ਬਾਰੀ ਕਾਰਨ ਅਟਲ ਸੁਰੰਗ ਰੋਹਤਾਂਗ ਲਈ ਆਵਾਜਾਈ ਬੰਦ ਕਰ ਦਿੱਤੀ ਗਈ, ਏ.ਟੀ.ਆਰ. ਦੇ ਦੱਖਣੀ ਅਤੇ ਉੱਤਰੀ ਪੋਰਟਲ 'ਤੇ ਕਾਫ਼ੀ ਬਰਫ਼ਬਾਰੀ ਦਰਜ ਕੀਤੀ ਗਈ। ਮੰਗਲਵਾਰ ਰਾਤ ਨੂੰ ਹਲਕੀ ਬਾਰਿਸ਼ ਤੋਂ ਬਾਅਦ ਪੰਜਾਬ 'ਚ ਮੌਸਮ ਠੰਡਾ ਬਣਿਆ ਹੋਇਆ ਹੈ।

## ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਨੀਤ ਕੌਰ ਸਿਊਣਾ ਸਕੂਲ ਨੇ ਪਹਿਲਾ ਸਥਾਨ ਹਾਸਲ ਕੀਤਾ

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਹਿੱਤ ਪ੍ਰਪੱਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਵੱਲੋਂ ਵਿਦਿਆਰਥੀਆਂ ਦੇ ਪਾਠਕ੍ਰਮ ਨੂੰ ਧਿਆਨ ਵਿੱਚ ਰੱਖਦਿਆਂ ਅੰਗਰੇਜ਼ੀ ਵਿਸ਼ੇ ਦੇ ਭਾਸ਼ਣ ਮੁਕਾਬਲੇ ਅਤੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਕੁਇਜ਼ ਮੁਕਾਬਲੇ ਆਯੋਜਿਤ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪਟਿਆਲਾ ਦੇ ਇਹ ਜ਼ਿਲ੍ਹਾ ਪੱਧਰੀ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਦੇ ਦਿਸ਼ਾ-ਨਿਰਦੇਸ਼ ਅਤੇ ਡਾ: ਰਵਿੰਦਰਪਾਲ ਸਿੰਘ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਓਲਡ ਪੁਲਿਸ ਲਾਈਨ ਪਟਿਆਲਾ ਵਿਖੇ ਕਰਵਾਏ ਗਏ।

ਮਨਦੀਪ ਕੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਓਲਡ ਪੁਲਿਸ ਲਾਈਨ ਨੇ ਜੇਤੂ ਵਿਦਿਆਰਥੀਆਂ ਇਨਾਮ ਵੰਡੇ ਅਤੇ ਵਧਾਈ ਦਿੰਦਿਆਂ ਕਿਹਾ ਕਿ ਸਮੂਹ ਵਿਦਿਆਰਥੀਆਂ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਉਮੀਦ ਹੈ ਕਿ ਉਹ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਨਗੇ ਤਾਂ ਜੋ ਵਧੀਆ ਨਤੀਜੇ ਪ੍ਰਾਪਤ ਸਕਣ। ਇਸ ਮੌਕੇ ਆਯੋਜਿਤ ਹੋਏ ਸੈਕੰਡਰੀ ਜਮਾਤਾਂ ਦੇ ਭਾਸ਼ਣ ਮੁਕਾਬਲੇ ਵਿੱਚ ਪ੍ਰਨੀਤ ਸ਼ਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਊਣਾ ਨੇ ਪਹਿਲਾ ਸਥਾਨ, ਸੋਹਾਨਾ ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਨੇ ਦੂਜਾ ਅਤੇ ਮੰਨਤਰੀਤ ਸਕੂਲ ਆਫ ਐਮੀਨੈਂਸ ਮਹਿੰਦਰਗੰਜ ਰਾਜਪੁਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੈਕੰਡਰੀ ਜਮਾਤਾਂ ਦੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਕੁਇਜ਼ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਪੂਰੀ ਬਲਾਕ ਡਾਰੀਆਂ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਦੰਦਰਾਲਾ ਖਰੋੜ ਬਲਾਕ ਭਾਦਸੋਂ-2 ਨੇ ਦੂਜਾ ਸਥਾਨ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਨਕਪੁਰਾ ਬਲਾਕ ਰਾਜਪੁਰਾ-2 ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮਿਡਲ ਜਮਾਤਾਂ ਦੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਕੁਇਜ਼ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨ ਪਟਿਆਲਾ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਨੇ ਦੂਜਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨਾਮ ਵੰਡ ਸਮਾਗਮ ਸਮੇਂ ਰਾਜਿੰਦਰ ਸਿੰਘ ਚਾਨੀ, ਦੀਪਕ ਵਰਮਾ ਜਿਲ੍ਹਾ ਮੈਂਟਰ, ਤਜਿੰਦਰ ਸਿੰਘ ਮਸਤ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਇਸ ਮੌਕੇ ਇੰਦਰਜੀਤ ਕੌਰ, ਬਲਪ੍ਰੀਤ ਸਿੰਘ, ਗੁਰਜੀਤ ਕੌਰ, ਲੈਕਚਰਾਰ ਦਮਨਪ੍ਰੀਤ ਕੌਰ, ਗੁਰਵੀਰ ਕੌਰ, ਮੋਨਾ ਰਾਣੀ, ਵਿਧੀ, ਗੁਰਵਿੰਦਰ ਕੌਰ, ਚਾਰੂ ਮਲਹੋਤਰਾ, ਹਰਲੀਨ ਕੌਰ, ਅੰਕੁਸ਼, ਪਵਨ ਕੁਮਾਰ, ਹਰਪ੍ਰੀਤ ਸਿੰਘ ਬਿੰਜਲ ਵੀ ਮੌਜੂਦ ਸਨ।

# ਪੁਰਾਣੀ ਅੰਮ੍ਰਿਤਸਰ-ਤਰਨਤਾਰਨ ਸੜਕ 69.67 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗੀ ਚਾਰ ਮਾਰਗੀ- ਹਰਭਜਨ ਸਿੰਘ ਈ.ਟੀ.ਓ.

ਚੰਡੀਗੜ੍ਹ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਕਿਹਾ ਹੈ ਕਿ ਮਾਝਾ ਖੇਤਰ ਦੇ ਦੋ ਇਤਿਹਾਸਕ ਜ਼ਿਲ੍ਹਿਆਂ ਅੰਮ੍ਰਿਤਸਰ ਅਤੇ ਤਰਨਤਾਰਨ ਨੂੰ ਜੋੜਨ ਵਾਲੀ ਪੁਰਾਣੀ ਐਨ.ਐਚ-15/54 ਸੜਕ ਨੂੰ 69.67 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਰਗੀ ਸੜਕ ਵਿੱਚ ਅਪਗ੍ਰੇਡ ਕੀਤਾ ਜਾਵੇਗਾ, ਅਤੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਜਾਵੇਗੀ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਸਮੇਂ ਸੜਕ ਦੇ ਇਸ ਹਿੱਸੇ ਦਾ ਕੈਰੇਜਵੇਅ 9.75 ਮੀਟਰ ਹੈ ਅਤੇ ਲੋਕ ਨਿਰਮਾਣ ਵਿਭਾਗ ਕੋਲ ਲੋੜੀਂਦਾ ਰਸਤਾ ਉਪਲਬਧ ਹੈ, ਇਸ ਲਈ ਪ੍ਰੋਜੈਕਟ ਵਾਸਤੇ ਜ਼ਮੀਨ ਐਕਵਾਇਰ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੀ ਕੁੱਲ ਸਿਵਲ ਲਾਗਤ 61.24 ਕਰੋੜ ਰੁਪਏ ਹੈ ਅਤੇ ਉਪਯੋਗਤਾ ਤਬਦੀਲੀ (ਜੰਗਲਾਤ ਜ਼ਮੀਨ ਨੂੰ ਮੋੜਨਾ, ਰੁੱਖਾਂ ਦੀ ਕਟਾਈ, ਬਿਜਲੀ ਅਤੇ ਹੋਰਾਂ ਸਮੇਤ) ਦੀ ਲਾਗਤ 8.43 ਕਰੋੜ ਰੁਪਏ ਹੈ। ਹੋਰ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਹ 2 ਮਹੱਤਵਪੂਰਨ ਜ਼ਿਲ੍ਹੇ ਪੁਰਾਣੇ ©8-15/54 ਮਾਰਗ ਦੁਆਰਾ ਜੁੜੇ ਹੋਏ ਸਨ ਅਤੇ ਹੁਣ ਇਸ ਮਾਰਗ ਨੂੰ ਅੰਮ੍ਰਿਤਸਰ-ਬਠਿੰਡਾ ਮਾਰਗ (ਐਨ.ਐਚ-54) ਰਾਹੀਂ ਬਾਈਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਵੀਂ ਸੜਕ ਬਣਨ ਤੋਂ ਬਾਅਦ ਵੀ ਇਸ ਮਾਰਗ 'ਤੇ ਆਵਾਜਾਈ ਕਈ ਗੁਣਾ ਵਧ ਗਈ ਹੈ ਅਤੇ ਇਸ ਮਾਰਗ 'ਤੇ ਮੌਜੂਦਾ ਆਵਾਜਾਈ 50,000 ਪੀ.ਸੀ.ਯੂ. ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਇਸ ਮਾਰਗ ਦਾ ਆਪਣਾ ਮਹੱਤਵ ਹੈ ਕਿਉਂਕਿ ਇਸ 'ਤੇ ਕਈ ਇਤਿਹਾਸਕ ਗੁਰਦੁਆਰਾ ਸਾਹਿਬ ਸਥਿਤ ਹਨ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਇਹ ਮਾਰਗ ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਟੀ ਦੇ ਮਾਸਟਰ ਪਲਾਨ ਅਧੀਨ ਵੀ ਆਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸੜਕ 'ਤੇ ਝੋਨੇ ਦੀ ਪ੍ਰੋਸੈਸਿੰਗ ਦੇ ਮੈਗਾ ਯੂਨਿਟ ਅਤੇ ਕਈ ਰਾਈਸ ਮਿੱਲਾਂ ਸਥਿਤ ਹਨ ਅਤੇ ਇਹ ਅੰਮ੍ਰਿਤਸਰ ਦੇ ਨਾਲ-ਨਾਲ ਤਰਨਤਾਰਨ ਦੀਆਂ ਵੱਡੀਆਂ ਅਨਾਜ ਮੰਡੀਆਂ ਲਈ ਪਹੁੰਚ ਮਾਰਗ ਵਜੋਂ ਵੀ ਕੰਮ ਕਰਦਾ ਹੈ।

ਮੰਤਰੀ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਹਾਲ ਹੀ ਵਿੱਚ ਲੈਵਲ ਕਰਾਸਿੰਗ ਏ-12 'ਤੇ ਐਮ.ਆਰ.ਟੀ.ਐਂਡ.ਐਚ ਦੇ ਫੰਡਾਂ ਨਾਲ ਇੱਕ ਨਵਾਂ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਬਣਾਇਆ ਗਿਆ ਹੈ ਅਤੇ ਇਸ ਮਾਰਗ 'ਤੇ ਲੈਵਲ ਕਰਾਸਿੰਗ ਏ-25 'ਤੇ ਇੱਕ ਹੋਰ ਆਰ.ਓ.ਬੀ ਜਲਦੀ ਹੀ ਇਸ ਪ੍ਰੋਜੈਕਟ ਵਜੋਂ ਸ਼ੁਰੂ ਹੋਣ ਜਾ ਰਿਹਾ ਹੈ, ਜੋ ਟੈਂਡਰ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਚਹੁੰ ਮਾਰਗੀ ਕਰਨ ਨਾਲ ਨਾ ਸਿਰਫ਼ ਆਵਾਜਾਈ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਮਿਲੇਗੀ ਸਗੋਂ ਇਸ ਸੜਕ ਦੇ ਨਾਲ ਲੱਗਦੇ ਖੇਤਰਾਂ ਦੇ ਵਿਕਾਸ ਵਿੱਚ ਵੀ ਤੇਜ਼ੀ ਆਵੇਗੀ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਦਸਵਾਂ 'ਪੁਸਤਕ ਮੇਲਾ ਅਤੇ ਸਾਹਿਤ ਉਤਸਵ' ਪੂਰੇ ਜਾਹੋ-ਜਲਾਲ ਨਾਲ ਆਰੰਭ

## ਮਨੁੱਖ ਲਈ ਵਰਚੂਅਲ ਵਿਹੜੇ 'ਚੋਂ ਨਿਕਲ ਕੇ ਐਕਚੂਅਲ ਵਿਹੜੇ ਵਿੱਚ ਉਤਸਵ ਮਨਾਉਣੇ ਬੇਹੱਦ ਜਰੂਰੀ ਹਨ: ਸੁਰਜੀਤ ਪਾਤਰ

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਦਸਵਾਂ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਅੱਜ ਯੂਨੀਵਰਸਿਟੀ ਦੇ ਵਿਹੜੇ ਵਿੱਚ ਵੱਡੀ ਗਿਣਤੀ ਵਿੱਚ ਹੁੰਮ-ਹੁੰਮਾ ਕੇ ਪੁੱਜੇ ਪਾਠਕਾਂ ਪੁਸਤਕ-ਪ੍ਰੇਮੀਆਂ, ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਦੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਵਿਦਵਾਨਾਂ ਦੀ ਭਰਵੀਂ ਸ਼ਮੂਲੀਅਤ ਨਾਲ ਸ਼ੁਰੂ ਹੋ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਪ੍ਰੋਫੈਸਰ ਨਵਜੋਤ ਕੌਰ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਗੁਰਮੁਖ ਸਿੰਘ ਨੇ ਦਸਵੇਂ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਦੀ ਰੂਪ-ਰੇਖਾ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਸੌ ਤੋਂ ਵੱਧ ਪ੍ਰਕਾਸ਼ਕ ਭਾਗ ਲੈ ਰਹੇ ਹਨ। ਇਸ ਦੇ ਨਾਲ ਹੀ ਪੰਜ ਦਿਨ ਵਿੱਚ ਸਮਾਂਤਰ ਰੂਪ ਵਿੱਚ ਚੱਲਣ ਵਾਲੇ ਵੱਖ-ਵੱਖ ਅਕਾਦਮਿਕ ਸ਼ੈਸ਼ਨਾਂ ਅਤੇ ਇਨ੍ਹਾਂ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਵਿਦਵਾਨਾਂ ਬਾਰੇ ਵੀ ਦੱਸਿਆ।

ਮੇਲੇ ਦਾ ਉਦਘਾਟਨ ਸ.ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਮੰਤਰੀ, ਪੰਜਾਬ ਸਰਕਾਰ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਚੰਗੇ ਸ਼ਬਦਾਂ ਦੇ ਉਚਾਰਨ ਮੌਕੇ ਭੀੜ ਵੀ ਸੰਗਤ ਹੋ ਜਾਂਦੀ ਹੈ। ਅਸੀਂ ਕਿੰਨੇ ਵੀ ਸਿਆਣੇ ਹੋ ਜਾਈਏ ਜੇਕਰ ਅਸੀਂ ਆਪਣੇ ਸਾਹਿਤ ਜਾਂ ਭਾਸ਼ਾ ਨੂੰ ਭੁੱਲ ਜਾਈਏ ਤਾਂ ਸਾਡੀ ਸਿਆਣਪ ਕਿਸੇ ਕੰਮ ਦੀ ਨਹੀਂ। ਪੁਸਤਕ ਸਭਿਆਚਾਰ ਸਾਡੇ ਜੀਵਨ ਦਾ ਅਭਿੰਨ ਅੰਗ ਹੋਣਾ ਚਾਹੀਦਾ। ਸਾਨੂੰ ਸਾਡੇ ਕਰਤੱਵ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਵਿਖੇ 'ਕਿਸਾਨ ਚੇਅਰ' ਸਥਾਪਿਤ ਕਰਨ ਸੰਬੰਧੀ ਲੋੜੀਂਦੇ ਯਤਨ ਕਰਨ ਲਈ ਵੀ ਕਿਹਾ। ਇਸ ਮੌਕੇ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਤਿੰਨ ਲੱਖ ਰੁਪਏ ਇਸ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਲਈ ਯੂਨੀਵਰਸਿਟੀ ਨੂੰ ਦੇਣ ਦਾ ਐਲਾਨ ਕੀਤਾ।

ਮੁੱਖ ਭਾਸ਼ਣ ਡਾ. ਧਨਵੰਤ ਕੌਰ ਪ੍ਰਸਿੱਧ ਆਲੋਚਕ ਅਤੇ ਚਿੰਤਕ ਦੁਆਰਾ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਅਤੇ ਮਾਨਵੀ ਚੇਤਨਾ ਦੇ ਵਿਕਾਸ ਸੰਬੰਧੀ ਹਮੇਸ਼ਾ ਹੀ ਬੜੇ ਨਿੱਗਰ ਅਤੇ ਅਰਥ-ਭਰਪੂਰ ਉਪਰਾਲੇ ਕੀਤੇ ਹਨ। ਵਰਤਮਾਨ ਸਮਿਆਂ ਦੇ ਖਪਤਕਾਰੀ ਦੌਰ ਵਿੱਚ ਪੁਸਤਕਾਂ ਖਰੀਦਣ ਵਿੱਚ ਸਾਡੀ ਦਿਲਚਸਪੀ ਹੋਣਾ ਸਾਡੇ ਸਕਾਰਾਤਮਕ ਇਨਸਾਨ ਹੋਣ ਦੀ ਗਵਾਹੀ ਭਰਦਾ ਹੈ। ਸਾਹਿਤ ਰਚਨਾਵਾਂ ਰਾਹੀਂ ਬੰਦੇ ਦੀ ਵੱਖਰੀ ਪਛਾਣ ਅਤੇ ਸਰਬ ਸਾਂਝੀ ਮਾਨਵੀ ਪਛਾਣ ਦੇ ਮਸਲੇ ਵਧੇਰੇ ਸਪੱਸ਼ਟਤਾ ਨਾਲ ਸਮਝੇ ਜਾ ਸਕਦੇ ਹਨ।

ਮੁੱਖ ਮਹਿਮਾਨ ਵਜੋਂ ਪ੍ਰਸਿੱਧ ਪੰਜਾਬੀ ਸ਼ਾਇਰ ਡਾ. ਸੁਰਜੀਤ ਪਾਤਰ ਪਹੁੰਚੇ। ਉਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਇਸ ਸਮੇਂ ਵਰਚੂਅਲ ਵਿਹੜੇ ਵਿੱਚੋਂ ਨਿਕਲ ਕੇ 'ਐਕਚੂਅਲ' ਵਿਹੜੇ ਵਿੱਚ ਉਤਸਵ ਮਨਾਉਣੇ ਬੇਹੱਦ ਜ਼ਰੂਰੀ ਹਨ। ਪੁਸਤਕ ਸਭਿਆਚਾਰ ਨੂੰ ਪੈਦਾ ਕਰਨ ਵਿੱਚ ਯੋਗਦਾਨ ਪਾਉਣ ਦੇ ਲਿਹਾਜ਼ ਨਾਲ ਪੰਜਾਬੀ ਯੂਨੀਵਰਸਿਟੀ ਦਾ ਕੋਈ ਸਾਨੀ ਨਹੀਂ। ਸਾਡੇ ਮਨ ਨੂੰ ਬੋਲ ਬਾਣੀ ਪ੍ਰਭਾਵਿਤ ਕਰਦੀ ਹੈ ਸਮਾਜ ਨੂੰ ਬਦਲਣ ਦਾ ਕੰਮ ਬੋਲ-ਬਾਣੀ ਜਾਂ ਸ਼ਬਦ ਹੀ ਕਰਦੇ ਹਨ। ਲਫ਼ਜ਼ਾਂ ਦੇ ਪੁਲ ਸਾਨੂੰ ਸਦੀਆਂ ਤੋਂ ਪਾਰ ਲੈ ਕੇ ਜਾਂਦੇ ਹਨ। ਪੰਜਾਬ ਦੇ ਜ਼ਖ਼ਮੀ ਮਨ ਉੱਪਰ ਮਲ੍ਹਮ ਲਾਉਣ ਵਾਲੇ ਸ਼ਬਦ ਹੀ ਹਨ। ਸ਼ਬਦਾਂ ਦਾ ਸੋਹਣੇ ਹੋਣਾ ਅਤੇ ਸੱਚੇ ਹੋਣਾ ਸਾਹਿਤ ਦੀ ਲਾਜ਼ਮੀ ਜ਼ਰੂਰਤ ਹੈ।

ਪ੍ਰਸਿੱਧ ਪੰਜਾਬੀ ਫ਼ਿਲਮ ਅਦਾਕਾਰ ਅਤੇ ਗਾਇਕ ਕਰਮਜੀਤ ਅਨਮੋਲ ਵਿਸ਼ੇਸ਼ ਮਹਿਮਾਨ ਵਜੋਂ ਉਨ੍ਹਾਂ ਕਿਹਾ ਕਿ ਉਹ ਪੰਜਾਬੀ ਭਾਸ਼ਾ ਦੇ ਪੁਰਾਣੇ ਸ਼ਬਦਾਂ ਅਤੇ ਮੁਹਾਵਰਿਆਂ ਨੂੰ ਬਹੁਤ ਪਿਆਰ ਕਰਦੇ ਹਨ। ਸਾਡੇ ਵਿਰਾਸਤੀ ਪੰਜਾਬੀ ਸ਼ਬਦਾਂ ਬਾਰੇ ਸਾਨੂੰ ਵਧੇਰੇ ਚੇਤਨ ਹੋਣ ਦੀ ਲੋੜ ਹੈ। ਅਸੀਂ ਪੀੜ੍ਹੀ-ਦਰ-ਪੀੜ੍ਹੀ ਆਪਣੇ ਸ਼ਬਦਾਂ ਦੀ ਸੰਭਾਲ ਕਰਦੇ ਰਹੀਏ। ਚੰਗੀਆਂ ਕਿਤਾਬਾਂ ਤੋਂ ਬਿਨਾਂ ਕਿਸੇ ਹੋਰ ਵਿੱਚ ਤਾਕਤ ਨਹੀਂ ਕਿ ਸਾਨੂੰ ਚੰਗੇ ਮਨੁੱਖ ਬਣਾ ਸਕੇ। ਇਸ ਮੌਕੇ ਉਨ੍ਹਾਂ ਨੇ ਆਪਣੀ ਕਲਾ ਦਾ ਨਮੂਨਾ ਪੇਸ਼ ਕਰਦਿਆਂ ਧੀਆਂ ਦੀ ਉਸਤਤ ਸੰਬੰਧੀ ਗਾਇਨ ਵੀ ਪੇਸ਼ ਕੀਤਾ।

ਇਸ ਮੌਕੇ ਹਲਕਾ ਘਨੌਰ ਦੇ ਐਮ.ਐਲ.ਏ ਸ਼੍ਰੀ ਗੁਰਲਾਲ ਸਿੰਘ ਘਨੌਰ ਨੇ ਵੀ ਪੰਜਾਬੀ ਯੂਨੀਵਰਸਿਟੀ ਨੂੰ ਵਧਾਈ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਪੰਜਾਬੀ ਬੋਲੀ ਅਤੇ ਆਪਣੇ ਪੰਜਾਬ ਉੱਪਰ ਹਮੇਸ਼ਾਂ ਮਾਣ ਕਰਨਾ ਚਾਹੀਦਾ ਹੈ।

ਵਾਈਸ ਚਾਂਸਲਰ ਪ੍ਰੋਫ਼ੈਸਰ ਅਰਵਿੰਦ ਨੇ ਕਿਹਾ ਕਿ ਭਾਸ਼ਾ ਉਦੋਂ ਹੀ ਅੱਗੇ ਵਧਦੀ ਹੈ ਜਦੋਂ ਤੁਸੀਂ ਉਸਨੂੰ ਸਮੇਂ ਦੇ ਹਾਣ ਦੀ ਬਣਾਉਂਦੇ ਹੋ। ਸਾਨੂੰ ਆਪਣੇ ਸ਼ਬਦ ਭੰਡਾਰ ਨੂੰ ਹੋਰ ਅਮੀਰ ਕਰਦੇ ਰਹਿਣ ਦੀ ਲੋੜ ਹੈ। ਸਾਨੂੰ ਨਵੀਂ ਤਕਨੀਕ ਦੀ ਮੱਦਦ ਨਾਲ ਇਹ ਕੰਮ ਕਰਨ ਲਈ ਪ੍ਰਤੀਬੱਧ ਹੋਣ ਦੀ ਲੋੜ ਹੈ। ਪੰਜਾਬੀ ਯੂਨੀਵਰਸਿਟੀ ਨੂੰ ਪੰਜਾਬੀਆਂ ਦੇ ਬੇਹਤਰ ਭਵਿੱਖ ਵੱਲ ਦੇਖਣਾ ਪਵੇਗਾ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਵਿੱਤੀ ਇਮਦਾਦ ਲਈ ਧੰਨਵਾਦ ਕੀਤਾ।

# ਨਿਕਲਿਆ ਬੋਲ ਜੁਬਾਨੋ ,ਤੀਰ ਕਮਾਨੋ ਕਦੇ ਵਾਪਸ ਨਹੀਂ ਆਉਂਦੇ : ਸੰਤ ਐਚ ਐਸ ਚਾਵਲਾ



ਸਮਾਣਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੰਤ ਨਿਰੰਕਾਰੀ ਸਤਿਸੰਗ ਭਵਨ ਸਮਾਣਾ ਵਿਖੇ ਕਰਵਾਏ ਗਏ ਸੰਤ ਸਮਾਗਮ ਨੂੰ ਸੰਬੋਧਨ ਕਰਦਿਆ ਸੰਤ ਨਿਰੰਕਾਰੀ ਮਿਸ਼ਨ ਦੇ ਮੈਂਬਰ ਇੰਚਾਰਜ ਭਵਨ ਬਰਾਂਚਿਜ ਸੰਤ ਐਚ ਐਸ ਚਾਵਲਾਂ ਨੇ ਫਰਮਾਇਆ ਕਿ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਬ੍ਰਹਮ ਗਿਆਨ ਦੇ ਕੇ ਮਨੁੱਖਤਾ ਨੂੰ ਪਰਮਾਤਮਾ ਨਾਲ ਜੋੜ ਕੇ ਚੰਗਾ ਜੀਵਨ ਜਿਉਣ ਲਈ ਪ੍ਰੇਰਨਾ ਦੇ ਰਹੇ ਹਨ ਜਿਹੜੇ ਇਨਸਾਨ ਸਤਿਗੁਰੂ ਪਾਸੋਂ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ ਉਹਨਾਂ ਲਈ ਸਤਿਗੁਰੂ ਵੱਲੋਂ ਦਿਸ਼ਾ ਨਰਦੇਸ਼ ਹਨ ਕਿ ਉਹਨਾਂ ਨੇ ਸੇਵਾ, ਸਤਿਸੰਗ, ਸਿਮਰਨ ਕਰਨਾ ਹੈ ਅਤੇ ਜੀਵਨ ਵਿੱਚੋ ਔਗਣ ਕੱਢ ਕੇ ਚੰਗੇ ਗੁਣ ਜੀਵਨ ਵਿੱਚ ਭਰਨੇ ਹਨ ,ਹਰੇਕ ਨਾਲ ਮਿੱਠਾ ਬੋਲਣਾ ਹੈ ਅਤੇ ਹਰੇਕ ਨਾਲ ਪਿਆਰ ਕਰਨਾ ਹੈ, ਇਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣਾ ਹੈ। ਉਹਨਾਂ ਸੰਗਤਾਂ ਨੂੰ ਸਤਿਗੁਰੂ ਦਾ ਉਪਦੇਸ਼ ਦਿੰਦਿਆਂ ਕਿਹਾ ਕੇ ਹਰ ਇੱਕ ਨੇ ਸੋਚਣ ਸਮਝਣ ਤੋਂ ਬਾਅਦ ਵਿੱਚ ਬੋਲ ਬੋਲਣਾ ਹੈ ਤਾਂ ਕਿ ਕੋਈ ਕੜਵਾ ਬੋਲ ਕਿਸੇ ਦਾ ਦਿਲ ਨਾ ਦੁਖਾ ਦੇਵੇ ਜਿਵੇਂ ÷ ਜੁਬਾਨੋ ਨਿਕਲਿਆ ਬੋਲ ਤੇ ਕਮਾਨੋ ਨਿਕਲਿਆ ਤੀਰ ਕਦੇ ਵਾਪਸ ਨਹੀਂ ਆਉਂਦੇ÷ ਇਸੇ ਤਰਾਂ ਜਬਾਨੋ ਨਿਕਲਿਆ ਬੋਲ ਕਦੇ ਵਾਪਸ ਨਹੀਂ ਆਉਂਦਾ ਇਸ ਲਈ ਹਮੇਸ਼ਾ ਮਿੱਠਾ ਬੋਲਣਾ ਹੈ ਤੇ ਨਿਵ ਕੇ ਚਲਣਾ ਹੈ ।ਉਹਨਾਂ ਕਿਹਾ ਕਿ ਜੀਵਨ ਦਾ ਆਧਾਰ ਨਿਰਾਕਾਰ ਹੈ ਤੇ ਨਿਰਾਕਾਰ ਨੂੰ ਆਪਣੇ ਦਿਲ ਵਿੱਚ ਹਮੇਸ਼ਾ ਵਸਾਈ ਰੱਖਣ ਲਈ ਸਤਿਸੰਗ ਨਿਰੰਤਰ ਕਰਦੇ ਰਹਿਣਾ ਹੈ ਕਿਉਂਕਿ ਸਤਿਸੰਗ ਵਿੱਚ ਆਉਣ ਨਾਲ ਗੁਰੂ ਤੇ ਵਿਸ਼ਵਾਸ ਬਣਿਆ ਰਹਿੰਦਾ ਹੈ ਅਤੇ ਦੁੱਖ ਦਲਿਦਰ ਜੀਵਨ ਵਿੱਚੋਂ ਦੂਰ ਚਲੇ ਜਾਂਦੇ ਹਨ । ਐਚ ਐਸ ਚਾਵਲਾ ਨੇ ਕਿਹਾ ਸਮਾਣਾ ਦਾ ਨਵਾਂ ਨਿਰੰਕਾਰੀ ਸਤਿਸੰਗ ਭਵਨ ਬਣ ਕੇ ਤਿਆਰ ਹੋ ਚੁੱਕਾ ਹੈ ,18 ਫਰਵਰੀ ਤੋਂ ਸਮਾਣੇ ਵਿਖੇ ਹੋਣ ਵਾਲੇ ਸਤਿਸੰਗ ਨਵੇਂ ਬਣੇ ਭਵਨ ਤੇ ਹੋਇਆ ਕਰਨਗੇ ।

ਇਸ ਮੌਕੇ ਸਥਾਨਕ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਅਤੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਨੇ ਐਚ ਐਸ ਚਾਵਲਾ ਦਾ ਸਮਾਣਾ ਪਹੁੰਚਣ ਤੇ ਧੰਨਵਾਦ ਕੀਤਾ ਅਤੇ ਸਤਿਸੰਗ ਵਿੱਚ ਸ਼ਾਮਿਲ ਹੋਏ ਵੱਖ ਵੱਖ ਬਰਾਂਚਾਂ ਦੇ ਮੁਖੀ ਸਾਹਿਬਾਨਾਂ ਸੰਯੋਜਕ ਸਹਿਬਾਨਾਂ ਅਤੇ ਸੰਗਤ ਨੂੰ ਜੀ ਆਇਆ ਆਖਿਆ ਇਸ ਮੌਕੇ ਨਿਰੰਕਾਰੀ ਪ੍ਰਚਾਰਕ ਹਾਕਮ ਚੰਦ ਰਾਜਪੁਰਾ ,ਰਾਮਚੰਦ ਰਾਜਪੁਰਾ , ਵਿਜੇ ਧੀਰ ਪਟਿਆਲਾ ,ਦਰਬਾਰਾ ਸਿੰਘ ਪਟਿਆਲਾ , ਜਗਤਾਰ ਸਿੰਘ ਮੁਖੀ ਬਾਦਸ਼ਾਹਪੁਰ ,ਦਲੇਲ ਸਿੰਘ ਮੁਖੀ ਸਿਹਾਲ , ਹਰਮੇਸ ਸਿੰਘ ਮੁੱਖੀ ਕਰੀਮ ਨਗਰ, ਹਰਦੀਪ ਗੋਇਲ ਮੁਖੀ ਦਿੜਬਾ, ਕਸ਼ਮੀਰ ਸਿੰਘ ਮੁਖੀ ਖਮਾਣੋ, ,ਵਿਜੇ ਕੁਮਾਰ ਮੁਖੀ ਪਾਤੜਾ ,ਗੁਰਚਰਨ ਸਿੰਘ ਮੁਖੀ ਬਿਸ਼ਨਪੁਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਹਰਸ਼ ਬਲੱਡ ਡੋਨਰ ਸੋਸਾਇਟੀ ਨੇ ਡਾ.ਸੌਰਵ ਸ਼ਰਮਾ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਕਰਕੇ ਕੀਤਾ ਸਨਮਾਨਿਤ

ਨਾਭਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਹਰਸ਼ ਬਲੱਡ ਡੋਨਰ ਸੋਸਾਇਟੀ ਰਜਿ.1069 ਨਾਭਾ ਵੱਲੋ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਦੀ ਅਗਵਾਈ ਵਿੱਚ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਡਾ.ਸੌਰਵ ਸ਼ਰਮਾ (ਦਿਲ ਦੇ ਰੋਗਾਂ ਦੇ ਮਾਹਿਰ) ਨੂੰ ਡਿਊਟੀ ਟਾਈਮ ਅਤੇ ਡਿਊਟੀ ਟਾਈਮ ਤੋਂ ਬਾਅਦ ਵੀ ਮਰੀਜਾਂ ਲਈ ਵੱਡੀਆਂ ਸੇਵਾਵਾਂ ਨਿਭਾਉਣ ਦੇ ਕਾਰਨ ਸਨਮਾਨਿਤ ਕੀਤਾ ਗਿਆ, ਪ੍ਰਧਾਨ ਭਾਸ਼ੀ ਨੇ ਗੱਲ ਬਾਤ ਕਰਦੇ ਹੋਏ ਦੱਸਿਆਂ ਕਿ ਇਹੋ ਜਿਹੇ ਡਾਕਟਰ ਬਹੁਤ ਘੱਟ ਮਿਲਦੇ ਹਨ ਜੋ ਆਪਣੀ ਡਿਊਟੀ ਟਾਈਮ ਤੋ ਬਾਅਦ ਵੀ ਮਰੀਜਾਂ ਦੀ ਸੇਵਾ ਲਈ ਹਾਜਰ ਰਹਿੰਦੇ ਹਨ, ਇੰਨੇ ਵਧੀਆ ਮਿਲਣਅਨੁਸਾਰ ਹਨ ਕਿ ਮਰੀਜ ਨੂੰ ਗੱਲਾਂ ਕਰਕੇ ਹੀ ਠੀਕ ਕਰ ਦਿੰਦੇ ਹਨ ਅਸੀਂ ਮੁੱਖ ਮੰਤਰੀ ਸਾਹਿਬ ਅਤੇ ਸਿਹਤ ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਦੇ ਹਾ ਡਾਕਟਰ ਸੌਰਵ ਸ਼ਰਮਾ ਦਾ ਵੱਡੇ ਪੱਧਰ ਤੇ ਸਨਮਾਨ ਕੀਤਾ ਜਾਏ ਅਤੇ ਪ੍ਰਸੰਸਾ ਪੱਤਰ ਦਿੱਤਾ ਜਾਏ ਅਤੇ ਉਹਨਾਂ ਨੂੰ ਹੋਰ ਉੱਚਾ ਅਹੁਦਾ ਦੇ ਕੇ ਸਨਮਾਨਿਆਂ ਜਾਏ ਕਿਉ ਕਿ ਏਹੇ ਜੇ ਡਾਕਟਰ ਬਹੁਤ ਘੱਟ ਹੁੰਦੇ ਹਨ,ਅਸੀਂ ਪੰਜਾਬ ਦੇ ਕਾਫੀ ਹਸਪਤਾਲਾ ਵਿੱਚ ਘੁੰਮਦੇ ਹਾ ਪਰ ਡਾਕਟਰ ਸੌਰਵ ਸ਼ਰਮਾ ਵਰਗਾ ਡਾਕਟਰ ਮਿਲਣਾ ਮੁਸ਼ਕਿਲ ਹੈ ਪਿਛਲੇ ਦਿਨਾਂ ਵਿੱਚ ਕੁੱਛ ਸਮਾਂ ਰਾਜਿੰਦਰਾ ਹਸਪਤਾਲ ਦੇ ਗੁਰੂ ਨਾਨਕ ਦੇਵ ਜੀ ਸੁਪਰ ਸਪੈਸ਼ਲਟੀ ਹਸਪਤਾਲ ਵਿੱਚ ਰੋਜ਼ਾਨਾ ਜਾਨ ਦਾ ਮੌਕਾ ਮਿਲਿਆ ਸਾਡਾ ਕੋਈ ਖਾਸ ਮਰੀਜ ਦਾਖਿਲ ਸੀ ਜਿਸ ਕਰਕੇ ਅਸੀਂ ਰੋਜ਼ਾਨਾ ਜਾਂਦੇ ਸੀ ਅਤੇ ਸਾਰਾ ਸਾਰਾ ਦਿਨ ਲੇਟ ਰਾਤ ਤੱਕ ਵੀ ਓਥੇ ਰਹੇ ਹਾ, ਡਾਕਟਰ ਸੌਰਵ ਸ਼ਰਮਾ ਆਪਣੇ ਡਿਊਟੀ ਟਾਈਮ ਤੋ ਬਾਅਦ ਵੀ ਪੂਰਾ ਕੰਮ ਕਰਦੇ ਰਹਿੰਦੇ ਹਨ ਜਿਸ ਤਰਾਂ ਮੈਂ ਦੇਖਿਆ ਰਾਤ ਨੂੰ 2 ਵਜੇ ਤੱਕ ਐਮਰਜੰਸੀ ਲੋੜਵੰਦ ਮਰੀਜਾਂ ਦੇ ਸਟੰਟ ਵਗੈਰਾ ਪਾਉਂਦੇ ਰਹਿੰਦੇ ਹਨ ਚਾਹੇ ਆਪਾ ਸੋਚੀਏ ਕਿ ਇਹ ਉਹਨਾਂ ਦੀ ਡਿਊਟੀ ਹੈ ਪਰ ਕਾਫੀ ਚੀਜਾਂ ਦਿਖਾ ਕੇ ਨਹੀਂ ਕੀਤੀਆਂ ਜਾਂਦੀਆਂ ਓਸੇ ਤਰਾਂ ਡਾ. ਸੌਰਵ ਸ਼ਰਮਾ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ 24 ਘੰਟੇ ਸੇਵਾਵਾਂ ਦੇ ਕੇ ਨਿਭਾ ਰਹੇ ਹਨ ਨਹੀਂ ਕਾਫੀ ਡਾਕਟਰ ਏਦਾਂ ਦੇ ਹਨ ਕਿ ਹਸਪਤਾਲ ਵੀ ਸਮੇ ਤੇ ਨਹੀਂ ਆਓਂਦੇ, ਜਾਇਦਾ ਸਮਾਂ ਤਾ ਕਿ ਲਗਾਨਾ ਅਤੇ ਡਾ. ਸੌਰਵ ਸ਼ਰਮਾ ਹਰੇਕ ਮਰੀਜ ਨਾਲ ਹੱਸ ਕੇ ਬੋਲਦੇ ਹਨ ਅਤੇ ਹਰੇਕ ਦਾ ਆਪਣਾ ਬਣ ਕੇ ਪੂਰੀ ਰਾਏ ਦਿੰਦੇ ਹਨ ਅਤੇ ਹਰੇਕ ਮਰੀਜ ਦੀ ਪੂਰੀ ਹੌਸਲਾ ਵਜਾਈ ਕਰਦੇ ਹਨ ਅਤੇ ਇਕੋ, ਈ.ਸੀ.ਜੀ, ਇੰਜੋ ਸਾਰਾ ਕੁੱਛ ਆਪ ਕਰਦੇ ਹਨ।

# ਸਮਾਜ ਸੇਵੀ ਨੀਟਾ ਚੀਮਾ ਨੇ ਬਜਾਰਾਂ ਵਿੱਚ ਹੋਏ ਨਜਾਇਜ ਕਬਜਿਆਂ ਦੇ ਖਿਲਾਫ ਦਿੱਤਾ ਮੰਗ ਪੱਤਰ



ਸਮਾਣਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ ਦੇ ਬਜਾਰਾਂ ਵਿੱਚ ਵੱਡੀ ਗਿਣਤੀ ਵਿੱਚ ਹੋਏ ਨਜਾਇਜ ਕਬਜਿਆ ਦੇ ਖਿਲਾਫ ਵਿੱਢੀ ਗਈ ਮੁੰਹਿਮ ਨੂੰ ਅੱਗੇ ਤੋਰਦਿਆਂ ਸਮਾਜ ਸੇਵੀ ਨੀਟਾ ਚੀਮਾ ਵਲੋਂ ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਗੁਪਤਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ,ਜਿਸ ਵਿੱਚ ਸਮਾਣਾ ਸ਼ਹਿਰ ਦੇ ਬਜਾਰਾਂ ਵਿੱਚੋਂ ਨਜਾਇਜ ਕਬਜ਼ੇ ਹਟਾਉਣ ਦੀ ਮੰਗ ਕੀਤੀ ਗਈ,ਜਿਕਰਯੋਗ ਹੈ ਕਿ ਸ਼ਹਿਰ ਵਿੱਚ ਨਜਾਇਜ ਕਬਜਿਆਂ ਦੇ ਚੱਲਦਿਆ ਸ਼ਹਿਰ ਦੀਆਂ ਸਾਰੀਆਂ ਸੜਕਾਂ ਤੇ ਟ੍ਰੈਫਿਕ ਦੀ ਸਮੱਸਿਆ ਦਿਨੋ ਦਿਨ ਭਿਆਨਕ ਰੂਪ ਧਾਰਦੀ ਜਾ ਰਹੀ ਹੈ,ਇਸ ਮੰਗ ਪੱਤਰ ਦੀਆਂ ਕਾਪੀਆਂ ਸੀ ਐਮ ਪੰਜਾਬ ਭਗਵੰਤ ਮਾਨ ,ਮੰਤਰੀ ਚੇਤਨ ਸਿੰਘ ਜੌੜਾਮਾਜਰਾ,ਲੋਕਲ ਬਾਡੀ ਮੰਤਰੀ ,ਡੀ ਸੀ ਪਟਿਆਲਾ ,ਐਸ ਪੀ ਟ੍ਰੈਫਿਕ,ਐਸ ਡੀ ਐਮ ਸਮਾਣਾ ਚਰਨਜੀਤ ਸਿੰਘ ,ਕਾਰਜਸਾਧਕ ਅਫਸਰ ਬਰਜਿੰਦਰ ਸਿੰਘ ਨੂੰ ਡਾਕ ਰਾਹੀਂ ਭੇਜ ਦਿੱਤੀਆਂ ਗਈਆਂ ਹਨ,ਨੀਟਾ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜੇਕਰ ਪ੍ਰਸ਼ਾਸ਼ਨ ਵਲੋਂ ਜਲਦ ਹੀ ਸ਼ਹਿਰ ਵਿੱਚ ਨਜਾਇਜ ਕਬਜਿਆਂ ਦੇ ਖਿਲਾਫ ਕਾਰਵਾਈ ਨਾ ਕੀਤੀ ਗਈ ਤਾਂ ਉਹ ਧਰਨਾ ਦੇਣ ਲਈ ਮਜਬੂਰ ਹੋ ਜਾਣਗੇ।

# ਸ਼ਹੀਦਾਂ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਹਰ ਨਾਗਰਿਕ ਆਪਣਾ ਯੋਗਦਾਨ ਪਾਵੇ: ਰਵਿੰਦਰ ਸਿੰਘ

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪਟਿਆਲਾ ਦੇ ਸਹਾਇਕ ਕਮਿਸ਼ਨਰ (ਜ) ਰਵਿੰਦਰ ਸਿੰਘ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਦੌਰਾਨ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ।

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਅੱਜ ਇਥੇ ਮਾਲ ਰੋਡ 'ਤੇ ਰਜਿੰਦਰਾ ਲੇਕ ਵਿਖੇ ਸਥਿਤ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਸਹਾਇਕ ਕਮਿਸ਼ਨਰ (ਜ) ਰਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਰਧਾਂਜਲੀ ਸਮਾਰੋਹ ਹੋਇਆ। ਇਸ ਮੌਕੇ ਪੁਲਿਸ ਦੀ ਹਥਿਆਰਬੰਦ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸਹਾਇਕ ਕਮਿਸ਼ਨਰ ਰਵਿੰਦਰ ਸਿੰਘ ਨੇ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਉਨ੍ਹਾਂ ਮਹਾਤਮਾ ਗਾਂਧੀ ਸਮੇਤ ਹੋਰਨਾਂ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਅੱਜ ਦਾ ਇਹ ਸ਼ਹੀਦੀ ਦਿਹਾੜਾ ਬਹੁਤ ਅਹਿਮ ਦਿਨ ਹੈ, ਕਿਉਂਕਿ ਇਸ ਦਿਨ ਸਮੁੱਚਾ ਦੇਸ਼ ਆਜ਼ਾਦੀ ਸੰਗਰਾਮ 'ਚ ਆਪਣੀ ਜਾਨ ਦੀ ਆਹੂਤੀ ਪਾਉਣ ਵਾਲਿਆਂ ਨੂੰ ਸਿਜਦਾ ਕਰਦਾ ਹੈ।

ਸਹਾਇਕ ਕਮਿਸ਼ਨਰ (ਜ) ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਅਹਿੰਸਾ ਅਤੇ ਨਾਮਿਲਵਰਤਨ ਲਹਿਰ ਦਾ ਸਹਾਰਾ ਲੈਂਦਿਆਂ ਸੁਤੰਤਰਤਾ ਸੰਗਰਾਮ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਨੇ ਦੇਸ਼ ਦੀ ਧਰਮ ਨਿਰਪੱਖਤਾ, ਏਕਤਾ, ਸ਼ਾਂਤੀ, ਅਖੰਡਤਾ ਤੇ ਆਜ਼ਾਦੀ ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦਿੱਤੀ। ਰਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਉਨ੍ਹਾਂ ਵੱਲੋਂ ਅਹਿੰਸਾ, ਸਵੱਛਤਾ, ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਸਮਾਰੋਹ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਹਾਕਮ ਥਾਪਰ, ਬਾਗਬਾਨੀ ਵਿਕਾਸ ਅਫਸਰ ਸਿਮਰਨਜੀਤ ਕੌਰ, ਡਿਪਟੀ ਕਮਿਸ਼ਨਰ ਦਫਤਰ ਦੇ ਅਮਲੇ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਸਮਾਜ ਸੇਵਕ ਵਿਨੋਦ ਸ਼ਰਮਾ ਨੂੰ ਸਮਾਜ ਸੇਵੀ ਕੰਮਾ ਲਈ ਮਿਲਿਆ ਪੰਜਾਬ ਰਤਨ ਅਵਾਰਡ

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-





**ਸਮਾਜ** ਸੇਵਕ ਤੇ ਜਨਹਿੱਤ ਸੰਮਿਤੀ ਪਟਿਆਲਾ ਦੇ ਜਰਨਲ ਸਕੱਤਰ ਸ੍ਰੀ ਵਿਨੋਦ ਸਰਮਾਂ ਨੂੰ ਦਿੱਲੀ ਵਿਖੇ 27 ਜਨਵਰੀ ਨੂੰ ਉਨਾਂ ਵਲੋ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾ ਲਈ ਵਿਸ਼ਵ ਸੇਵਾ ਪਰਿਸ਼ਦ, ਰਾਂਚੀ ਵਲੋ ਪੰਜਾਬ ਰਤਨ ਅਵਾਰਡ ਦੇਕੇ ਸਨਮਾਨਿਤ ਕੀਤਾ ਗਿਆ। ਜਨਹਿੱਤ ਸੰਮਿਤੀ ਵਲੋ ਪਟਿਆਲਾ ਸਹਿਰ ਵਿੱਚ ਕਾਫੀ ਸਾਲਾਂ ਤੋ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਅੱਗੇ ਵੀ ਲਗਾਤਾਰ ਜਾਰੀ ਹਨ। ਵਾਤਾਵਰਣ ਸੰਭਾਲ, ਹਰ ਸਾਲ ਹਜ਼ਾਰਾ ਬੂਟੇ ਲਗਾਉਣੇ, ਪਾਰਕਾ ਦੀ ਦੇਖ ਰੇਖ ਕਰਨੀ, ਜਰੂਰਤਮੰਦਾ ਨੂੰ ਰਾਸ਼ਨ, ਗਰੀਬ ਲੜਕੀਆ ਦੇ ਵਿਆਹ ਲਈ ਮੱਦਦ, ਮੈਡੀਕਲ ਸਹਾਇਤਾ, ਮਰੀਜਾਂ ਨੂੰ ਦਵਾਈਆ ਤੇ ਇਲਾਜ ਲਈ ਵਿੱਤੀ ਮੱਦਦ, ਬੱਚਿਆ ਨੂੰ ਪੜਾਈ ਲਈ ਫੀਸ, ਕਿਤਾਬਾ ਦਿੱਤੀਆ ਜਾਦੀਆ ਹਨ। ਇਸ ਮੌਕੇ ਵਿਸ਼ਵ ਸੇਵਾ ਪਰਿਸ਼ਦ ਦੇ ਸੰਸਥਾਪਕ ਡਾਂ ਬੀ.ਬੀ ਰਾਜ, ਡਾਂ ਸੁਭਾਸ ਸਾਹੂ ਪ੍ਰਧਾਨ ਅਤੇ ਜਨਹਿੱਤ ਸਮਿਤੀ ਵਲੋ ਸ੍ਰੀ ਸਤੀਸ਼ ਜੋਸੀ, ਸ੍ਰੀ ਅਵਹੀਮਨੂਯ ਜੀ, ਪੰਕਜ ਕੁਮਾਰ, ਪ੍ਰਦੀਪ ਕੁਮਾਰ, ਕਮਲ ਕੁਮਾਰ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਸਦਕਾ ਨੌਜਵਾਨ ਵਰਗ ਦਾ ਖੇਡਾਂ ਵੱਲ ਵਧਿਆ ਰੁਝਾਨ: ਡਿਪਟੀ ਕਮਿਸ਼ਨਰ

## ਪੰਜਾਬ ਸਰਕਾਰ ਵੱਲੋਂ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜ ਕੇ ਨਸ਼ਾ ਮੁਕਤ ਸਮਾਜ ਸਿਰਜਣ ਲਈ ਉਪਰਾਲੇ ਜਾਰੀ: ਐਸ.ਐਸ.ਪੀ.

ਮਾਨਸਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਲੋਕਾਂ ਵਿੱਚ ਨਸ਼ਿਆਂ ਖਿਲਾਫ਼ ਚੇਤਨਾ ਪੈਦਾ ਹੋਈ ਹੈ ਜੋ ਕਿ ਭਵਿੱਖ ਲਈ ਇੱਕ ਚੰਗਾ ਸੰਕੇਤ ਹੈ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਪਿੰਡ ਭੈਣੀ ਬਾਘਾ ਵਿਖੇ ਨਸ਼ਾ ਵਿਰੋਧੀ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਬਾਸਕਿਟਬਾਲ ਮੁਕਾਬਲਿਆਂ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ।

ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਕਿਹਾ ਕਿ ਖੇਡਾਂ ਜਿੱਥੇ ਬੱਚਿਆਂ ਦੇ ਸਰੀਰਿਕ ਤੇ ਮਾਨਸਿਕ ਤੰਦਰੁਸਤੀ ਵਿਚ ਸਹਾਈ ਹੁੰਦੀਆਂ ਹਨ ਉੱਥੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਿਰੋਗ ਜ਼ਿੰਦਗੀ ਜਿਊਣ ਲਈ ਅਹਿਮੀਅਤ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਵੱਡੀ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਵਿਚ ਹਰੇਕ ਨਾਗਰਿਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ, ਤਾਂ ਜੋ ਨਸ਼ੇ ਸਾਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਮਾਰੂ ਗ੍ਰਿਫ਼ਤ 'ਚ ਨਾ ਲੈ ਸਕਣ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨਾਲ ਲੱਖਾਂ ਪਰਿਵਾਰਾਂ ਵਿੱਚ ਆਸ ਦੀ ਕਿਰਨ ਪੈਦਾ ਕਰ ਦਿੱਤੀ ਹੈ ਅਤੇ ਸਰਕਾਰ ਦੇ ਅਹਿਮ ਉਪਰਾਲਿਆਂ ਸਦਕਾ ਲੋਕ ਨਸ਼ਿਆਂ ਤੋਂ ਮੂੰਹ ਮੋੜਨ ਲੱਗ ਪਏ ਹਨ।

ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਰਾਜ ਸਰਕਾਰ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਕੇ ਸਮਾਜ ਵਿਰੋਧੀ ਅਨਸਰਾਂ ਨੂੰ ਨਕੇਲ ਪਾਉਣ 'ਚ ਸਫ਼ਲਤਾ ਹਾਸਿਲ ਕੀਤੀ ਹੈ ਅਤੇ ਨੌਜਵਾਨੀ ਨੂੰ ਨਸ਼ਿਆਂ ਦੇ ਕੋਹੜ ਵਿੱਚੋਂ ਕੱਢ ਕੇ ਸਿਹਤਮੰਦ ਜਿੰਦਗੀ ਲਈ ਪ੍ਰੇਰਿਤ ਕਰਨ ਲਈ ਹਰੇਕ ਜ਼ਿਲ੍ਹਾ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਜੜੋਂ ਖਤਮ ਕਰਨਾ ਕੋਈ ਵੱਡੀ ਗੱਲ ਨਹੀ, ਹਰੇਕ ਜ਼ਿਲ੍ਹਾ ਨਿਵਾਸੀ ਨੂੰ ਰਾਜ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਅੰਦਰ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਅੱਗੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਹਰੇਕ ਪਰਿਵਾਰ ਨੂੰ ਆਪਣੇ ਘਰ ਅੰਦਰ ਪਲ ਰਹੀ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ, ਤਾਂ ਹੀ ਅਸੀ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਸਕਦੇ ਹਾਂ।

ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਨਵਜੋਤ ਸਿੰਘ ਧਾਲੀਵਾਲ ਨੇ ਬਾਸਕਿਟਬਾਲ ਖੇਡ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੜਕੀਆਂ ਅੰਡਰ-17 ਉਮਰ ਵਰਗ ਵਿਚ ਸਰਦੂਲਗੜ੍ਹ ਪਹਿਲੇ, ਭੈਣੀ ਬਾਘਾ ਦੂਜੇ ਅਤੇ ਫੱਤਾ ਮਾਲੋਕਾ ਤੀਜੇ ਸਥਾਨ 'ਤੇ ਰਿਹਾ।

ਅੰਡਰ-19 ਉਮਰ ਵਰਗ ਲੜਕੀਆਂ ਵਿਚ ਭੈਣੀ ਬਾਘਾ ਪਹਿਲੇ, ਸਰਦੂਲਗੜ੍ਹ ਦੂਜੇ ਅਤੇ ਫੱਤਾ ਮਾਲੋਕਾ ਤੀਜੇ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਅੰਡਰ-19 ਲੜਕਿਆਂ ਵਿਚ ਭੈਣੀ ਬਾਘਾ ਪਹਿਲੇ, ਠੂਠਿਆਂਵਾਲੀ ਦੂਜੇ ਅਤੇ ਭਾਈ ਦੇਸਾ ਤੀਜੇ ਸਥਾਨ 'ਤੇ ਰਿਹਾ। ਅੰਡਰ-17 ਲੜਕਿਆਂ ਵਿਚ ਭੈਣੀ ਬਾਘਾ ਪਹਿਲੇ, ਠੂਠਿਆਂਵਾਲੀ ਦੂਜੇ ਅਤੇ ਸਰਦੂਲਗੜ੍ਹ ਤੀਜੇ ਸਥਾਨ 'ਤੇ ਰਿਹਾ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਵੱਲੋਂ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਸ਼ਾਸਨ ਵੱਲੋਂ ਖਿਡਾਰੀਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਐਸ.ਪੀ. (ਐਚ) ਸ੍ਰੀ ਜਸਕੀਰਤ ਸਿੰਘ, ਡੀ.ਐਸ.ਪੀ ਮਾਨਸਾ ਹੀਨਾ ਗੁਪਤਾ, ਡੀ.ਐਸ.ਪੀ. (ਡੀ) ਪੁਸ਼ਪਿੰਦਰ ਸਿੰਘ, ਡੀ.ਐਸ.ਪੀ (ਹੈਡਕੁਆਰਟਰ) ਹਰਪਾਲ ਸਿੰਘ ਗਰੇਵਾਲ, ਪ੍ਰਿੰਸੀਪਲ ਯੋਗਿਤਾ ਜੋਸ਼ੀ, ਸਿੱਖਿਆ ਵਿਭਾਗ ਤੋਂ ਰਾਜਦੀਪ ਸਿੰਘ, ਨਿਰਮਲ ਸਿੰਘ ਸਮੇਤ ਪਿੰਡ ਦੇ ਵਸਨੀਕ ਹਾਜ਼ਰ ਸਨ।

# ਕੁਸ਼ਟ ਰੋਗ ਦੇ ਮਰੀਜਾਂ ਨਾਲ ਨਾ ਕੀਤਾ ਜਾਵੇ ਸਮਾਜਿਕ ਭੇਦ ਭਾਵ : ਸਿਵਲ ਸਰਜਨ



ਸਿਵਲ ਸਰਜਨ ਡਾ. ਰਮਿੰਦਰ ਕੌਰ ਸਹੁੰ ਚੁਕਵਾਂਉਂਦੇ ਹੋਏ ਅਤੇ ਸੰਬੋਧਨ ਕਰਦੇ ਹੋਏ।

ਪਟਿਆਲਾ, 2 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੁਸ਼ਟ ਰੋਗ ਦੀ ਜਾਗਰੂਕਤਾ ਅਤੇ ਖਾਤਮੇ ਸਬੰਧੀ ਕੁਸ਼ਟ ਵਿਰੋਧੀ ਦਿਵਸ ਦੇ ਮੌਕੇ ਤੇ ਨਰਸਿੰਗ ਸਕੂਲ, ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਦੀਆਂ ਵਿਦਿਆਰਥਣਾਂ ਨੂੰ ਕੁਸ਼ਟ ਰੋਗ ਦੇ ਲੱਛਣਾਂ ਵਾਲੇ ਮਰੀਜਾਂ ਦਾ ਇਲਾਜ ਕਰਵਾਉਣ ਵਿਚ ਮਦਦ ਕਰਨ, ਓਹਨਾਂ ਨਾਲ ਕਿਸੇ ਤਰਾਂ ਦਾ ਵਿਤਕਰਾ ਨਾ ਕਰਨ ਅਤੇ ਸਮਾਜਿਕ ਭੇਦ ਭਾਵ ਨਾ ਰੱਖਣ ਸਬੰਧੀ ਇੱਕ ਸਹੁੰ ਚੁੱਕਾਈ ਗਈ। ਅੱਜ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਤੇ ਭਾਰਤ ਨੂੰ ਕੁਸ਼ਟ ਮੁਕਤ ਬਣਾਉਣ ਲਈ ਯਤਨਸ਼ੀਲ ਹੋਣ ਸਬੰਧੀ ਪ੍ਰਣ ਲੈਣ ਉਪਰੰਤ ਸਿਵਲ ਸਰਜਨ ਡਾ. ਰਮਿੰਦਰ ਕੌਰ ਨੇ ਕਿਹਾ ਕਿ ਕੁਸ਼ਟ ਰੋਗ ਇਕ ਚਮੜੀ ਦਾ ਰੋਗ ਹੈ ਜੋ ਕਿ ਵਿਸ਼ੇਸ਼ ਕਿਟਾਣੂ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ। ਆਮ ਤੌਰ ਤੇ ਕੁਸ਼ਟ ਰੋਗ ਦੀ ਸ਼ੁਰੂਆਤ ਵਿੱਚ ਚਮੜੀ ਤੇ ਕੋਈ ਦਾਗ ਜਾਂ ਧੱਬਾ ਹੁੰਦਾ ਹੈ, ਦਾਗ ਵਾਲਾ ਏਰੀਆ ਸੁੰਨ ਹੁੰਦਾ ਹੈ, ਜਿਸ ਨੂੰ ਛੂਹਣ ਤੇ ਮਹਿਸੂਸ ਨਹੀਂ ਹੁੰਦਾ, ਇਹ ਸਰੀਰ ਤੇ ਕਿਸੇ ਵੀ ਜਗ੍ਹਾ ਉੱਤੇ ਹੋ ਸਕਦਾ ਹੈ । ਜੇਕਰ ਚਮੜੀ ਤੇ ਅਜਿਹੇ ਬਦਲਾਵ ਦਿਖਾਈ ਦੇਣ ਤਾਂ ਨੇੜੇ ਦੀ ਸਿਹਤ ਸੰਸਥਾ ਦੇ ਡਾਕਟਰ ਨਾਲ ਸੰਪਰਕ ਕੀਤਾ ਜਾਵੇ।ਉਹਨਾਂ ਦੱਸਿਆ ਕਿ ਇਸ ਬਿਮਾਰੀ ਦਾ ਸਹੀ ਸਮੇਂ ਤੇ ਸਹੀ ਇਲਾਜ ਕਰਵਾਉਣ ਨਾਲ ਸ਼ਰੀਰ ਦੇ ਅੰਗਾਂ ਦੀ ਕਰੂਪਤਾਂ ਅਤੇ ਅਪਾਹਜਪਣ ਤੋਂ ਬਚਿਆ ਜਾ ਸਕਦਾ ਹੈ।ਇਸ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਂਦਰਾਂ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਲਟੀ ਡਰੱਗ ਥਰੈਪੀ ਰਾਹੀਂ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ ਅਤੇ ਹੋਰ ਵਿਅਕਤੀਆਂ ਵਿੱਚ ਨਹੀਂ ਫੈਲਦਾ। ਉਨ੍ਹਾਂ ਸਮੂਹ ਸਿਹਤ ਕਰਮਚਾਰੀਆਂ ਨੂੰ ਕਿਹਾ ਕਿ ਕੁਸ਼ਟ ਰੋਗੀਆਂ ਦੇ ਲੱਛਣਾਂ ਵਾਲੇ ਮਰੀਜਾਂ ਦਾ ਇਲਾਜ ਕਰਵਾਉਣ ਵਿਚ ਮਦਦ ਕਰਨ, ਕਿਸੇ ਤਰਾਂ ਦਾ ਵਿਤਕਰਾ ਨਾ ਕਰਨ ਅਤੇ ਸਮਾਜਿਕ ਭੇਦ ਭਾਵ ਨਾ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ।ਇਸ ਮੌਕੇ ਲੈਪਰੋਸੀ ਸੁਪਰਵਾਈਜਰ ਕੁਲਦੀਪ ਕੌਰ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ ਅਤੇ ਡਿਪਟੀ ਮਾਸ ਮੀਡੀਆ ਅਫਸਰ ਭਾਗ ਸਿੰਘ ਅਫਸਰ ਵੱਲੋਂ ਸਮੂਹ ਹਾਜ਼ਰੀਨ ਨੂੰ ਪੰਦਰਵਾੜੇ ਦੌਰਾਨ ਵੱਧ ਤੋਂ ਵੱਧ ਲੋਕਾਂ ਨੂੰ ਕੁਸ਼ਟ ਰੋਗ ਸਬੰਧੀ ਜਾਗਰੂਕ ਕਰਨ ਲਈ ਕਿਹਾ ਗਿਆ। ਇਸ ਮੌਕੇ ਜਿਲਾ ਪਰਿਵਾਰ ਭਲਾਈ ਅਫਸਰ ਡਾ.ਐਸ.ਜੇ. ਸਿੰਘ, ਸਹਾਇਕ ਸਿਹਤ ਅਫਸਰ ਡਾ. ਕੁਸ਼ਲਦੀਪ ਗਿੱਲ, ਜਿਲ੍ਹਾ ਐਪੀਡੋਮੋਲਜਿਸਟ ਡਾ. ਸੁਮੀਤ ਸਿੰਘ, ਲੈਪਰੋਸੀ ਸੁਪਰਵਾਈਜਰ ਕੁਲਦੀਪ ਕੌਰ ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ ਅਤੇ ਕੁਲਬੀਰ ਕੌਰ, ਡਿਪਟੀ ਮਾਸ ਮੀਡੀਆ ਅਫਸਰ ਜਸਜੀਤ ਕੌਰ, ਪ੍ਰਿੰਸੀਪਲ ਰਾਜਵਿੰਦਰ ਕੌਰ, ਫਕੈਲਟੀ ਮੈਂਬਰ ਸਿੰਦਰਪਾਲ ਕੌਰ, ਸੁਨੀਤਾ, ਹਰਵਿੰਦਰ ਕੌਰ, ਜਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਵੀਰ ਕੌਰ, ਬਿੱਟੂ ਅਤੇ ਵਿਦਿਆਰਥੀ ਸਟਾਫ ਹਾਜ਼ਰ ਸਨ।



ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਸਹੀ ਰੂਪ 'ਚ ਕੰਮ ਕਰਦਾ ਰਹੇ ਤਾਂ ਸਿਹਤ ਦਾ ਫੁੱਲ ਖਿੜਦਾ ਹੈ

# ਦਿਮਾਗ਼ ਨੂੰ ਰੱਖੋ ਸਿਹਤਮੰਦ

## ਬ੍ਰੇਨ ਸਟਰੋਕ, ਅਲਜ਼ਾਈਮਰ, ਡਿਮੈਂਸ਼ੀਆ ਆਦਿ ਰੋਗ ਆਧੁਨਿਕ ਜੀਵਨ ਸ਼ੈਲੀ ਦੀ ਦੇਣ ਹਨ

**ਕਈ ਸੈੱਲਾਂ ਅਤੇ ਟਿਸ਼ੂਆਂ ਦੇ ਸੁਮੇਲ ਨਾਲ ਬਣਿਆ ਦਿਮਾਗ਼ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ ਤੇ ਕੁਪੋਸ਼ਣ ਦਿਮਾਗ਼ੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ**

ਅੱਜ ਮਾਈਗ੍ਰੇਨ, ਬ੍ਰੇਨ ਸਟਰੋਕ, ਅਲਜ਼ਾਈਮਰਜ਼, ਡਿਮੈਂਸ਼ੀਆ ਆਦਿ ਬਿਮਾਰੀਆਂ ਦੇ ਮਾਮਲੇ ਵੱਧਦੇ ਹੀ ਜਾ ਰਹੇ ਹਨ। ਇਸ ਤੋਂ ਜ਼ਾਹਿਰ ਹੈ ਕਿ ਅਸੀਂ ਆਪਣੀ ਦਿਮਾਗ਼ ਦੀ ਸਹੀ ਦੇਖਭਾਲ ਅਤੇ ਸਿਹਤ ਪ੍ਰਤੀ ਅਵੇਸਲੇ ਹੋ ਚੁੱਕੇ ਹਾਂ ਜਦਕਿ ਲੋੜ ਤਾਂ ਇਹ ਹੈ ਕਿ ਅੱਜ ਦੀ ਭੱਜਨੱਠ ਅਤੇ ਤਣਾਅ ਵਾਲੀ ਜ਼ਿੰਦਗੀ ਵਿਚ ਦਿਮਾਗ਼ ਦੀ ਸਿਹਤ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਹੈ। ਦਿਮਾਗ਼ ਨਾਲ ਸਬੰਧਤ ਸਮੱਸਿਆਵਾਂ ਪ੍ਰਤੀ ਜਾਗਰੂਕ ਹੋ ਕੇ ਅਸੀਂ ਇਨ੍ਹਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

ਅਮਰੀਕਾ ਦੇ ਡਾ. ਸਿਊਸ ਦੇ ਨਾਂ ਨਾਲ ਪ੍ਰਸਿੱਧ ਬਾਲ ਲੇਖਕ ਥੀਓਡੋਰ ਸਿਊਸ ਗਿਸੇਲ ਨੇ ਇਕ ਵਾਰ ਬੜੀ ਮਜ਼ੇਦਾਰ ਗੱਲ ਕੀਤੀ ਸੀ। ਉਨ੍ਹਾਂ ਆਪਣੀਆਂ ਕਹਾਣੀਆਂ ਦੇ ਅਨੋਖੇ ਪਲਾਟ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ 'ਮੈਨੂੰ ਨਾਨਸੈਂਸ ਬਹੁਤ ਪਸੰਦ ਹੈ। ਇਸ ਵਿਚ ਮੇਰੇ ਦਿਮਾਗ਼ ਦੀਆਂ ਕੋਸ਼ਿਕਾਵਾਂ ਸਰਗਰਮ ਹੋ ਜਾਂਦੀਆਂ ਹਨ।' ਸ਼ਾਇਦ ਉਹ ਜਾਣਦੇ ਸਨ ਕਿ ਸਰੀਰਕ ਅਤੇ ਮਾਨਸਿਕ ਸਮਰੱਥਾ ਨੂੰ ਵਧਾਉਣ ਲਈ ਦਿਮਾਗ਼ ਨੂੰ ਕਿਰਿਆਸ਼ੀਲ ਰੱਖਣਾ ਕਿੰਨਾ ਜ਼ਰੂਰੀ ਹੈ। ਅੱਜ ਦੀ ਮੈਡੀਕਲ ਦੁਨੀਆ ਵਿਚ ਇਹ ਗੱਲ ਸਾਬਤ ਹੋ ਚੁੱਕੀ ਹੈ ਜੋ ਕਈ ਸਾਲ ਪਹਿਲਾਂ ਇਕ ਕਹਾਵਤ ਵਿਚ ਪ੍ਰਚਲਿਤ ਸੀ। ਕਹਾਵਤ ਸੀ 'ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਮਿਲ ਕੇ ਕੰਮ ਕਰਦੇ ਹਨ ਤਾਂ ਸਿਹਤ ਦਾ ਫੁੱਲ ਖਿੜਦਾ ਹੈ' ਪਰ ਸਿਹਤ ਪ੍ਰਤੀ ਜਾਗਰੂਕਤਾ ਦੇ ਇਸ ਦੌਰ ਵਿਚ ਦਿਮਾਗ਼ ਦੀ ਸਿਹਤ 'ਤੇ ਓਨਾ ਧਿਆਨ ਨਹੀਂ ਦਿੱਤਾ ਜਾਂਦਾ ਜਿਨਾ ਮਹੱਤਵਪੂਰਨ ਇਹ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਮਾਈਗ੍ਰੇਨ ਆਮ ਗੱਲ ਹੋ ਗਈ ਹੈ। ਡਿਮੈਂਸ਼ੀਆ ਭਾਵ ਯਾਦਾਸ਼ਤ ਕਮਜ਼ੋਰ ਹੋਣ ਦੇ ਮਾਮਲੇ ਵੱਧ ਰਹੇ ਹਨ ਅਤੇ ਪਾਰਕੀਸਨ ਅਤੇ ਅਲਜ਼ਾਈਮਰਜ਼ ਵਰਗੀਆਂ ਬਿਮਾਰੀਆਂ ਅੱਜ ਦੇ ਮਨੁੱਖ ਲਈ ਵੱਡੀ ਵੰਗਾਰ ਬਣ ਰਹੀਆਂ ਹਨ

### ਕੀ ਹੈ ਦਿਮਾਗ਼ੀ ਸਿਹਤ

ਸਰੀਰ ਦੇ ਕਿਸੇ ਵੀ ਹੋਰ ਅੰਗ ਵਾਂਗ ਦਿਮਾਗ਼ ਵੀ ਕਈ ਤਰ੍ਹਾਂ ਦੇ ਸੈਲਾਂ ਅਤੇ ਟਿਸ਼ੂਆਂ ਨਾਲ ਮਿਲ ਕੇ ਬਣਿਆ ਹੁੰਦਾ ਹੈ। ਫ਼ਰਕ ਸਿਰਫ਼ ਇਹੀ ਹੈ ਕਿ ਇਸ ਦੀ ਬਣਤਰ ਅਤੇ ਕਿਰਿਆਵਾਂ ਹੋਰ ਅੰਗਾਂ ਦੇ ਮੁਕਾਬਲੇ ਕਿਤੇ ਵੱਧ ਗੁੰਝਲਦਾਰ ਹੈ। ਇਹ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ, ਕੁਪੋਸ਼ਣ ਜਾਂ ਉਨੀਂਦਰਾ ਇਸ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜੇ ਤੁਸੀਂ ਸਮੇਂ ਦੇ ਨਾਲ ਆਪਣੇ ਦਿਮਾਗ਼ ਨੂੰ ਤਰੋਤਾਜ਼ਾ ਰੱਖਦੇ ਹੋ ਅਤੇ ਉਮਰ ਦੇ ਨਾਲ ਇਸ ਦੀ ਸਿਹਤ 'ਚ ਕੋਈ ਕਮੀ ਨਜ਼ਰ ਨਹੀਂ ਆਉਂਦੀ ਤਾਂ ਮਤਲਬ ਇਹ ਹੈ ਕਿ ਤੁਸੀਂ 100 ਬਿਲੀਅਨ ਕੋਸ਼ਿਕਾਵਾਂ ਨੂੰ ਸਿਹਤਯਾਬ ਰੱਖਿਆ ਹੋਇਆ ਹੈ। ਜਦੋਂ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਸਾਰੀਆਂ ਕੋਸ਼ਿਕਾਵਾਂ ਆਪਸ ਵਿਚ ਸੰਵਾਦ ਕਰਦੀਆਂ ਹਨ। ਇਸ ਸੰਵਾਦ ਵਿਚ ਕੋਈ ਰੁਕਾਵਟ ਨਾ ਹੋਣ ਦਾ ਮਤਬਲ ਵੀ ਦਿਮਾਗ਼ ਦਾ ਸਿਹਤਮੰਦ ਹੋਣਾ ਹੈ। ਸਿਹਤਮੰਦ ਦਿਮਾਗ਼ ਦਾ ਅਰਥ ਹੈ ਵਰਤਮਾਨ ਵਿਚ ਬਿਹਤਰ ਮਾਨਸਿਕ ਅਤੇ ਸਰੀਰਕ ਸਮਰੱਥਾ। ਦਿਮਾਗ਼ ਸਿਹਤਮੰਦ ਹੈ ਤਾਂ ਭੁੱਲਣ ਦੀ ਸਮੱਸਿਆ, ਡਿਮੈਂਸ਼ੀਆ, ਅਲਜ਼ਾਈਮਰਜ਼, ਪਾਰਕੀਸਨ, ਬ੍ਰੇਨ ਸਟਰੋਕ ਜਾਂ ਬ੍ਰੇਨ ਹੈਮਰੇਜ, ਮਾਈਗ੍ਰੇਨ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਅ ਦੀ ਸੰਭਾਵਨਾ ਤੋਂ ਬਚਾਅ ਵੀ ਕਈ ਗੁਣਾ ਵੱਧ ਜਾਂਦੀ ਹੈ। ਜੇ ਅਚਾਨਕ ਤੁਹਾਡਾ ਉਚਾਰਣ ਅਸਪਸ਼ਟ ਹੋਣ ਲੱਗੇ, ਥਥਲਾਉਣ, ਯਾਦਸ਼ਕਤੀ ਪ੍ਰਭਾਵਿਤ ਹੋਣ ਵਰਗੀਆਂ ਸਮੱਸਿਆਵਾਂ ਆਉਣ ਲੱਗਣ, ਸਿਰਦਰਦ, ਵਾਰ-ਵਾਰ ਹੱਥ ਪੈਰ ਸੁੰਨ ਹੋਣ ਜਾਣ ਤਾਂ ਇਹ ਸੰਕੇਤ ਹੈ ਕਿ ਦਿਮਾਗ਼ ਵਿਚ ਕੁਝ ਵਿਕਾਰ ਆ ਚੁੱਕਾ ਹੈ।

### ਆਧੁਨਿਕ ਜੀਵਨਸ਼ੈਲੀ ਨੇ ਵਧਾਈਆਂ ਮੁਸ਼ਕਿਲਾਂ

ਭਾਰਤੀ ਪਰੰਪਰਾ ਵਿਚ ਜਲਦੀ ਸੌਣਾ ਅਤੇ ਜਲਦੀ ਉੱਠਣ ਦਾ ਨੇਮ ਸੀ। ਦਿਨ ਵਿਚ ਦੋ ਵਾਰ ਖਾਣਾ, ਨੇਮਬੱਧ ਕਸਰਤ, ਲੰਮਾ ਪੈਂਡਾ ਪੈਦਲ ਚੱਲਣਾ ਆਦਿ ਸਾਡੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਸਨ। ਇਸ ਲਈ ਇਨ੍ਹਾਂ ਨੂੰ ਆਪਣੀ ਜੀਵਨਸ਼ੈਲੀ ਵਿਚ ਉਚੇਚੇ ਤੌਰ 'ਤੇ ਸ਼ਾਮਿਲ ਕਰਨ ਦੀ ਲੋੜ ਨਹੀਂ ਸੀ ਪੈਂਦੀ। ਇਸ ਨਜ਼ਰੀਏ ਤੋਂ ਅਜੋਕੀ ਜੀਵਨਸ਼ੈਲੀ ਦੇਖੀਏ ਤਾਂ ਅਨੁਸ਼ਾਸਨ ਨਾਂ ਦੀ ਚੀਜ਼ ਹੀ ਨਹੀਂ ਹੈ। ਜੰਕ ਫੂਡ, ਤਲਿਆ ਭੁੱਜਿਆ ਭੋਜਨ, ਤਿੰਨ ਵਾਰ ਖਾਣਾ ਆਦਿ ਆਦਤਾਂ ਸਾਡੀ ਜੀਵਨਸ਼ੈਲੀ ਦਾ ਹਿਸਾ ਹਨ। ਇਹ ਹਾਈ ਕੋਲੈਸਟਰੌਲ ਦਾ ਕਾਰਨ ਬਣਦੇ ਹਨ। ਨਤੀਜੇਵੱਸ ਨਾੜੀਆਂ ਕਮਜ਼ੋਰ ਹੁੰਦੀਆਂ ਹਨ ਜਿਸ ਨਾਲ ਹਾਰਟ ਅਟੈਕ, ਡਾਇਬਟੀਜ਼, ਬ੍ਰੇਨ ਸਟਰੋਕ ਆਦਿ ਦਾ ਖ਼ਤਰਾ ਵੱਧ ਜਾਂਦਾ ਹੈ।

### ਚਾਲ ਸੁਆਰੇ ਦਿਮਾਗ਼ ਦਾ ਹਾਲ

ਨਿਊਰੋਲਾਜਿਸਟ ਮੁਤਾਬਕ ਦਿਮਾਗ਼ੀ ਸਿਹਤ ਲਈ ਟਹਿਲਣਾ ਬਹੁਤ ਪ੍ਰਭਾਵੀ ਹੈ। ਸਾਲ 2014 ਵਿਚ ਪਿਟਰਬਰਗਜ਼ ਯੂਨੀਵਰਸਿਟੀ ਦੇ ਇਕ ਅਧਿਐਨ ਮੁਤਾਬਕ ਜੇ ਤੁਸੀਂ ਹਫਤੇ ਵਿਚ ਤਿਨ ਵਾਰ ਸਾਧਾਰਨ ਗਤੀ ਨਾਲ ਕੁਝ ਦੂਰ ਟਹਿਲਦੇ ਹੋ ਤਾਂ ਇਹ ਤੁਹਾਡੇ ਦਿਮਾਗ਼ ਦੇ ਹਿੱਪੋਕੈਂਪਸ ਨਾਂ ਦੇ ਹਿੱਸੇ ਨੂੰ ਸਹੀ ਆਕਾਰ ਵਿਚ ਰੱਖਦਾ ਹੈ। ਹਿੱਪੋਕੈਂਪਸ, ਦਿਮਾਗ਼ ਦੀ ਯਾਦਸ਼ਕਤੀ ਦਾ ਕੇਂਦਰ ਮੰਨਿਆ ਜਾਂਦਾਹੈ, ਇਹ ਜਦੋਂ ਨਸ਼ਟ ਹੋ ਜਾਂਦਾ ਹੈ ਤਾਂ ਵਿਅਕਤੀ ਅਲਜ਼ਾਈਮਰ ਰੋਗ ਨਾਲ ਗ੍ਰਸਤ ਹੋ ਜਾਂਦਾ ਹੈ। ਬ੍ਰੇਨ ਪਲਾਸਟੀਸਿਟੀ ਦੇ ਖੇਤਰ ਵਿਚ ਅਮਰੀਕਾ ਦੇ ਡਾ. ਮਾਈਕਲ ਮਰਜ਼ੇਨਿਕ ਦਿਮਾਗ਼ੀ ਸਿਹਤ ਲਈ ਲਗਾਤਾਰ ਸਿੱਖਣ ਦੀ ਪ੍ਰਕਿਰਿਆ 'ਤੇ ਜ਼ੋਰ ਦਿੰਦੇ ਹਨ। ਸੁਡੋਕੂ ਹੱਲ ਕਰਨਾ, ਭਾਸ਼ਾਵਾਂ ਸਿੱਖਣਾ ਜਾਂ ਕੁਝ ਨਵਾਂ ਸਿੱਖਣ 'ਤੇ ਦਿਮਾਗ਼ ਵਿਚ ਇਕ ਨਵਾਂ ਯਾਦ-ਖੇਤਰ ਬਣਦਾ ਹੈ। ਉਂਜ ਹਰ ਵਿਅਕਤੀ ਵਿਚ ਦਿਮਾਗ਼ੀ ਸਰਗਰਮੀ ਦਾ ਪੱਧਰ ਵੱਖਰਾ ਹੋ ਸਕਦਾ ਹੈ। ਇਕ ਪ੍ਰੋਫੈਸਰ ਲਈ ਸੁਡੋਕੂ ਹੱਲ ਕਰਨਾ ਦਿਮਾਗ਼ੀ ਅਭਿਆਸ ਮੰਨਿਆ ਜਾਵੇਗਾ ਪਰ ਇਕ ਪੇਂਡੂ ਵਿਅਕਤੀ ਲਈ ਗਿਣਤੀ ਸਿੱਖਣਾ ਵੀ ਇਕ ਨਵਾਂ ਅਭਿਆਸ ਹੈ।

### ਕਿਹੋ ਜਿਹਾ ਹੋਵੇ ਖਾਣਾ

ਸਿਹਤ ਲਈ ਭੋਜਨ ਦੇ ਸੰਤੁਲਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਹ ਦਿਮਾਗ਼ 'ਤੇ ਵੀ ਲਾਗੂ ਹੁੰਦਾ ਹੈ। ਦਿਮਾਗ਼ੀ ਸਿਹਤ ਅਤੇ ਭੋਜਨ ਵਿਚਾਲੇ ਡੂੰਘਾ ਸਬੰਧ ਹੁੰਦਾ ਹੈ। ਗ਼ਲਤ ਤਰੀਕੇ ਨਾਲ ਕੀਤੀ ਡਾਇਟਿੰਗ ਦਿਮਾਗ਼ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਡਾਈਟ ਨੂੰ ਲੈ ਕੇ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸੰਤੁਲਿਤ ਭੋਜਨ ਭਾਵ ਅਨਾਜ, ਸਬਜ਼ੀਆਂ, ਫਲ, ਹਰੀਆਂ ਸਬਜ਼ੀਆਂ ਆਦਿ ਭਰਪੂਰ ਮਾਤਰਾ ਵਿਚ ਲਓ। ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਐਂਟੀ ਆਕਸੀਡੈਂਟ ਵੀ ਭੋਜਨ ਵਿਚ ਮਹੱਤਵਪੂਰਨ ਹੈ। ਇਸ ਲਈ ਸੁੱਕੇ ਮੇਵੇ ਜਿਵੇਂ ਬਦਾਮ, ਅਖਰੋਟ, ਕੱਦੂ ਦੇ ਬੀਜ, ਪਾਲਕ ਵਰਗੇ ਗੂੜ੍ਹੇ ਹਰੇ ਰੰਗ ਦੀਆਂ ਪੱਤੇਦਾਰ ਸਬਜ਼ੀਆਂ, ਅੰਡੇ, ਮੱਛੀ ਆਦਿ ਨੂੰ ਵੀ ਭੋਜਨ ਵਿਚ ਸ਼ਾਮਿਲ ਕਰੋ। ਤੇਲ-ਚਰਬੀਯੁਕਤ ਭੋਜਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਨਾਲ ਸਟਰੋਕ ਦਾ ਖ਼ਤਰਾ ਵੱਧਦਾ ਹੈ। ਤਲਿਆ-ਭੁੱਜਿਆ ਭੋਜਨ, ਜੰਕ ਫੂਡ, ਬੇਵਕਤੇ ਖਾਣ ਤੋਂ ਬਚੋ ਕਿਉਂਕਿ ਅਜਿਹਾ ਕਰਨਾ ਅਲਜ਼ਾਈਮਰ ਨੂੰ ਸੱਦਾ ਦੇਣਾ ਹੈ। ਸਿਹਤ ਦੀ ਜੜ੍ਹ ਭਾਵ ਦਿਮਾਗ਼ ਨੂੰ ਤੰਦਰੁਸਤ ਰੱਖ ਸਕਦੇ ਹਾਂ। •

**ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਭੋਜਨ ਵਿਚ ਐਂਟੀ ਆਕਸੀਡੈਂਟ ਵੀ ਮਹੱਤਵਪੂਰਨ ਹੈ।**

### ਬਦਲੀਆਂ ਹਨ ਧਾਰਨਾਵਾਂ

ਆਧੁਨਿਕ ਮੈਡੀਕਲ ਵਿਗਿਆਨ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਦਿਮਾਗ਼ ਖ਼ੁਦ ਨੂੰ ਲਗਾਤਾਰ ਬਦਲਦਾ ਅਤੇ ਵਿਕਸਿਤ ਕਰਦਾ ਚੱਲਦਾ ਹੈ। ਜਦੋਂ ਅਸੀਂ ਕੁਝ ਨਵਾਂ ਸਿੱਖਦੇ ਹਾਂ ਤਾਂ ਇਸ ਦੀ ਸਰੀਰਕ ਬਣਤਰ ਵਿਚ ਕੁਝ ਬਦਲਾਅ ਆਉਂਦਾ ਹੈ। ਅਧਿਐਨ ਸਾਬਤ ਕਰਦੇ ਹਨ ਕਿ ਉਮਰ-ਦਰਾਜ਼ ਦਿਮਾਗ਼ ਵੀ ਲਚੀਲਾ ਹੁੰਦਾ ਹੈ ਭਾਵ ਉਸ ਵਿਚ ਵੀ ਵਿਕਾਸ ਦੀ ਸੰਭਾਵਨਾ ਹੁੰਦੀ ਹੈ। ਇਸ ਨੂੰ ਬ੍ਰੇਨ ਪਲਾਸਟੀਸਿਟੀ ਜਾਂ ਨਿਊਰੋ ਪਲਾਸਟੀਸਿਟੀ ਕਿਹਾ ਜਾਂਦਾ ਹੈ। ਇਸ ਦਿਮਾਗ਼ ਨੂੰ ਪ੍ਰਤੀ ਨੇ ਵਡੇਰੀ ਉਮਰ ਵਿਚ ਵੀ ਫਿੱਟ ਰੱਖਣ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ।



# ਇੰਜ ਕਰੋ ਬੱਚਿਆਂ ਦਾ ਦਿਮਾਗ਼ ਤੇਜ਼

ਸਿਰਫ਼ ਪਰੀਖਿਆਵਾਂ ਦੇ ਦਿਨਾਂ 'ਚ ਹੀ ਨਹੀਂ, ਸਗੋਂ ਬੱਚਿਆਂ ਦਾ ਦਿਮਾਗ਼ ਹਰ ਸਮੇਂ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਤੁਸੀਂ ਖਾਣ-ਪੀਣ ਤੋਂ ਲੈ ਕੇ ਹਰ ਕਈ ਤਰੀਕੇ ਵੀ ਅਪਣਾਉਂਦੇ ਹੋਵੋਗੇ ਤਾਂ ਕਿ ਬੱਚਿਆਂ ਦਾ ਦਿਮਾਗ਼ ਤੇਜ਼ ਹੋਵੇ ਤੇ ਉਹ ਪੜ੍ਹਾਈ ਵਿਚ ਬਿਹਤਰ ਕਾਰਗੁਜ਼ਾਰੀ ਦਿਖਾ ਸਕਣ। ਆਓ ਜਾਣਦੇ ਹਾਂ ਕੁਝ ਪ੍ਰਭਾਵੀ ਅਤੇ ਆਸਾਨ ਤਰੀਕੇ, ਜੋ ਤੁਹਾਡੇ ਅੱਖਾਂ ਦੇ ਤਾਰਿਆਂ ਦਾ ਦਿਮਾਗ਼ ਤੇਜ਼ ਕਰਨ 'ਚ ਸਹਾਈ ਹੋ ਸਕਦੇ ਹਨ :

- ਦਿਮਾਗ਼ ਤੇਜ਼ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਦਿਮਾਗ਼ੀ ਕਸਰਤ। ਇਸ ਲਈ ਤੁਸੀਂ ਬੱਚਿਆਂ ਨਾਲ ਕੋਈ ਪ੍ਰਸ਼ਨ-ਉੱਤਰ ਵਾਲੀ ਖੇਡ, ਸ਼ਬਦਕੋਸ਼ ਭਰਨਾ ਜਾਂ ਸਹੀ ਜਵਾਬ ਲੱਭਣ ਨਾਲ ਸਬੰਧਤ ਕੋਈ ਖੇਡ ਚੁਣ ਸਕਦੇ ਹੋ। ਦੋਸਤਾਂ ਨਾਲ ਵੀ ਬੱਚੇ ਅਜਿਹੀਆਂ ਖੇਡਾਂ ਖੇਡ ਸਕਦੇ ਹਨ। ਇਸ ਨਾਲ ਬੱਚਿਆਂ ਦੀ ਯਾਦਸ਼ਕਤੀ ਵਧਾਉਣ ਅਤੇ ਯਾਦ ਰੱਖਣ ਦੀ ਇੱਛਾ ਵੀ ਬਰਕਰਾਰ ਰਹੇਗੀ।
- ਬੱਚਿਆਂ ਨੂੰ ਘੱਟ ਉਮਰੇ ਹੀ ਨਵੀਆਂ ਭਾਸ਼ਾਵਾਂ ਦਾ ਗਿਆਨ ਕਰਵਾਉਣ ਨਾਲ ਉਨ੍ਹਾਂ ਦਾ ਦਿਮਾਗ਼ ਅਜਿਹੇ ਬੱਚਿਆਂ ਦੇ ਮੁਕਾਬਲੇ ਤੇਜ਼ ਚੱਲਦਾ ਹੈ ਜੋ ਸਿਰਫ਼ ਇਕ ਭਾਸ਼ਾ ਹੀ ਜਾਣਦੇ ਹਨ। ਇਸ ਢੰਗ ਨਲ ਬੱਚੇ ਵਿਚ ਹੋਰ ਵੀ ਯੋਗਤਾਵਾਂ ਵਿਕਸਿਤ ਹੁੰਦੀਆਂ ਹਨ।
- ਬੱਚੇ ਖੇਡ-ਕੁੱਦ ਵਿਚ ਜਿੰਨੇ ਫੁਰਤੀਲੇ ਹੁੰਦੇ ਹਨ, ਉਨ੍ਹਾਂ ਦਾ ਦਿਮਾਗ਼ ਵੀ ਤੇਜ਼ ਅਤੇ ਸਰਗਰਮ ਹੁੰਦਾ ਹੈ। ਇਸ ਤਰ੍ਹਾਂ ਨਾਲ ਬੱਚਿਆਂ ਦੇ ਦਿਮਾਗ਼ ਵਿਚ ਆਕਸੀਜਨ ਦਾ ਵਹਾਅ ਵੀ ਸਹੀ ਰਹਿੰਦਾ ਹੈ ਜੋ ਦਿਮਾਗ਼ੀ ਸਿਹਤ ਲਈ ਲਾਭਦਾਇਕ ਹੈ।
- ਕਲਾ ਬੱਚਿਆਂ ਵਿਚ ਕਲਾ ਪ੍ਰਤੀ ਰੁਝਾਨ ਦਿਮਾਗ਼ ਨੂੰ ਵਿਕਸਿਤ ਕਰਕੇ ਨਵੀਆਂ ਚੀਜ਼ਾਂ ਸਿੱਖਣ ਵਿਚ ਮਦਦ ਕਰਦੀ ਹੈ। ਇਸ ਢੰਗ ਨਾਲ ਬੱਚਿਆਂ ਦੀ ਕਲਪਨਾਸ਼ਕਤੀ ਵਿਚ ਵੀ ਵਾਧਾ ਹੁੰਦਾ ਹੈ ਅਤੇ ਉਹ ਬਹੁਪੱਖੀ ਸੋਚ ਦੇ ਮਾਲਕ ਬਣਦੇ ਹਨ।

**ਬਚਪਨ ਤੋਂ ਹੀ ਬੱਚੇ ਨੂੰ ਗਣਿਤ ਦਾ ਚੰਗਾ ਅਭਿਆਸ ਕਰਾਉਣ ਨਾਲ ਉਸ ਦਾ ਦਿਮਾਗ਼ ਤੇਜ਼ ਬਣਦਾ ਹੈ। ਇਹੀ ਕਾਰਨ ਹੈ ਕਿ ਜਿਨ੍ਹਾਂ ਬੱਚਿਆਂ ਦੀ ਗਣਿਤ ਵਿਚ ਜ਼ਿਆਦਾ ਰੁਚੀ ਹੁੰਦੀ ਹੈ, ਉਹ ਆਮ ਬੱਚਿਆਂ ਦੇ ਮੁਕਾਬਲੇ ਵੱਧ ਬੁੱਧੀਮਾਨ ਹੁੰਦੇ ਹਨ।**



# ਓਹੜ ਪੋਹੜ

**ਸਰਦੀਆਂ ਵਿਚ ਹਰੇ ਪਿਆਜ਼ ਦੀ ਹਰਿਆਵਲ ਸੁਆਦ ਨਾਲ ਬਾਗ਼ੋ-ਬਾਗ਼ ਕਰਦੀ ਹੈ। ਇਸ ਦੀ ਵਰਤੋਂ ਸਬਜ਼ੀਆਂ ਅਤੇ ਸੂਪ ਵਿਚ ਆਮ ਕੀਤੀ ਜਾਂਦੀ ਹੈ। ਇਸ ਦੇ ਵੱਖਰੇ ਸੁਆਦ ਕਾਰਨ ਤਾਂ ਇਹ ਭਾਰਤੀ ਰਸੋਈ ਦਾ ਚਹੇਤਾ ਤਾਂ ਹੈ ਹੀ, ਸਗੋਂ ਗੁਣਾਂ ਪੱਖੋਂ ਵੀ ਹਰਾ ਪਿਆਜ਼ ਕਾਫ਼ੀ ਸਿਹਤਮੰਦ ਹੈ। ਆਓ ਜਾਣਦੇ ਹਾਂ ਇਸ ਦੇ ਕੁਝ ਮੁੱਢਲੇ ਫਾਇਦਿਆਂ ਬਾਰੇ :**

## ਸਿਹਤ ਦਾ ਹਮਰਾਜ਼ ਹਰਾ ਪਿਆਜ਼

- ਹਰਾ ਪਿਆਜ਼ ਖਾਣ ਦੇ ਕਈ ਲਾਭ ਹਨ। ਇਹ ਕੋਲੈਸਟਰੌਲ ਦੇ ਪੱਧਰ ਨੂੰ ਕਾਬੂ 'ਚ ਰੱਖਣ 'ਚ ਸਹਾਈ ਹੁੰਦਾ ਹੈ।
- ਇਸ ਵਿਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ ਜਿਸ ਕਾਰਨ ਇਹ ਹਾਜ਼ਮਾ ਸ਼ਕਤੀ ਵਧਾਉਣ 'ਚ ਮਦਦਗਾਰ ਹੁੰਦਾ ਹੈ। ਹਰੇ ਪਿਆਜ਼ ਵਿਚ ਕ੍ਰੋਮੀਅਮ ਹੁੰਦਾ ਹੈ।
- ਹਰਾ ਪਿਆਜ਼ ਖਾਣ ਨਾਲ ਇਮਿਊਨਿਟੀ ਸ਼ਕਤੀ ਵਧਦੀ ਹੈ। ਇਹ ਚਿਹਰੇ ਦੀਆਂ ਝੁਰੜੀਆਂ ਦੂਰ ਕਰਨ ਵਿਚ ਵੀ ਸਹਾਈ ਹੈ।
- ਹਰਾ ਪਿਆਜ਼ ਖਾਣ ਨਾਲ ਅੱਖਾਂ ਦੀ ਰੋਸ਼ਨੀ 'ਚ ਵਾਧਾ ਹੁੰਦਾ ਹੈ।
- ਹਰਾ ਪਿਆਜ਼ ਮਾਈਕ੍ਰੋਨਿਊਟ੍ਰੀਸ਼ਿਅਨਸ ਨੂੰ ਬਰਕਰਾਰ ਰੱਖਦਾ ਹੈ।
- ਹਿਸਟੀਆ ਦਾ ਰੋਗੀ ਜੇਕਰ ਬੇਹੋਸ਼ ਹੋ ਜਾਵੇ ਤਾਂ ਉਸ ਨੂੰ ਹਰਾ ਪਿਆਜ਼ ਕੁੱਟ ਕੇ ਸੁੰਘਾਓ। ਇਸ ਨਾਲ ਰੋਗੀ ਨੂੰ ਤੁਰੰਤ ਹੋਸ਼ ਆ ਜਾਵੇਗਾ।
- ਇਸ ਵਿਚ ਐਂਟੀ ਇਨਫਲਾਮੈਂਟਰੀ ਅਤੇ ਐਂਟੀ ਹਿਸਟਾਮਾਈਨ ਗੁਣ ਵੀ ਹੁੰਦੇ ਹਨ। ਇਸ ਲਈ ਇਹ ਗਠੀਆ ਅਤੇ ਅਸਥਮਾ ਦੇ ਰੋਗੀਆਂ ਲਈ ਲਾਭਦਾਇਕ ਰਹਿੰਦਾ ਹੈ।
- ਝੜਦੇ ਵਾਲਾਂ ਦੀ ਸਮੱਸਿਆ ਹੈ ਤਾਂ ਪਿਆਜ਼ ਦਾ ਰਸ ਵਾਲਾਂ 'ਚ ਲਗਾਉਣ ਨਾਲ ਲਾਭ ਮਿਲਦਾ ਹੈ। •



# ਨੁਕਸਾਨਦੇਹ ਹੈ ਫਾਸਟਫੂਡ ਪੈਕੇਜਿੰਗ



ਫਾਸਟ ਫੂਡ ਆਧੁਨਿਕ ਜੀਵਨਸ਼ੈਲੀ ਦਾ ਇਕ ਬਹੁਤ ਵੱਡਾ ਹਿਸਾ ਬਣ ਚੁੱਕਾ ਹੈ। ਬੱਚਿਆਂ ਤੋਂ ਲੈ ਕੇ ਜਵਾਨ ਅਤੇ ਵੱਡਿਆਂ ਤਕ ਸਭ ਨੂੰ ਫਾਸਟ ਫੂਡ ਖਾਣਾ ਬਹੁਤ ਪਸੰਦ ਹੈ। ਪਾਰਟੀ ਹੋਵੇ ਜਾਂ ਸਫ਼ਰ,ਇਸ ਤੋਂ ਬਿਨਾ ਕੰਮ ਚੱਲਦਾ ਹੀ ਨਹੀਂ। ਫਾਸਟ ਫੂਡ ਨਾਲ ਮੋਟਾਪਾ ਵਧਦਾ ਹੈ, ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ ਪਰ ਕੀ ਤੁਸੀਂ ਜਾਣਦੇ ਹੋ ਕਿ ਸਾਡੇ ਲਈ ਫਾਸਟ ਫੂਡ ਤੋਂ ਕਿਤੇ ਵੱਧ ਖ਼ਤਰਨਾਕ ਉਸ ਦੀ ਪੈਕੇਜਿੰਗ ਹੋ ਸਕਦੀ ਹੈ। ਹਾਲ ਹੀ ਵਿਚ ਹੋਈ ਇਕ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ।

ਸਵਾਦ ਬਦਲਣ ਲਈ ਜੇ ਕਦੇ ਕਦਾਈਂ ਫਾਸਟ ਫੂਡ ਖਾ ਲਿਆ ਜਾਵੇ ਤਾਂ ਕੋਈ ਹਰਜ਼ ਨਹੀਂ ਪਰ ਜੋ ਲੋਕ ਇਸ ਨੂੰ ਆਮ ਖਾਣੇ ਦੇ ਤੌਰ 'ਤੇ ਲੈਂਦੇ ਹਨ, ਉਨ੍ਹਾਂ ਲਈ ਇਹ ਆਦਤ ਖ਼ਤਰੇ ਦੀ ਘੰਟੀ ਹੈ। ਹਾਲ ਹੀ ਵਿਚ ਹੋਈ ਇਕ ਖੋਜ ਦੀ ਰਿਪੋਰਟ ਮੁਤਾਬਕ ਲੋਕਾਂ ਲਈ ਫਾਸਟ ਫੂਡ ਤੋਂ ਕਿਤੇ ਵੱਧ ਖ਼ਤਰਨਾਕ ਹੋ ਸਕਦੀ ਹੈ ਪੈਕੇਜਿੰਗ ਲਈ ਵਰਤੀ ਜਾਣ ਵਾਲੀ ਸ਼ੀਟ ਜਾਂ ਡੱਬੇ। ਇਨ੍ਹਾਂ ਵਿਚ ਕਈ ਅਜਿਹੇ ਕੈਮੀਕਲ ਹੁੰਦੇ ਹਨ ਜੋ ਸਿਹਤ ਲਈ ਖ਼ਤਰਨਾਕ ਹੋ ਸਕਦੇ ਹਨ।

ਅਧਿਐਨ ਦੌਰਾਨ ਪਾਇਆ ਗਿਆ ਕਿ ਫੂਡ ਦੀ ਪੈਕੇਜਿੰਗ ਲਈ ਜਿਸ ਪੇਪਰ ਅਤੇ ਗੱਤੇ ਦੇ ਡੱਬੇ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਵਿਚ ਕਈ ਤਰ੍ਹਾਂ ਦੇ ਕੈਮੀਕਲ ਲੱਗੇ ਹੁੰਦੇ ਹਨ। ਕਾਗ਼ਜ਼ ਦੀ ਕੋਟਿੰਗ 'ਤੇ ਗ੍ਰੀਸ ਦੀ ਵਰਤੋਂ ਇੱਥੋਂ ਤਕ ਕਿ ਫਾਸਟ ਫੂਡ ਦੀ ਪੈਕੇਜਿੰਗ ਲਈ ਜਿਹੜਾ ਚਮਕੀਲਾ ਕਾਗਜ਼ ਵਰਤਿਆ ਜਾਂਦਾ ਹੈ ਉਸ ਦੀ ਕੋਟਿੰਗ ਗ੍ਰੀਸ ਨਾਲ ਹੁੰਦੀ ਹੈ ਜੋ ਸਿਹਤ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੀ ਹੈ। ਇਨ੍ਹਾਂ ਕੈਮੀਕਲਾਂ ਕਾਰਨ ਲੋਕ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦੀ ਚਪੇਟ ਵਿਚ ਆ ਸਕਦੇ ਹਨ ਕਿਉਂਕਿ ਇਹ ਕੈਮੀਕਲ ਸਰੀਰ ਦੀ ਰੋਗਰੋਕੂ ਸਮਰੱਥਾ ਕਾਫ਼ੀ ਹੱਦ ਤਕ ਘੱਟ ਕਰ ਦਿੰਦੇ ਹਨ। ਇਸ ਬਾਰੇ ਜਾਗਰੂਕਤਾ ਦੀ ਲੋੜ ਹੈ।

# ਏਡਜ਼ ਸਾਵਧਾਨੀ 'ਚ ਹੀ ਹੈ ਸੁੱਰਖਿਆ



ਗੋਪਾਲ ਕ੍ਰਿਸ਼ਨ
98555-05640

**ਭਾਰਤ 'ਚ ਇਕ ਹਜ਼ਾਰ ਪਿੱਛੇ 10 ਏਡਜ਼ ਮਰੀਜ਼ ਹਨ। ਇਸ ਕਰਕੇ ਭਾਰਤ ਨੂੰ ਦੁਨੀਆ ਦੀ ਏਡਜ਼ ਰਾਜਧਾਨੀ ਕਿਹਾ ਜਾਂਦਾ ਹੈ।**

21ਵੀਂ ਸਦੀ ਦੀਆਂ ਦੋ ਸਭ ਤੋਂ ਵੱਧ ਜਾਨਲੇਵਾ ਬੀਮਾਰੀਆਂ ਕੈਂਸਰ ਅਤੇ ਏਡਜ਼ ਹਨ। ਕੈਂਸਰ ਦਾ ਕਿਸੇ ਹੱਦ ਤੱਕ ਇਲਾਜ ਹੈ ਪਰੰਤੂ ਏਡਜ਼ ਦਾ ਹਾਲੇ ਤਕ ਕੋਈ ਇਲਾਜ ਨਹੀਂ ਹੈ। ਏਡਜ਼ ਦਾ ਪੂਰਾ ਨਾਂ ਐਕੁਆਇਰਡ ਸੁਰੱਖਿਆ ਘਾਟ ਸਿੰਡਰੋਮ ਹੈ। ਵਿਸ਼ਵ ਸਿਹਤ ਸੰਸਥਾ ਦੇ ਅੰਦਾਜ਼ੇ ਮੁਤਾਬਕ ਦੁਨੀਆ ਭਰ ਵਿਚ ਲਗਭਗ 4 ਕਰੋੜ ਲੋਕ ਇਸ ਖ਼ਤਰਨਾਕ ਬੀਮਾਰੀ ਤੋਂ ਪੀੜਤ ਹਨ। ਹਰ ਸਾਲ 30 ਲੱਖ ਤੋਂ ਜ਼ਿਆਦਾ ਲੋਕ ਏਡਜ਼ ਨਾਲ ਮਰ ਜਾਂਦੇ ਹਨ। ਏਡਜ਼ ਐੱਚ.ਆਈ.ਵੀ. ਤੋਂ ਹੋਣ ਵਾਲਾ ਇਕ ਵਾਇਰਲ ਰੋਗ ਹੈ। ਇਹ ਵਿਸ਼ਾਣੂ ਰੋਗ ਜਿਣਸੀ ਸਬੰਧਾਂ, ਭ੍ਰਿਸ਼ਟ ਸੁਈਆਂ ਅਤੇ ਖ਼ੂਨ ਰਾਹੀਂ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤਕ ਫ਼ੈਲ ਜਾਂਦਾ ਹੈ। ਇਸ ਰੋਗ ਦੀ ਸਭ ਤੋਂ ਪਹਿਲਾਂ ਸੂਚਨਾ 1981 ਵਿਚ ਅਮਰੀਕਾ ਵਿਚ ਹਵਾਈ ਸ਼ਹਿਰ ਤੋਂ ਮਿਲੀ ਸੀ। ਭਾਰਤ ਵਿਚ ਏਡਜ਼ ਬਾਰੇ ਸਭ ਤੋਂ ਪਹਿਲਾਂ ਸੂਚਨਾ 1986 ਵਿਚ ਚੇਨਈ ਦੀਆਂ ਸੈਕਸ ਵਰਕਰ ਔਰਤਾਂ ਤੋਂ ਮਿਲੀ ਸੀ। ਭਾਰਤ ਵਿਚ ਏਡਜ਼ ਦੀ ਲਾਗ ਲੱਗਣ ਦੀ ਦਰ ਇਕ ਹਜ਼ਾਰ ਪਿੱਛੇ 10 ਹੈ। ਇਸ ਕਰਕੇ ਭਾਰਤ ਨੂੰ ਦੁਨੀਆ ਦੀ ਏਡਜ਼ ਰਾਜਧਾਨੀ ਕਿਹਾ ਜਾਂਦਾ ਹੈ। ਇਹ ਸਥਿਤੀ ਚਿੰਤਾਜਨਕ ਹੈ।

### ਲੱਛਣ:

- ਸਰੀਰ ਨੂੰ ਲੱਗੀ ਸਾਧਾਰਣ ਬਿਮਾਰੀ ਵੀ ਠੀਕ ਨਹੀਂ ਹੁੰਦੀ।
- ਸਰੀਰ ਵਿਚ ਬੁਖ਼ਾਰ ਦਾ ਹੋਣਾ।
- ਹਾਜ਼ਮਾ ਖ਼ਰਾਬ ਹੋ ਜਾਣਾ।
- ਖ਼ੁਰਾਕ ਦਾ ਹਜ਼ਮ ਨਾ ਹੋਣਾ।
- ਦਸਤ ਲੱਗ ਜਾਣੇ।
- ਏਡਜ਼ ਦੇ ਰੋਗ ਦੀ ਪਛਾਣ ਇਸ ਰੋਗ ਦੀਆਂ ਐਂਟੀਬਾਡੀਜ਼ ਦਾ ਐਲੀਸਾ ਪ੍ਰੀਖਣ ਦੁਆਰਾ ਕੀਤੀ ਜਾਂਦੀ ਹੈ।

### ਏਡਜ਼ ਕਿਵੇਂ ਫੈਲਦਾ ਹੈ:

- ਏਡਜ਼ ਰੋਗੀ ਇਸਤਰੀ ਜਾਂ ਪੁਰਸ਼ ਨਾਲ ਲਿੰਗੀ ਸੰਬੰਧ ਬਣਾਉਣ ਨਾਲ ਫੈਲਦਾ ਹੈ।
- ਟੀਕਾਕਰਨ ਵਾਲੀਆਂ ਦੂਸ਼ਿਤ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਕਰਨ ਨਾਲ ਫੈਲਦਾ ਹੈ।
- ਏਡਜ਼ ਰੋਗੀ ਵਿਅਕਤੀ ਦਾ ਖ਼ੂਨ ਦੂਸਰੇ ਵਿਅਕਤੀ ਨੂੰ ਦੇਣ ਨਾਲ ਏਡਜ਼ ਫੈਲਦਾ ਹੈ।
- ਏਡਜ਼ ਰੋਗੀ ਇਸਤਰੀ ਆਪਣੇ ਬੱਚੇ ਨੂੰ ਆਪਣੇ ਦੁੱਧ ਰਾਹੀਂ ਏਡਜ਼ ਦੇ ਸਕਦੀ ਹੈ।
- ਏਡਜ਼ ਰੋਗੀ ਇਸਤਰੀ ਗਰਭ ਅਵਸਥਾ ਦੌਰਾਨ ਉਸ ਤੋਂ ਜਨਮ ਲੈਣ ਵਾਲੇ ਬੱਚੇ ਨੂੰ ਏਡਜ਼ ਹੋ ਸਕਦੀ ਹੈ।

### ਰੋਕਥਾਮ ਦੇ ਉਪਾਅ :

- ਏਡਜ਼ ਰੋਗੀ ਇਸਤਰੀ ਜਾਂ ਪੁਰਸ਼ ਨਾਲ ਲਿੰਗੀ ਸੰਬੰਧ ਬਣਾਉਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ।
- ਪਰਹੇਜ਼ ਹੀ ਇਲਾਜ ਹੈ ਨਹੀਂ ਤਾਂ ਮੌਤ ਯਕੀਨੀ ਹੈ।
- ਗ਼ੈਰ ਮਰਦ ਜਾਂ ਗ਼ੈਰ ਇਸਤਰੀ ਨਾਲ ਲਿੰਗੀ ਸੰਬੰਧ ਬਣਾਉਣ ਸਮੇਂ ਪਰਹੇਜ਼ ਕਰਨਾ ਚਾਹੀਦਾ ਹੈ ਜਾਂ ਫਿਰ ਕੰਡੋਮ ਦੀ ਵਰਤੋਂ ਕਰਨੀ ਚਾਹੀਦੀ ਹੈ।
- ਏਡਜ਼ ਨੂੰ ਰੋਕਣ ਲਈ ਵੱਧ ਤੋਂ ਵੱਧ ਪਰਚਾਰ ਕਰਨਾ ਜ਼ਰੂਰੀ ਹੈ।

ਭਾਰਤ ਸਰਕਾਰ ਅਤੇ ਸਾਰੀਆਂ ਸੂਬਾ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ, ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਵੱਲੋਂ ਏਡਜ਼ ਨੂੰ ਰੋਕਣ ਲਈ ਨੌਜਵਾਨ ਪੀੜ੍ਹੀ ਨੂੰ ਸਮਝਾਉਣ ਲਈ ਏਡਜ਼ ਸੰਬੰਧੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਫਲੈਕਸ ਬੋਰਡ ਲਗਾ ਕੇ, ਭਾਸ਼ਣ ਦੇ ਕੇ, ਪ੍ਰਚਾਰ ਕਰਕੇ, ਨਾਟਕ ਕਰਕੇ ਅਤੇ ਰੈਲੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਯੁਵਾ ਪੀੜ੍ਹੀ ਨੂੰ ਏਡਜ਼ ਦੇ ਭਿਆਨਕ ਰੋਗ ਤੋਂ ਬਚਾਇਆ ਜਾ ਸਕੇ। •



# ਬਲੱਡ ਗਰੁੱਪ ਮੁਤਾਬਕ ਚੁਣੋ ਡਾਈਟ



ਜੇ ਤੁਸੀਂ ਆਪਣਾ ਵਜ਼ਨ ਘਟਾਉਣਾ ਚਾਹੁੰਦੇ ਹੋ ਅਤੇ ਉਸ ਲਈ ਡਾਈਟ ਚਾਰਟ ਅਨੁਸਾਰ ਚੱਲ ਰਹੇ ਹੋ ਤਾਂ ਆਪਣੇ ਬਲੱਡ ਗਰੁੱਪ ਮੁਤਾਬਕ ਡਾਈਟ ਚਾਰਟ ਚੁਣ ਕੇ ਤੁਸੀਂ ਡਬਲ ਲਾਭ ਲੈ ਸਕਦੇ ਹੋ। ਇੰਨਾ ਹੀ ਨਹੀਂ, ਇਸ ਨਾਲ ਤੁਸੀਂ ਸਿਹਤ ਸਬੰਧੀ ਛੋਟੀਆਂ ਮੋਟੀਆਂ ਸਮੱਸਿਆਵਾਂ ਤੋਂ ਵੀ ਨਿਜਾਤ ਪਾ ਸਕਦੇ ਹੋ। ਇਸ ਲਓ ਆਪਣੇ ਬਲੱਡ ਗਰੁੱਪ ਮੁਤਾਬਕ ਹੀ ਚੁਣੋ ਆਪਣਾ ਡਾਈਟ ਪਲਾਨ :

### ਏ ਬਲੱਡ ਗਰੁੱਪ

- ਮਾਸਾਹਾਰੀ ਭੋਜਨ ਦੀ ਬਜਾਏ ਸ਼ਾਕਾਹਾਰ ਭੋਜਨ 'ਤੇ ਵੱਧ ਜ਼ੋਰ ਦੇਣਾ ਚਾਹੀਦਾ ਹੈ।
- ਇਸ ਸਮੂਹ ਦੇ ਲੋਕਾਂ ਦੀ ਪਾਚਨ ਸ਼ਕਤੀ ਹੋਰਾਂ ਦੇ ਮੁਕਾਬਲੇ ਕਮਜ਼ੋਰ ਹੁੰਦੀ ਹੈ ਜੋ ਦੁੱਧ ਨਾਲ ਬਣੀਆਂ ਚੀਜ਼ਾਂ ਅਤੇ ਮਾਸਾਹਾਰ ਨੂੰ ਆਸਾਨੀ ਨਾਲ ਪਚਾ ਨਹੀਂ ਸਕਦੀ। ਅਜਿਹੇ ਵਿਚ ਪੇਟ ਨਾਲ ਜੁੜੀਆਂ ਸਮੱਸਿਆਵਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ।
- ਫਲ ਅਤੇ ਹਰੀਆਂ ਸਬਜ਼ੀਆਂ ਦੀ ਵੱਧ ਤੋਂ ਵੱਧ ਵਰਤੋਂ ਕਰੋ।
- ਪਪੀਤਾ, ਅੰਬ, ਸੰਤਰੇ ਵਰਗੇ ਫਲ, ਬੀਨਜ਼, ਸੋਇਆਬੀਨ ਆਦਿ ਦੀ ਭਰਪੂਰ ਵਰਤੋਂ ਕਰੋ। ਜੇਕਰ ਨਾਨਵੈੱਜ ਖਾਣਾ ਹੀ ਹੈ ਤਾਂ ਰੈੱਡ ਮੀਟ ਦੀ ਥਾਂ 'ਤੇ ਮੱਛੀ ਨੂੰ ਖਾਣੇ 'ਚ ਸ਼ਾਮਿਲ ਕਰੋ। ਰਾਜਮਾਂਹ ਤੋਂ ਪਰਹੇਜ਼ ਕਰੋ।

### 'ਬੀ' ਬਲੱਡ ਗਰੁੱਪ

- ਸੰਤੁਲਿਤ ਮਾਤਰਾ ਵਿਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਮੀਟ ਜਾਂ ਮੱਛੀ ਦਾ ਸੇਵਨ ਕਰ ਸਕਦੇ ਹੋ।
- ਕੁਝ ਖ਼ਾਸ ਖ਼ੁਰਾਕੀ ਪਦਾਰਥ ਜਿਵੇਂ ਮਸਰ, ਤਿਲ, ਮੱਕੀ, ਛੋਲੇ ਆਦਿ ਦਾਲਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਇਸ ਸਮੂਹ ਦੇ ਲੋਕਾਂ ਨੂੰ ਜ਼ਿਆਦਾ ਕਣਕ ਅਤੇ ਟਮਾਟਰ ਦੀਆਂ ਚੀਜ਼ਾਂ ਵੀ ਜ਼ਿਆਦਾ ਲਾਭ ਨਹੀਂ ਦਿੰਦੀਆਂ।
- ਵਜ਼ਨ 'ਤੇ ਕਾਬੂ ਰੱਖਣ ਲਈ ਮੱਕੀ, ਮੂੰਗਫਲੀ, ਚਿਕਨ ਤੇ ਕਣਕ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ ਜਦਕਿ ਅੰਡਾ, ਮੀਟ, ਹਰੀਆਂ ਸਬਜ਼ੀਆਂ ਅਤੇ ਗ੍ਰੀਨ ਟੀ ਵਜ਼ਨ ਦੇ ਮਾਮਲੇ ਵਿਚ ਬੇਹੱਦ ਫ਼ਾਇਦੇਮੰਦ ਹਨ।

### 'ਏ ਬੀ' ਬਲੱਡ ਗਰੁੱਪ

- ਇਸ ਗਰੁੱਪ ਦੇ ਲੋਕਾਂ ਵਿਚ 'ਏ' ਅਤੇ ਬੀ ਦੋਹਾਂ ਹੀ ਬਲੱਡ ਗਰੁੱਪਾਂ ਦੇ ਲੱਛਣ ਪਾਏ ਜਾਂਦੇ ਹਨ।
- ਇਨ੍ਹਾਂ ਨੂੰ ਵੀ ਜ਼ਿਆਦਾਤਰ ਸ਼ਾਕਾਹਾਰੀ ਭੋਜਨ ਹੀ ਕਰਨਾ ਚਾਹੀਦਾ ਹੈ ਜਿਸ ਵਿਚ ਫਲ ਅਤੇ ਸਬਜ਼ੀਆਂ ਸ਼ਾਮਿਲ ਹਨ।
- ਜਿੱਥੋਂ ਤਕ ਹੋ ਸਕੇ ਚਿਕਨ ਅਤੇ ਮੱਕੀ ਵਰਗੀਆਂ ਚੀਜ਼ਾਂ ਤੋਂ ਦੂਰੀ ਬਣਾਓ।
- ਵਜ਼ਨ ਘਟਾਉਣ ਲਈ ਰੈੱਡ ਮੀਟ ਅਤੇ ਰਾਜਮਾਂਹ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸੋਇਆਬੀਨ ਦਾ ਪਨੀਰ, ਸੀ ਫੂਡ, ਡੇਅਰੀ ਉਤਪਾਦ ਵਰਗੀਆਂ ਚੀਜ਼ਾਂ ਵਜ਼ਨ ਘਟਾਉਣ ਵਿਚ ਸਹਾਈ ਹੋ ਸਕਦੀਆਂ ਹਨ।
- ਅਨਾਨਾਸ ਦਾ ਸੇਵਨ ਕਰੋ।

### 'ਓ' ਬਲੱਡ ਗਰੁੱਪ

- ਇਸ ਗਰੁੱਪ ਦੇ ਲੋਕਾਂ ਨੂੰ ਹਾਈਪ੍ਰੋਟੀਨ ਡਾਈਟ ਲੈਣੀ ਚਾਹੀਦੀ ਹੈ।
- ਇਸ ਤੋਂ ਇਲਾਵਾ ਕਾਰਬੋਹਾਈਡ੍ਰੇਟ ਦੇ ਨਾਲ ਨਾਲ ਫ਼ਲ ਅਤੇ ਸਬਜ਼ੀਆਂ ਦਾ ਸੇਵਨ ਲਾਭਕਾਰੀ ਰਹਿੰਦਾ ਹੈ।
- ਰੈੱਡ ਮੀਟ, ਸੀ ਫੂਡ, ਪਾਲਕ, ਬ੍ਰੋਕੋਲੀ ਵਜ਼ਨ ਘਟਾਉਣ 'ਚ ਸਹਾਈ ਹੋ ਸਕਦੇ ਹਨ।
- ਵਜ਼ਨ 'ਤੇ ਕਾਬੂ ਰੱਖਣ ਲਈ ਕਣਕ, ਮਸਰ, ਗੋਭੀ, ਚਾਵਲ, ਸੇਮ, ਲੋਬੀਆ, ਦੁੱਧ ਦੇ ਪਦਾਰਥ ਅਤੇ ਸੁੱਕੇ ਮੇਵਿਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਇਸ ਗਰੁੱਪ ਦੇ ਲੋਕ ਮਾਸਾਹਾਰ ਵਿਚ ਰੈੱਡ ਮੀਟ, ਮੱਛੀ ਚਿਕਨ ਆਦਿ ਦਾ ਸੇਵਨ ਕਰ ਸਕਦੇ ਹਨ ਕਿਉਂਕਿ ਪੇਟ ਵਿਚ ਐਸਿਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਨ੍ਹਾਂ ਚੀਜ਼ਾਂ ਨੂੰ ਪਚਾਉਣ ਵਿਚ ਕੋਈ ਸਮੱਸਿਆ ਨਹੀਂ ਆਉਂਦੀ। •

# ਡਿਪਟੀ ਕਮਿਸ਼ਨਰ ਵੱਲੋਂ ਕੁਆਲਿਟੀ ਮਾਰਕੀਟਿੰਗ ਸੈਂਟਰ ’ਤੇ ਛਾਪਾ



**ਯਮੁਨਾਨਗਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਸੀ ਕੈਪਟਨ ਮਨੋਜ ਕੁਮਾਰ ਨੇ ਅੱਜ ਕੁਆਲਿਟੀ ਮਾਰਕੀਟਿੰਗ ਸੈਂਟਰ ’ਤੇ ਅਚਾਨਕ ਛਾਪਾ ਮਾਰਿਆ। ਇੱਥੇ ਕਰੋੜਾਂ ਰੁਪਏ ਦੀਆਂ ਖਸਤਾਹਾਲ ਮਸ਼ੀਨਾਂ ਦੇਖ ਕੇ ਉਹ ਹੈਰਾਨ ਰਹਿ ਗਏ। ਇਸ ਦੌਰਾਨ ਵਿਭਾਗ ਦੀ ਡਿਪਟੀ ਡਾਇਰੈਕਟਰ ਰੇਣੂ ਮਾਥੁਰ ਅਤੇ ਤਕਨੀਕੀ ਸਹਾਇਕ ਕੁਲਦੀਪ ਨੇ ਡਿਪਟੀ ਕਮਿਸ਼ਨਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਪਰ ਡੀਸੀ ਉਨ੍ਹਾਂ ਦੀਆਂ ਦਲੀਲਾਂ ਤੋਂ ਸੰਤੁਸ਼ਟ ਨਹੀਂ ਹੋਏ। ਡੀਸੀ ਨੇ ਆਪਣੀ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਇੱਥੋਂ ਦਾ ਸਿਸਟਮ ਠੀਕ ਨਹੀਂ ਹੈ। ਇਸ ਕੇਂਦਰ ਵਿੱਚ ਲੰਮੇ ਸਮੇਂ ਤੋਂ ਰੈਗੂਲਰ ਕੰਮ ਨਹੀਂ ਹੋ ਰਿਹਾ ਅਤੇ ਕਰੋੜਾਂ ਰੁਪਏ ਦੀ ਮਸ਼ੀਨਰੀ ਖਸਤਾ ਹਾਲਤ ਵਿੱਚ ਹੈ। ਵਿਭਾਗ ਦੇ ਬਾਇਲਰ ਵਿਭਾਗ ਵਿੱਚ ਤਕਨੀਕੀ ਮਾਹਿਰਾਂ ਦੀ ਮੌਜੂਦਗੀ ਦੀ ਥਾਂ ’ਤੇ ਸੇਵਾਦਾਰ ਪਾਏ ਗਏ। ਉਨ੍ਹਾਂ ਕਿਹਾ ਕਿ ਬਣਦੀ ਕਾਰਵਾਈ ਲਈ ਡਾਇਰੈਕਟਰ ਆਫ ਇੰਡਸਟਰੀ ਨੂੰ ਪੱਤਰ ਲਿਖਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਜ਼ਿਲ੍ਹੇ ਵਿੱਚ ਪਲਾਈਵੁੱਡ ਅਤੇ ਹੋਰ ਯੂਨਿਟਾਂ ਵਿੱਚ ਇੱਕ ਹਜ਼ਾਰ ਤੋਂ ਵੱਧ ਛੋਟੇ-ਵੱਡੇ ਬਾਇਲਰ ਹਨ ਜਿਨ੍ਹਾਂ ਵਿੱਚ ਕਈ ਹਾਦਸੇ ਵੀ ਵਾਪਰ ਚੁੱਕੇ ਹਨ। ਇੱਥੇ ਤਿੰਨ ਵਿਭਾਗ ਹਨ ਪਰ ਤਿੰਨਾਂ ਵਿੱਚ ਹੀ ਵਿਵਸਥਾ ਠੀਕ ਨਹੀਂ ਮਿਲੀ। ਜਗਾਧਰੀ ਬੱਸ ਸਟੈਂਡ ਦੇ ਸਾਹਮਣੇ ਕੁਆਲਿਟੀ ਮਾਰਕੀਟਿੰਗ ਦੀ ਖੰਡਰ ਇਮਾਰਤ ਵਿੱਚ ਟੈਕਨੀਕਲ, ਮਾਰਕੀਟਿੰਗ ਅਤੇ ਬਾਇਲਰ ਵਿਭਾਗ ਚੱਲਦੇ ਹਨ।

ਇਨ੍ਹਾਂ ਵਿਭਾਗਾਂ ਦੇ ਬਿਜਲੀ ਮੀਟਰ ਵੱਖਰੇ ਤੌਰ ’ਤੇ ਲਗਾਏ ਗਏ ਹਨ। ਡੀਸੀ ਨੇ ਮੌਕੇ ’ਤੇ ਸਿਰਫ਼ ਬਿਜਲੀ ਦੇ ਮੀਟਰ ਹੀ ਕੰਮ ਕਰਦੇ ਪਾਏ। ਹੋਰ ਮਸ਼ੀਨਾਂ ਚੱਲਣ ਦੀ ਹਾਲਤ ਵਿੱਚ ਨਹੀਂ ਸਨ। ਇੱਥੇ 17 ਮੁਲਾਜ਼ਮਾਂ ਦੀਆਂ ਅਸਾਮੀਆਂ ਹਨ ਪਰ ਚਾਰ ਤੋਂ ਪੰਜ ਮੁਲਾਜ਼ਮ ਮੌਕੇ ’ਤੇ ਤਾਇਨਾਤ ਹਨ। ਡਿਪਟੀ ਡਾਇਰੈਕਟਰ ਰੇਣੂ ਮਾਥੁਰ ਨੇ ਦੱਸਿਆ ਕਿ ਉਨ੍ਹਾਂ ਦੀ ਨਿਯੁਕਤੀ ਕਰੀਬ ਪੰਜ ਸਾਲ ਪਹਿਲਾਂ ਹੋਈ ਸੀ। ਇਸ ਇਮਾਰਤ ਨੂੰ ਸਾਲ 2010 ਵਿੱਚ ਕੰਡਮ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਡੀਸੀ ਸਾਹਮਣੇ ਮੰਨਿਆ ਕਿ ਮਸ਼ੀਨਾਂ ਵੀ ਕੰਡਮ ਹੋ ਗਈਆਂ ਹਨ। ਡੀਸੀ ਨੇ ਤਿੰਨਾਂ ਵਿਭਾਗਾਂ ਦੀਆਂ ਲੈਬਾਂ ਅਤੇ ਵਰਕਸ਼ਾਪਾਂ ਦਾ ਨਿਰੀਖਣ ਕੀਤਾ ਅਤੇ ਇੱਥੇ ਮਸ਼ੀਨਾਂ ਦੀ ਦੁਰਦਸ਼ਾ ਦੇਖ ਕੇ ਡਿਪਟੀ ਡਾਇਰੈਕਟਰ ਤੋਂ ਸਵਾਲ ਵੀ ਕੀਤੇ ਪਰ ਉਹ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕੇ।

ਡੀਸੀ ਨੇ ਲੈਬ ਵਿੱਚ ਪਹੁੰਚ ਕੇ ਤਕਨੀਕੀ ਮਾਹਿਰ ਤੋਂ ਇੱਥੇ ਚੱਲ ਰਹੇ ਕੰਮ ਬਾਰੇ ਜਾਣਕਾਰੀ ਲਈ। ਜ਼ਿਲ੍ਹੇ ਵਿੱਚ ਭਾਂਡਿਆਂ ਅਤੇ ਪਲਾਈ ਬੋਰਡ ਦਾ ਚੰਗਾ ਕਾਰੋਬਾਰ ਹੋਣ ਕਰਕੇ 2 ਏਕੜ ਵਿੱਚ ਕੁਆਲਿਟੀ ਮਾਰਕੀਟਿੰਗ ਸੈਂਟਰ ਇੱਥੇ 50 ਸਾਲ ਪਹਿਲਾਂ ਸਥਾਪਿਤ ਕੀਤਾ ਗਿਆ ਸੀ ਜਿਸ ਵਿੱਚ ਕਰੋੜਾਂ ਰੁਪਏ ਦੀਆਂ ਮਸ਼ੀਨਾਂ ਲਗਾਈਆਂ ਗਈਆਂ ਸਨ । ਇਸ ਸਮੇਂ ਜ਼ਿਆਦਾਤਰ ਮਸ਼ੀਨਾਂ ’ਤੇ ਧੂੜ ਜੰਮੀ ਹੋਈ ਹੈ। ਕੁੱਝ ਅਜਿਹੀਆਂ ਮਸ਼ੀਨਾਂ ਹਨ ਜਿਨ੍ਹਾਂ ਨਾਲ ਜਾਂਚ ਤੋਂ ਬਾਅਦ ਪਤਾ ਚਲਦਾ ਹੈ ਕਿ ਕਿਸੇ ਭਾਂਡੇ ’ਚ ਕਿਸ ਤਰ੍ਹਾਂ ਦੀਆਂ ਧਾਤਾਂ ਦੀ ਵਰਤੋਂ ਕੀਤੀ ਗਈ ਸੀ ਅਤੇ ਕਿੰਨੀ ਮਾਤਰਾ ਵਿੱਚ ਕਿਹੜੀ ਕਿਹੜੀ ਧਾਤ ਹੈ।

# ਖੱਟਰ ਵੱਲੋਂ 10 ਹਲਕਿਆਂ ਦੇ ਚੋਣ ਦਫ਼ਤਰਾਂ ਦਾ ਉਦਘਾਟਨ



**ਅੰਬਾਲਾ,2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਮਨੋਹਰ ਲਾਲ ਨੇ ਸੈਕਟਰ-9 ਵਿੱਚ ਸਥਿਤ ‘ਅੰਬ’ ਦਫ਼ਤਰ ਵਿੱਚ ਨਾਰੀਅਲ ਭੰਨ ਕੇ ਅਤੇ ਰਿਬਨ ਕੱਟ ਕੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ।

ਇਸ ਮੌਕੇ ਵਰਚੂਅਲ ਮਾਧਿਅਮ ਰਾਹੀਂ ਸੂਬੇ ਦੇ ਦਸ ਲੋਕ ਸਭਾ ਹਲਕਿਆਂ ਦੇ ਚੋਣ ਦਫ਼ਤਰਾਂ ਦਾ ਉਦਘਾਟਨ ਕੀਤਾ ਗਿਆ।

ਫਰੀਦਾਬਾਦ ਸਥਿਤ ਲੋਕ ਸਭਾ ਚੋਣ ਦਫ਼ਤਰ ਤੋਂ ਹਰਿਆਣਾ ਦੇ ਇੰਚਾਰਜ ਅਤੇ ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਵਿਪਲਵ ਦੇਵ ਕੁਮਾਰ ਅਤੇ ਕੁਰੂਕਸ਼ੇਤਰ ਵਿੱਚ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਤੇ ਸੰਸਦ ਮੈਂਬਰ ਨਾਇਬ ਸਿੰਘ ਸੈਣੀ ਪ੍ਰੋਗਰਾਮ ਨਾਲ ਜੁੜੇ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀਆਂ ਦਸਾਂ ਲੋਕ ਸਭਾ ਸੀਟਾਂ ਲਈ ਆਨਲਾਈਨ ਤਕਨੀਕ ਦਾ ਸਹਾਰਾ ਲੈਂਦਿਆਂ ਭਾਜਪਾ ਦੇ ਲੋਕ ਸਭਾ ਚੋਣ ਦਫ਼ਤਰਾਂ ਦਾ ਇੱਕੋ ਸਮੇਂ ਵਰਚੂਅਲ ਮਾਧਿਅਮ ਰਾਹੀਂ ਸਾਰੇ ਵਰਕਰਾਂ ਦੀ ਮੌਜੂਦਗੀ ਵਿੱਚ ਉਦਘਾਟਨ ਕਰ ਕੇ ਇਤਿਹਾਸ ਰਚਿਆ ਗਿਆ ਹੈ।ਇਸ ਮੌਕੇ ਜ਼ਿਲ੍ਹਾ ਪੰਚਕੂਲਾ, ਅੰਬਾਲਾ ਤੇ ਯਮੁਨਾਨਗਰ ਦੇ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਭ ਨੇ ਲੋਕ ਸਭਾ ਚੋਣਾਂ ਵਿੱਚ ਹਰਿਆਣਾ ਦੀਆਂ 10 ਦੀਆਂ 10 ਸੀਟਾਂ ਵੱਡੇ ਫ਼ਰਕ ਅਤੇ ਲੋਕਾਂ ਦੇ ਵਿਸ਼ਵਾਸ ਨਾਲ ਜਿੱਤ ਕੇ ਪ੍ਰਧਾਨ ਮੰਤਰੀ ਨੂੰ ਇੱਕ ਵਾਰ ਮੁੜ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਵਿੱਚ ਯੋਗਦਾਨ ਦੇਣਾ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਮਈ 2024 ਦੇ ਆਖ਼ਰੀ ਮਹੀਨੇ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿਚ ਭਾਜਪਾ ਦੀ ਤੀਜੀ ਵਾਰ ਸਰਕਾਰ ਬਣੇਗੀ ਤੇ ਸਾਲ 2047 ਤੱਕ ਭਾਰਤ ਵਿਕਸਿਤ ਰਾਸ਼ਟਰਾਂ ਦੀ ਸੂਚੀ ਵਿੱਚ ਸ਼ਾਮਲ ਹੋਵੇਗਾ।

# ਪੁਲਿਸ ਜ਼ਿਲ੍ਹਾ ਡੱਬਵਾਲੀ ਦਾ ਸੀਮਾ ਖੇਤਰ ਘਟਾਉਣ ਖ਼ਿਲਾ.ਫ ਵਕੀਲਾਂ ਵੱਲੋਂ ਹੜਤਾਲ



**ਡੱਬਵਾਲੀ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ’ਤੇ ਨੱਥ ਪਾਉਣ ਲਈ ਪੁਲੀਸ ਜ਼ਿਲ੍ਹਾ ਡੱਬਵਾਲੀ ਦੇ ਗਠਨ ਵੇਲੇ ਕਾਹਲੀਪੁਣੇ ’ਚ ਕੀਤੇ ਸੀਮਾ ਖੇਤਰ ਸਰਕਾਰ ਦੇ ਗਲੇ ਦੀ ਹੱਡੀ ਬਣਨ ਲੱਗਿਆ ਹੈ। ਸਰਕਾਰ ਨੇ ਸਿਰਸਾ ਬਾਰ ਐਸੋਸੀਏਸ਼ਨ ਦੇ ਵਕੀਲਾਂ ਦੇ ਵਿਰੋਧ ਕਰਕੇ ਰੋੜੀ ਤੇ ਬੜਾਗੁੜਾ ਥਾਣਿਆਂ ਨੂੰ ਪੁਲੀਸ ਜ਼ਿਲ੍ਹਾ ਡੱਬਵਾਲੀ ਨਾਲ ਕੱਢ ਕੇ ਮੁੜ ਜ਼ਿਲ੍ਹਾ ਸਿਰਸਾ ਪੁਲੀਸ ਨਾਲ ਜੋੜ ਦਿੱਤਾ ਹੈ। ਦੋਵੇਂ ਥਾਣਿਆਂ ਨੂੰ ਲਗਭਗ 716 ਮੁਕੱਦਮਿਆਂ ਵੀ ਸਿਰਸਾ ਅਦਾਲਤ ਵਿੱਚ ਵਾਪਸ ਚਲੇ ਗਏ ਹਨ। ਰੋੜੀ ਤੇ ਬੜਾਗੁੜਾ ਥਾਣਿਆਂ ਨੂੰ ਜ਼ਿਲ੍ਹਾ ਸਿਰਸਾ ਪੁਲੀਸ ਨਾਲ ਜੋੜਨ ਵਿਰੁੱਧ ਬਾਰ ਐਸੋਸੀਏਸ਼ਨ ਡੱਬਵਾਲੀ ਦੇ ਵਕੀਲ ਮੈਦਾਨ ’ਚ ਡਟ ਗਏ ਹਨ। ਵਕੀਲਾਂ ਨੇ ਇੱਕ ਹਫ਼ਤੇ ਦੀ ਕਲਮ ਛੋਡ ਹੜਤਾਲ ਸ਼ੁਰੂ ਕੀਤੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਪੁਲੀਸ ਜ਼ਿਲ੍ਹਾ ਡੱਬਵਾਲੀ ਦਾ ਸੀਮਾ ਖੇਤਰ ਵੀ ਘੱਟ ਗਿਆ ਹੈ। ਪੁਲੀਸ ਜ਼ਿਲ੍ਹੇ ਵਿੱਚ ਹੁਣ ਸਿਰਫ਼ ਚਾਰ ਪੁਲੀਸ ਥਾਣੇ ਸਿਟੀ ਡੱਬਵਾਲੀ, ਸਦਰ ਡੱਬਵਾਲੀ, ਥਾਣਾ ਔਢਾਂ ਅਤੇ ਸਿਟੀ ਕਾਲਾਂਵਾਲੀ ਬਾਕੀ ਬਚੇ ਹਨ। ਆਮ ਜਨਤਾ ਵਿੱਚ ਪੁਲੀਸ ਜ਼ਿਲ੍ਹੇ ਦੇ ਰੁਤਬੇ ਵਿੱਚ ਕਟੌਤੀ ਨਾਲ ਭਾਰੀ ਰੋਸ ਹੈ। ਬਾਰ ਐਸੋਸੀਏਸ਼ਨ ਡੱਬਵਾਲੀ ਦੇ ਪ੍ਰਧਾਨ ਪਵਨ ਸ਼ਰਮਾ ਨੇ ਕਿਹਾ ਕਿ ਪੁਲੀਸ ਜ਼ਿਲ੍ਹਾ ਤੋਂ ਰੋੜੀ ਅਤੇ ਬੜਾਗੁੜਾ ਥਾਣੇ ਨਾਲ ਗੂੜ੍ਹਾ ਸਬੰਧ ਹੈ। ਇਸ ਫੈਸਲੇ ਨਾਲ ਸਰਹੱਦੀ ਖੇਤਰ ਵਿੱਚ ਨਸ਼ਿਆਂ ’ਤੇ ਅੰਕੁਸ਼ ਲਗਾਉਣ ਦੀ ਕਵਾਇਦ ਵਿੱਚ ਅੜਿੱਕੇ ਆਉਣਗੇ।

ਵਕੀਲਾਂ ਨੇ ਕਿਹਾ ਕਿ ਦੋਵੇਂ ਥਾਣੇ ਮੁੜ ਪੁਲੀਸ ਜ਼ਿਲ੍ਹੇ ਨਾਲ ਜੋੜ ਕੇ ਡੱਬਵਾਲੀ ਅਦਾਲਤ ਵਿੱਚ ਕੇਸਾਂ ਦੀ ਸੁਣਵਾਈ ਯਕੀਨੀ ਬਣਾਈ ਜਾਵੇ। ਡੱਬਵਾਲੀ ਵਿੱਚ ਐਡੀਸ਼ਨਲ ਜ਼ਿਲ੍ਹਾ ਅਤੇ ਸ਼ੈਸਨ ਅਦਾਲਤ ਅਤੇ ਵਿਸ਼ੇਸ਼ ਐਨਡੀਪੀਐਸ ਅਦਾਲਤ ਸਥਾਪਤ ਕੀਤੀ ਜਾਵੇ। ਚੌਟਾਲਾ ਤੇ ਗੋਰੀਵਾਲਾ ਚੌਕੀਆਂ ਨੂੰ ਥਾਣਾ ਬਣਾ ਕੇ ਕਰੀਵਾਲਾ ਚੌਕੀ ਨੂੰ ਗੋਰੀਵਾਲਾ ਨਾਲ ਜੋੜਿਆ ਜਾਵੇ। ਵਕੀਲਾਂ ਨੇ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ ਸਰਕਾਰ ਨੇ ਉਕਤ ਫ਼ੈਸਲਾ ਵਾਪਸ ਨਹੀਂ ਲਿਆ ਤਾਂ ਉਹ ਸੰਘਰਸ਼ ਤੇਜ਼ ਕਰਨਗੇ।

ਵਿਧਾਇਕ ਅਮਿਤ ਸਿਹਾਗ ਡੱਬਵਾਲੀ ਬਾਰ ਐਸੋਸੀਏਸ਼ਨ ਦੇ ਵਕੀਲਾਂ ਦੀ ਹੜਤਾਲ ਨੂੰ ਹਮਾਇਤ ਦੇਣ ਪੁੱਜੇ। ਇਸ ਮੌਕੇ ਵਿਧਾਇਕ ਅਮਿਤ ਸਿਹਾਗ ਨੇ ਕਿਹਾ ਕਿ ਉਨ੍ਹਾਂ ਨਸ਼ਿਆਂ ’ਤੇ ਨੱਥ ਪਾਉਣ ਲਈ ਡੱਬਵਾਲੀ ਨੂੰ ਪੁਲੀਸ ਜ਼ਿਲ੍ਹਾ ਬਣਾਇਆ ਸੀ। ਉਨ੍ਹਾਂ ਡੱਬਵਾਲੀ ਦੇ ਵਕੀਲਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੇ ਵਿਸ਼ਵਾਸ ਦਿਵਾਇਆ ਕਿ ਉਹ ਵਕੀਲਾਂ ਦੇ ‘ਵਕੀਲ’ ਬਣ ਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਵਾਉਣ ਦੀ ਕੋਸ਼ਿਸ਼ ਕਰਨਗੇ।

# ਆਸ਼ੀਸ਼ ਤੇ ਕਨਿਕਾ ਨੇ ਪੋਸਟਰ ਮੁਕਾਬਲਾ ਜਿੱਤਿਆ

**ਯਮੁਨਾਨਗਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਖਾਲਸਾ ਕਾਲਜ ਦੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ, ਬਾਇਓਟੈਕ ਬਲੂਮ ਐਸੋਸੀਏਸ਼ਨ, ਲਿਨੀਅਸ ਐਸੋਸੀਏਸ਼ਨ ਆਫ ਬਾਟਨੀ ਅਤੇ ਹੋਰ ਕਲੱਬਾਂ ਨੇ ਸਾਂਝੇ ਤੌਰ ’ਤੇ ਵਿਸ਼ਵ ਕੋਹੜ ਦਿਵਸ ਮਨਾਇਆ ।



ਇਸ ਮੌਕੇ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ ਦਾ ਉਦਘਾਟਨ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ ਨੇ ਕੀਤਾ ਅਤੇ ਵਿਦਿਆਰਥੀਆਂ ਨੂੰ ਰੋਗ ਬਾਰੇ ਜਾਗਰੂਕ ਕੀਤਾ। ਜੱਜਾਂ ਦੀ ਭੂਮਿਕਾ ਡਾ. ਪ੍ਰਤਿਮਾ ਸ਼ਰਮਾ, ਡਾ. ਵਿਜੈ ਸ਼ਰਮਾ ਅਤੇ ਪ੍ਰੋਫੈਸਰ ਰਾਮ ਕੁਮਾਰ ਨੇ ਨਿਭਾਈ।

ਮੁਕਾਬਲੇ ਵਿੱਚ ਆਸ਼ੀਸ਼ ਅਤੇ ਕਨਿਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਨੈਨਸੀ, ਅਤੇ ਵਿਸ਼ਾਖਾ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ । ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ ਨੇ ਮੁਕਾਬਲਿਆਂ ਦੇ ਜੇਤੂਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਆਸ਼ਾ ਵਰਕਰਾਂ ਨੇ ਸਰਕਾਰੀ ਹਸਪਤਾਲ ਅੱਗੇ ਪ੍ਰਦਰਸ਼ਨ ਕਰਕੇ ਸੌਂਪਿਆ ਮੰਗ ਪੱਤਰ

**ਲੌਂਗੋਵਾਲ , 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫੈਸਲੀਟੇਟਰ ਅਤੇ ਆਸ਼ਾ ਵਰਕਰ ਨਿਰੋਲ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਚਰਨਜੀਤ ਕੌਰ ਦੁੱਗਾਂ ਅਗਵਾਈ ਹੇਠ ਅੱਜ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਆਪਣੀਆਂ ਮੰਗਾਂ ਸਬੰਧੀ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਅੱਗੇ ਜਬਰਦਸਤ ਪ੍ਰਦਰਸ਼ਨ ਕੀਤਾ ਅਤੇ ਆਪਣੀਆਂ ਡਿਮਾਂਡਾਂ ਸਬੰਧੀ ਹਸਪਤਾਲ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਕੌਰ ਦੁੱਗਾਂ ਨੇ ਦੱਸਿਆ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਦੀ ਸਕੀਮ ਕੇਂਦਰ ਦੀ ਹੈ ਪ੍ਰੰਤੂ ਕੇਦਰ ਸਰਕਾਰ ਆਸ਼ਾ ਵਰਕਰਾ ਅਤੇ ਫੈਸਿਲੀਟੇਟਰਾਂ ਨੂੰ ਨਿਗੂਣੇ ਭੱਤਿਆਂ ਤੇ ਸਿਹਤ ਵਿਭਾਗ ਵਿੱਚ ਅਨੇਕਾਂ ਹੀ ਕੰਮ ਆਨਲਾਈਨ ਅਤੇ ਆਫਲਾਇਨ ਕੰਮ ਕਰਵਾਉਣ ਬਦਲੇ ਸਿਰਫ ਅਤੇ ਸਿਰਫ ਇਨਸੈਟਿਵ ਹੀ ਦਿੰਦੇ ਹਨ ਜਦਕਿ ਇੰਨਾ ਜਿਆਦਾ ਕੰਮ ਹੋਣ ਦੇ ਬਾਵਜੂਦ ਵਰਕਰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਦੇ ਹਨ ਇਸ ਲਈ ਹਰ ਵਰਕਰ ਨੂੰ ਡੀਸੀ ਰੇਟ ਅਨੁਸਾਰ
ਮਿਨੀਮਮ ਵੇਜਿਜ 21000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ ਕਾਰਨ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਵਿੱਚ ਭਾਰੀ ਰੋਸ ਹੈ।

# ਤਰਕਸ਼ੀਲ ਆਗੂਆਂ ਖਿਲਾ.ਫ 295 ਏ ਦੇ ਕੇਸ ਨੂੰ ਫੌਰੀ ਰੱਦ ਕਰਨ ਦੀ ਮੰਗ



**ਸੰਗਰੂਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ, ਲੈਕਚਰਾਰ ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਨੇ ਪੰਜਾਬ ਪੁਲੀਸ ਵਲੋਂ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਅਤੇ ਤਰਕਸ਼ੀਲ ਚਿੰਤਕ ਅਤੇ ਲੇਖਕ ਸੁਰਜੀਤ ਦੌਧਰ ਦੇ ਖਿਲਾਫ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ 295 ਅਤੇ 295 ਏ ਤਹਿਤ ਕੇਸ ਦਰਜ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਗੈਰ ਜਮਹੂਰੀ ਕਾਰਵਾਈ ਨੂੰ ਹਿੰਦੂਤਵੀ ਸੰਗਠਨਾਂ ਦੇ ਦਬਾਅ ਹੇਠ ਤਰਕਸ਼ੀਲ ਕਾਰਕੁਨਾਂ , ਲੇਖਕਾਂ ਅਤੇ ਜਮਹੂਰੀ ਅਧਿਕਾਰਾਂ ਦੇ ਕਾਰਕੁਨਾਂ ਖਿਲਾਫ ਇਕ ਗਿਣੀ ਮਿੱਥੀ ਫ਼ਿਰਕੂ ਸਾਜਿਸ਼ ਦੱਸਿਆ ਹੈ ਅਤੇ ਦੋਵਾਂ ਆਗੂਆਂ ਦੇ ਖਿਲਾਫ ਦਰਜ ਕੇਸਾਂ ਨੂੰ ਬਿਨਾਂ ਸ਼ਰਤ ਫੌਰੀ ਰੱਦ ਕਰਨ ਦੀ ਜੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਪੰਜਾਬ ਦੀਆਂ ਸਮੁੱਚੀਆਂ ਤਰਕਸ਼ੀਲ, ਅਗਾਂਹਵਧੂ,ਜਮਹੂਰੀ ਅਤੇ ਇਨਸਾਫ਼ ਪਸੰਦ ਜਨਤਕ ਜੱਥੇਬੰਦੀਆਂ ਵੱਲੋਂ ਸਾਂਝੇ ਮੰਚ ਹੇਠ ਸਮੁੱਚੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਇਸ ਸਬੰਧੀ ਅੱਜ ਤਰਕਸ਼ੀਲ ਸੁਸਾਇਟੀ ਪੰਜਾਬ , ਜਮਹੂਰੀ ਅਧਿਕਾਰ ਸਭਾ, ਕਾਰਖਾਨਾ ਮਜ਼ਦੂਰ ਯੂਨੀਅਨ,ਨੌਜਵਾਨ ਭਾਰਤ ਸਭਾ, ਇਨਕਲਾਬੀ ਕੇਂਦਰ ਪੰਜਾਬ, ਪਲਸ ਮੰਚ, ਪ੍ਰਗਤੀਸ਼ੀਲ ਲੇਖਕ ਸੰਘ,ਆਲ ਇੰਡੀਆ ਕਿਸਾਨ ਫੈਡਰੇਸ਼ਨ,ਲੋਕ ਮੋਰਚਾ ਪੰਜਾਬ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਟਰੱਸਟ ਅਤੇ ਦੇਸ਼ ਬਚਾਓ ਮੰਚ ਆਦਿ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਦਾ ਇਕ ਵਫਦ ਲੁਧਿਆਣਾ ਦੇ ਪੁਲੀਸ ਕਮਿਸ਼ਨਰ ਨੂੰ ਮਿਲਿਆ ਅਤੇ ਤਰਕਸ਼ੀਲ ਚਿੰਤਕ ਸੁਰਜੀਤ ਦੌਧਰ ਦੇ ਖਿਲਾਫ ਪਰਚਾ ਰੱਦ ਕਰਨ ਅਤੇ ਗ੍ਰਿਫ਼ਤਾਰੀ ਉਤੇ ਰੋਕ ਲਾਉਣ ਦੀ ਮੰਗ ਕੀਤੀ। ਸਮੂਹ ਜੱਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਪੁਲੀਸ ਵਲੋਂ ਅਕਸਰ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਹੀ ਫ਼ਿਰਕੂ ਸੰਗਠਨਾਂ ਦੇ ਦਬਾਅ ਹੇਠ ਸਮਾਜ ਨੂੰ ਚੇਤਨ ਕਰਨ ਵਾਲੇ ਅਗਾਂਹਵਧੂ ਲੇਖਕਾਂ ,ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਖਿਲਾਫ ਧਾਰਾ 295 ਏ ਤਹਿਤ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਅਤੇ ਤਰਕਸ਼ੀਲ ਆਗੂਆਂ ਖਿਲਾਫ ਦਰਜ ਕੇਸ ਵੀ ਕੌਮੀ ਪੱਧਰ ਤੇ ਫ਼ਿਰਕੂ ਹਕੂਮਤਾਂ ਵਲੋਂ ਫ਼ਿਰਕੂ ਲਾਮਬੰਦੀ ਹੇਠ ਬੁੱਧੀਜੀਵੀਆਂ, ਲੇਖਕਾਂ,ਪੱਤਰਕਾਰਾਂ, ਵਕੀਲਾਂ ਅਤੇ ਤਰਕਸ਼ੀਲ ਸਮਾਜਿਕ ਕਾਰਕੁਨਾਂ ਦੀ ਕੀਤੀ ਜਾ ਰਹੀ ਜ਼ਬਾਨਬੰਦੀ ਦਾ ਹੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਦੀ ਅਜਿਹੀ ਕਾਰਵਾਈ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਮਿਲੇ ਨਾਗਰਿਕਾਂ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਸਿੱਧੀ ਉਲੰਘਣਾ ਹੈ । ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਤਹਿਤ ਹਰੇਕ ਨਾਗਰਿਕ ਨੂੰ ਵਿਗਿਆਨਕ ਸੋਚ ਦੇ ਪ੍ਰਚਾਰ ਪ੍ਰਸਾਰ ਦਾ ਮੌਲਿਕ ਫਰਜ਼ ਨਿਭਾਉਣ ਲਈ ਕਿਹਾ ਗਿਆ ਹੈ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁੰਨ ਪਿਛਲੇ ਚਾਰ ਦਹਾਕਿਆਂ ਤੋਂ ਇਸ ਸੰਵਿਧਾਨਕ ਫਰਜ਼ ਦੀ ਬਾਖੂਬੀ ਪਾਲਣਾ ਕਰ ਰਹੇ ਹਨ ਜੋਕਿ ਅੰਧ ਵਿਸ਼ਵਾਸ਼ ਅਤੇ ਫਿਰਕਾਪ੍ਰਸਤੀ ਫੈਲਾਉਣ ਵਾਲੀਆਂ ਫ਼ਿਰਕੂ ਤਾਕਤਾਂ ਨੂੰ ਮੰਜੂਰ ਨਹੀਂ ਹੈ।

295 ਏ ਦਾ ਗ਼ਲਤ ਇਸਤੇਮਾਲ ਕਰਕੇ ਅੰਧ ਵਿਸ਼ਵਾਸ਼ਾਂ, ਰੂੜੀਵਾਦ, ਬਾਬਾਵਾਦ ਅਤੇ ਫਿਰਕਾਪ੍ਰਸਤੀ ਦੇ ਖਿਲਾਫ ਵਿਗਿਆਨਕ ਵਿਚਾਰਧਾਰਾ ਰਾਹੀਂ ਸਮਾਜ ਨੂੰ ਚੇਤਨ ਕਰਨ ਵਾਲੇ ਤਰਕਸ਼ੀਲ ਅਤੇ ਜਮਹੂਰੀ ਅਧਿਕਾਰਾਂ ਦੇ ਸਮਾਜਿਕ ਕਾਰਕੁਨਾਂ ਉਤੇ ਜਾਣ ਬੁੱਝ ਕੇ ਝੂਠੇ ਕੇਸ ਦਰਜ ਕਰਵਾਏ ਜਾ ਰਹੇ ਹਨ ।

# ਪੁਲਿਸ ਵੱਲੋਂ ਦੋ ਚੋਰ ਗ੍ਰਿ.ਫਤਾਰ ਅਤੇ ਚੋਰੀ ਕੀਤਾ ਸਾਰਾ ਸਮਾਨ ਬਰਾਮਦ



**ਧਨੌਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਧਨੌਲਾ ਪੁਲਿਸ ਵੱਲੋਂ ਕੁੱਝ ਹੀ ਘੰਟਿਆਂ ਵਿੱਚ ਇਲੈਕਟ੍ਰੋਨਿਕਸ ਦੀ ਦੁਕਾਨ ਤੇ ਹੋਈ ਚੋਰੀ ਨੂੰ ਸੁਲਝਾ ਲਿਆ ਅਤੇ ਦੋ ਚੋਰਾਂ ਸਮੇਤ ਚੋਰੀ ਕੀਤਾ ਸਾਰਾ ਸਮਾਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ, ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਵ ਨਿਯੁਕਤ ਥਾਣਾ ਮੁੱਖੀ ਨਿਰਮਲਜੀਤ ਸਿੰਘ ਨੇ ਕਿਹਾ ਕਿ ਸ਼ਿਵਾ ਇਲੈਕਟ੍ਰੋਨਿਕਸ ਦੇ ਮਾਲਕ ਸੰਜੀਵ ਕੁਮਾਰ ਵੱਲੋਂ ਆਪਣੀ ਦੁਕਾਨ ਵਿੱਚੋ ਵਾਸ਼ਿੰਗ ਮਸ਼ੀਨ, ਏਸੀ ਸਮੇਤ ਹੋਰ ਸਾਮਾਨ ਚੋਰੀ ਹੋਣ ਦੀ ਦਰਖ਼ਾਸਤ ਦਿੱਤੀ ਗਈ ਸੀ.

ਜਿਸ ਦੇ ਆਧਾਰ ਤੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਸ੍ਰੀ ਸੰਦੀਪ ਮਲਿਕ ਆਈਪੀਐਸ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ ਐਸ ਪੀ ਸਬ ਡਵੀਜਨ ਬਰਨਾਲਾ ਸ੍ਰੀ ਸਤਵੀਰ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ ਸਹਾਇਕ ਥਾਣੇਦਾਰ ਨਿਰਮਲ ਸਿੰਘ ਸਮੇਤ ਮਹਿਲਾ ਸੀਨੀਅਰ ਸਿਪਾਹੀ ਅਮਰਜੀਤ ਕੌਰ,ਸਿਪਾਹੀ ਗੁਰਦੀਪ ਸਿੰਘ ਅਤੇ ਅਜੀਤ ਸਿੰਘ ਨੇ ਕਾਰਵਾਈ ਕਰਦੇ ਹੋਏ ਦੋ ਚੋਰਾਂ ਨੂੰ ਗਿਰਫ਼ਤਾਰ ਕੀਤਾ। ਗਿਰਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਹਿਚਾਣ ਸ਼ਿਕਾਇਤ ਕਰਤਾ ਦੀ ਦੁਕਾਨ ਤੇ ਲੱਗੇ ਮੁਲਾਜਮ ਸਾਜਨਦੀਪ ਸਿੰਘ, ਯਾਦਵਿੰਦਰ ਸਿੰਘ ਘੁੱਲਾ ਵਜੋਂ ਹੋਈ, ਜਿਨਾ ਦੇ ਕਬਜੇ ਵਿਚੋਂ ਚੋਰੀ ਕੀਤਾ ਸਾਰਾ ਸਮਾਨ 2 ਨਵੇਂ ਸਪਿਲਟ 13 ਡੇਢ ਟਨ, ਜਿਨਾਂ ਵਿੱਚੋਂ ਇੱਕ ਗੋਦਰੇਜ਼ ਅਤੇ ਇੱਕ ਹਾਇਰ ਕੰਪਨੀ ਦਾ ਹੈ 2 ∗7 ਕੰਪਨੀ ਦੀਆਂ ਨਵੀਆਂ ਵਾਸ਼ਿੰਗ ਮਸ਼ੀਨਾਂ,1ਹਾਇਰ ਕੰਪਨੀ ਦਾ ਨਵਾਂ ਮੈਕਰੋਵੇਵ, 3 ∗34 ਜਿਨਾਂ ਵਿੱਚੋਂ 1ਹਾਇਰ ਕੰਪਨੀ ਦੀ 32 ਇੰਚ, 1 ਸੈਮਸੰਗ ਕੰਪਨੀ ਦੀ 43 ਇੰਚ,1 ਯੂਕਾਮਾ ਕੰਪਨੀ ਦੀ 43 ਇੰਚ ਅਤੇ ਇੱਕ ਪ੍ਰੀਮੀਅਰ ਕੰਪਨੀ ਦਾ ਬਿਜਲੀ ਵਾਲਾ ਗੀਜਰ 25 ਲੀਟਰ ਬਰਾਮਦ ਕੀਤਾ ਜਿਨਾ ਖਿਲਾਫ ਮੁਕੱਦਮਾ ਨੰਬਰ 11 ਮਿਤੀ 28-01-2024 ਅ/ਧ 457,380,411, 9♦3 ਥਾਣਾ ਧਨੌਲਾ ਦਰਜ਼ ਰਜਿਸਟਰ ਕੀਤਾ ਗਿਆ .ਜਿਨਾ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ ਹੋਏ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਹੌਲਦਾਰ ਜਸਪਾਲ ਸਿੰਘ ਸਿੱਧੂ ਮੁਖ ਮੁਨਸ਼ੀ ਕਮਲ ਕਿਸ਼ੋਰ ਗੁਲਕਰਨਪ੍ਰੀਤ ਸਿੰਘ, ਮਹਿਲਾਂ ਸੀਨੀਅਰ ਸਿਪਾਹੀ ਅਮਰਜੀਤ ਕੌਰ ਹਾਜਰ ਸਨ.।

# ਪੰਜਾਬੀ ਯੂਨੀਵਰਸਿਟੀ ਵਿੱਚ ‘ਸਿੱਖ ਚਿੰਤਨ ਦੇ ਮੌਜੂਦਾ ਰੁਝਾਨ’ ਵਿਸ਼ੇ ਉੱਤੇ ਸੈਮੀਨਾਰ ਕਰਵਾਇਆ

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰੂ ਗੋਬਿੰਦ ਸਿੰਘ ਚੇਅਰ ਅਤੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵੱਲੋਂ ‘ਸਿੱਖ ਚਿੰਤਨ ਦੇ ਮੌਜੂਦਾ ਰੁਝਾਨ’ ਵਿਸ਼ੇ ਉੱਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਹ ਪ੍ਰੋਗਰਾਮ ਗੁਰ ਗਿਆਨ ਇੰਸਟੀਚੂਟ ਫ਼ਾਰ ਹਿਊਮਨ ਕਨਸਰਨ ਦੇ ਸਹਿਯੋਗ ਨਾਲ਼ ਕਰਵਾਇਆ ਗਿਆ।ਸੈਮੀਨਾਰ ਵਿੱਚ ਕੁੱਲ ਨੌਂ ਪਰਚੇ ਪੜ੍ਹੇ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਤੋਂ ਸਾਬਕਾ ਡੀਨ ਭਾਸ਼ਾਵਾਂ ਅਤੇ ਪ੍ਰੋਫ਼ੈਸਰ ਧਰਮ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸਿੱਖ ਸਿਧਾਂਤ ਬਾਰੇ ਗੱਲ ਕਰਦਿਆਂ ਇਸ ਸੈਮੀਨਾਰ ਵਿੱਚ ਸ਼ਾਮਿਲ ਹੋਏ ਸਾਰੇ ਪੇਪਰਾਂ ਦਾ ਮੁਲਾਂਕਣ ਕੀਤਾ। ਉਨ੍ਹਾਂ ਸਿੱਖ ਵਿਦਵਾਨਾਂ ਦੇ ਅਪ੍ਰਕਾਸਿ ?ਤ ਪੇਪਰਾਂ ਅਤੇ ਲਿਖਤਾਂ ਨੂੰ ਇਕੱਠੇ ਕਰ ਕੇ ਪ੍ਰਕਾਸਿ ?ਤ ਕਰਵਾਉਣ ਬਾਰੇ ਸੁਝਾਇਆ ਤਾਂ ਜੋ ਇਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਸਿੱਖ ਅਧਿਐਨ ਦੇ ਮੌਜੂਦਾ ਰੁਝਾਨ ਸੰਬੰਧੀ ਸਵਾਲਾਂ ਨੂੰ ਹੱਲ ਕਰਨਾ ਸੌਖਾ ਹੋਵੇ।

ਪ੍ਰੋਗਰਾਮ ਕੋਆਰਡੀਨੇਟਰ ਪ੍ਰੋ.ਗੁਰਮੀਤ ਸਿੰਘ ਨੇ ਵਿਸ਼ੇ ਬਾਰੇ ਜਾਣਕਾਰੀ ਦਿੰਦਿਆਂ ਚਿੰਤਨ ਅਤੇ ਸਿੱਖ ਚਿੰਤਨ ਦੇ ਇਤਿਹਾਸ ਦੇ ਹਵਾਲੇ ਨਾਲ਼ ਕੀਤੀ। ਉਨ੍ਹਾਂ ਸਿੱਖ ਚਿੰਤਨ ਦੇ ਸਰੂਪ ਅਤੇ ਇਸ ਉੱਤੇ ਪੈਣ ਵਾਲ਼ੇ ਪ੍ਰਭਾਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਧਾਰਮਿਕ ਖੇਤਰ ਦੇ ਚਿੰਤਨ ਦੀਆਂ ਆਪਣੀਆਂ ਵਿਸ਼ੇਸ਼ ਕਿਸਮ ਦੀਆਂ ਲੋੜਾਂ ਹੁੰਦੀਆਂ ਹਨ ਕਿਉਂ ਕਿ ਇਸ ਦੇ ਅਧੀਨ ਦੁਨਿਆਵੀ ਵਿਸਿ ?ਆਂ ਦੀ ਬਜਾਇ ਅਧਿਆਤਮਿਕ ਖੇਤਰਾਂ ਬਾਰੇ ਵਿਚਾਰ ਚਰਚਾ ਕਰਨੀ ਹੁੰਦੀ ਹੈ।ਵਾਈਸ ਚਾਂਸਲਰ ਪ੍ਰੋ.ਅਰਵਿੰਦ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਅੱਜ ਦੇ ਦੌਰ ਵਿੱਚ ਸਿੱਖ ਚਿੰਤਨ ਉੱਤੇ ਖੁੱਲ੍ਹ ਕੇ ਗੱਲ ਕਰਨ ਦੀ ਲੋੜ ਹੈ।

ਸਾਨੂੰ ਜਾਣਨਾ ਚਾਹੀਦਾ ਹੈ ਕਿ ਪਹਿਲਾਂ ਦੇ ਮੁਕਾਬਲੇ ਸਿੱਖ ਚਿੰਤਨ ਵਿੱਚ ਹੁਣ ਕਿਹੋ ਜਿਹੀਆਂ ਤਬਦੀਲੀਆਂ ਆਈਆਂ ਹਨ। ਉਨ੍ਹਾਂ ਕੁੱਝ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਉਹ ਉਮੀਦ ਕਰਨਗੇ ਕਿ ਸਿੱਖ ਚਿੰਤਨ ਅਤੇ ਸਿੱਖ ਪਰੰਪਰਾ ਦੇ ਆਪਸੀ ਸੰਬੰਧਾਂ ਨੂੰ ਅਧਾਰ ਬਣਾ ਕੇ ਵੀ ਗੱਲਬਾਤ ਕੀਤੀ ਜਾਵੇ। ਉਨ੍ਹਾਂ ‘ਜਪੁਜੀ ਸਾਹਿਬ ਜੀ’ ਦੇ ਹਵਾਲੇ ਨਾਲ਼ ਗੱਲ ਕਰਦਿਆਂ ਕਿਹਾ ਕਿ ਸਿੱਖ ਸਿਧਾਂਤ ਹਰ ਤਰ੍ਹਾਂ ਦੇ ਕੂੜ ਦੀ ਕੰਧ ਨੂੰ ਸਾਫ਼ ਕਰਨ ਦਾ ਨਾਮ ਹੈ।

ਸਵਾਗਤੀ ਸ਼ਬਦ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਦੇ ਮੁਖੀ ਡਾ.ਗੁਰਮੇਲ ਸਿੰਘ ਨੇ ਪੇਸ਼ ਕੀਤੇ। ਉਨ੍ਹਾਂ ਡਾ.ਤਾਰਨ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ ਬਾਰੇ ਖੋਜ ਪੱਤਰ ਵੀ ਪੜ੍ਹਿਆ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਕੀਤਾ। ਉਨ੍ਹਾਂ ਖੋਜ ਪੱਤਰ ਵੀ ਪੜ੍ਹਿਆ। ਪਰਚਾ ਲੇਖਕਾਂ ਵਿੱਚ ਤਜਿੰਦਰਪਾਲ ਸਿੰਘ, ਵਿਕਰਮਜੀਤ ਸਿੰਘ, ਡਾ.ਪਲਵਿੰਦਰ ਕੌਰ,ਰਵਿੰਦਰ ਸਿੰਘ, ਹਰਮੀਤ ਸਿੰਘ ਅਤੇ ਰੇਸ਼ਮ ਸਿੰਘ ਸ਼ਾਮਿਲ ਸਨ। ਸੈਮੀਨਾਰ ਵਿੱਚ ਡਾ.ਸੁਖਦਿਆਲ ਸਿੰਘੇ ਹਾਜ਼ਰ ਹੋਏ।

# 1 ਕਰੋੜ 17 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਵਾਟਰ ਸਪਲਾਈਜ ਨਾਲ ਤਿੰਨ ਪਿੰਡਾ ਦੇ ਲੋਕਾਂ ਨੂੰ ਮਿਲੇਗਾ ਸਾਫ ਪਾਣੀ



**ਪਠਾਨਕੋਟ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਵਾਰ ਫਿਰ ਮੈਨੂੰ ਅਪਣੇ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਵੱਖ ਵੱਖ ਪਿੰਡਾਂ ਦੇ ਵਿੱਚ ਆਉਂਣ ਦਾ ਮੋਕਾ ਮਿਲਿਆ ਹੈ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਕਨੋਰ ਅਤੇ ਮਾਜਰਾ ਵਿਖੇ ਲੱਖਾਂ ਰੁਪਏ ਖਰਚ ਕਰਕੇ ਵਾਟਰ ਸਪਲਾਈਆਂ ਲਗਾਈਆਂ ਗਈਆਂ ਹਨ ਜਿਨ੍ਹਾਂ ਦਾ ਸਿੱਧੇ ਤੋਰ ਤੇ ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਕਰੀਬ ਤਿੰਨ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮਿਲ ਸਕੇਗਾ।

ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਬਕਨੋਰ ਅਤੇ ਮਾਜਰਾ ਵਿਖੇ ਵਾਟਰ ਸਪਲਾਈਜ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਠਾਕੁਰ ਭੁਪਿੰਦਰ ਸਿੰਘ, ਪਰਸੋਤਮ ਲਾਲ, ਬਲਾਕ ਪ੍ਰਧਾਨ ਸੁਰਿੰਦਰ ਸਾਹ, ਰੋਮੀ ਸਲਾਰੀਆ, ਬਚਨ ਸਿੰਘ, ਰਾਜਾ ਬਕਨੋਰ, ਸੋਨੂੰ ਨਰਾਇਣਪੁਰ, ਰਾਜੂ, ਰਮਨ ਸੈਣੀ, ਰਾਧੇ ਸਿਆਮ, ਰਘੁਬੀਰ ਸਿੰਘ ਸਾਬਕਾ ਸਰਪੰਚ, ਦਲੀਪ ਕੁਮਾਰ ਸੈਣੀ, ਰਾਮ ਲੁਭਾਇਆ, ਪਰਦੀਪ ਸੈਣੀ, ਰਾਕੇਸ ਕੁਮਾਰ, ਅਸਵਨੀ ਵੈਦੋਚੱਕ, ਸੁਖਵਿੰਦਰ ਕੁਮਾਰ , ਬਲਵਿੰਦਰ ਸੈਣੀ, ਮੁਕੇਸ ਕੁਮਾਰ, ਦਰਸੀ ਸੈਣੀ, ਨਾਨਕ ਚੰਦ ਅਤੇ ਪਾਰਟੀ ਵਰਕਰ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਪਿੰਡ ਬਕਨੋਰ ਅਤੇ ਪਿੰਡ ਮਾਜਰਾ ਵਿਖੇ ਕਰੀਬ 1 ਕਰੋੜ 17 ਲੱਖ ਰੁਪਏ ਖਰਚ ਕਰਕੇ ਵਾਟਰ ਸਪਲਾਈਜ ਲਗਾਈਆਂ ਗਈਆਂ ਹਨ।

# ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਅਨੁਵਾਦ ਦੀ ਭੂਮਿਕਾ ਅਹਿਮ: ਮੂਲ ਚੰਦ ਸ਼ਰਮਾ

**ਸੰਗਰੂਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਂ ਬੋਲੀ ਦੇ ਪ੍ਰਚਾਰ-ਪ੍ਰਸਾਰ ਲਈ ਹੋਰਨਾਂ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਕੀਤੇ ਗਏ ਅਨੁਵਾਦ ਦੀ ਭੂਮਿਕਾ ਬੜੀ ਅਹਿਮ ਹੈ ਕਿਉਂਕਿ ਇਸ ਕਾਰਜ ਨਾਲ ਪੰਜਾਬੀ ਪਾਠਕਾਂ ਨੂੰ ਵੱਖ-ਵੱਖ ਭਾਸ਼ਾਵਾਂ ਅਤੇ ਦੇਸ਼ਾਂ ਦਾ ਸਾਹਿਤ ਪੜ੍ਹਨ ਨੂੰ ਮਿਲਦਾ ਹੈ। ਇਹ ਸ਼ਬਦ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਧਰਮਸ਼ਾਲਾ ਬਾਬਾ ਹਿੰਮਤ ਸਿੰਘ ਸੰਗਰੂਰ ਵਿਖੇ ਕਰਵਾਏ ਗਏ ਮਹੀਨਾਵਾਰ ਸਾਹਿਤਕ ਸਮਾਗਮ ਵਿੱਚ ਬੋਲਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਮੀਤ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਹੇ।

ਇਸ ਸਮਾਗਮ ਵਿੱਚ ਨਵਰੰਗ ਪਬਲੀਕੇਸ਼ਨ ਸਮਾਣਾ ਵੱਲੋਂ ਪ੍ਰਕਾਸ਼ਿਤ ਵਿਸ਼ਵ ਪ੍ਰਸਿੱਧ ਲੇਖਕ ਡੇਲ ਕਾਰਨੇਗੀ ਦੀ ਲਿਖੀ ਅਤੇ ਕਰਮ ਸਿੰਘ ਜ਼ਖ਼ਮੀ ਦੀ ਅਨੁਵਾਦ ਕੀਤੀ ਪੁਸਤਕ ‘ਲੋਕ ਵਿਹਾਰ’ ਲੋਕ ਅਰਪਣ ਕੀਤੀ ਗਈ। ਪੁਸਤਕ ਸਬੰਧੀ ਚਰਚਾ ਕਰਦਿਆਂ ਪ੍ਰੋ. ਹਰਦੀਪ ਸਿੰਘ ਨੇ ਕਿਹਾ ਕਿ ਹੋਰਨਾਂ ਭਾਸ਼ਾਵਾਂ ਵਿੱਚ ਲਿਖਿਆ ਗਿਆ ਸਾਹਿਤ ਪੰਜਾਬੀ ਪਾਠਕਾਂ ਲਈ ਮੁਹੱਈਆਂ ਕਰਵਾਉਣਾ ਬੇਹੱਦ ਮਹੱਤਵਪੂਰਨ ਅਤੇ ਸ਼ਲਾਘਾਯੋਗ ਕਾਰਜ ਹੈ। ਸਮਾਗਮ ਦੇ ਆਰੰਭ ਵਿੱਚ ਸਵਾਗਤੀ ਸ਼ਬਦ ਕਹਿੰਦਿਆਂ ਕਰਮ ਸਿੰਘ ਜ਼ਖ਼ਮੀ ਨੇ ਸਭਾ ਵੱਲੋਂ ਲੇਖਕ ਭਵਨ ਲਈ ਖਰੀਦੀ ਗਈ ਜਗ੍ਹਾ ਦੀ



ਰਜਿਸਟਰੀ ਹੋਣ ’ਤੇ ਹਾਜ਼ਰ ਸਾਹਿਤਕਾਰਾਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਬਹੁਤ ਛੇਤੀ ਲੇਖਕ ਭਵਨ ਦੀ ਉਸਾਰੀ ਦਾ ਕਾਰਜ ਵਿੱਢਿਆ ਜਾਵੇਗਾ।

ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਉੱਘੇ ਲੇਖਕਾਂ ਡਾ. ਚਰਨਜੀਤ ਸਿੰਘ ਉਡਾਰੀ ਅਤੇ ਮੇਜਰ ਸਿੰਘ ਰਾਜਗੜ੍ਹ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਵਿੱਚ ਧਾਰਾ 295-ਏ ਅਧੀਨ ਲੇਖਕਾਂ ’ਤੇ ਪਰਚੇ ਦਰਜ ਕਰਨ ਦਾ ਵਿਰੋਧ ਕੀਤਾ ਗਿਆ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਡਾਕਟਰ ਚਰਨਜੀਤ ਸਿੰਘ ਉਡਾਰੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸਾਹਿਤ, ਕਾਵਿ, ਧਾਰਮਿਕ, ਸਮਾਜਿਕ ਖੇਤਰ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾਕਟਰ ਉਡਾਰੀ ਸਾਹਿਤਕ ਖੇਤਰ ਦਾ ਖਜ਼ਾਨਾ ਸਨ। ਉਪਰੰਤ ਪੰਮੀ ਫੱਗੂਵਾਲੀਆ ਦੇ ਗੀਤ ਨਾਲ ਸ਼ੁਰੂ ਹੋਏ ਕਵੀ ਦਰਬਾਰ ਵਿੱਚ ਜਗਜੀਤ ਸਿੰਘ ਲੱਡਾ, ਲਾਭ ਸਿੰਘ ਝੱਮਟ, ਮੂਲ ਚੰਦ ਸ਼ਰਮਾ, ਰਜਿੰਦਰ ਸਿੰਘ ਰਾਜਨ, ਰਣਜੀਤ ਆਜ਼ਾਦ ਕਾਂਝਲਾ, ਗੁਰੀ ਚੰਦੜ, ਸੁਖਵਿੰਦਰ ਸਿੰਘ ਲੋਟੇ, ਕਰਮ ਸਿੰਘ ਜ਼ਖ਼ਮੀ, ਪਵਨ ਹੋਸ਼ੀ, ਚਰਨਜੀਤ ਸਿੰਘ ਮੀਮਸਾ, ਬਲਜੀਤ ਸਿੰਘ ਬਾਂਸਲ, ਪਰਮਜੀਤ ਕੌਰ ਸੇਖੂਪੁਰ, ਕੁਲਵੰਤ ਖਨੌਰੀ, ਡਾ.ਪਰਮਜੀਤ ਸਿੰਘ ਦਰਦੀ, ਪ੍ਰੋ. ਹਰਦੀਪ ਸਿੰਘ, ਸ਼ਿਵ ਕੁਮਾਰ ਅੰਬਾਲਵੀ, ਕੁਲਦੀਪ ਸਿੰਘ ਸਾਹਿਲ, ਦੀਪਿਕਾ ਸ਼ਰਮਾ, ਪੇਂਟਰ ਸੁਖਦੇਵ ਧੂਰੀ, ਜੰਗੀਰ ਸਿੰਘ ਰਤਨ, ਬਲਵੰਤ ਕੌਰ ਘਨੌਰੀ ਕਲਾਂ, ਜਤਿੰਦਰ ਸਿੰਘ, ਮਹਿੰਦਰਜੀਤ ਸਿੰਘ ਧੂਰੀ, ਮੱਖਣ ਸੇਖੂਵਾਸ, ਰਾਜਿੰਦਰ ਰਾਣੀ ਗੰਢੂਆਂ ਅਤੇ ਕੁਲਵਿੰਦਰ ਸਿੰਘ ਨਾਡੂ ਆਦਿ ਕਵੀਆਂ ਨੇ ਹਿੱਸਾ ਲਿਆ। ਅੰਤ ਵਿੱਚ ਫਰਵਰੀ ਮਹੀਨੇ ਦੇ ਸਾਹਿਤਕ ਸਮਾਗਮ ਦੀ ਸੂਚਨਾ ਦਿੰਦਿਆਂ ਰਜਿੰਦਰ ਸਿੰਘ ਰਾਜਨ ਨੇ ਸਾਰੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਅਤੇ ਕੁਲਵੰਤ ਖਨੌਰੀ ਨੇ ਸਾਂਝੇ ਰੂਪ ਵਿੱਚ ਬਾਖੂਬੀ ਨਿਭਾਈ।

# ਗਣਤੰਤਰ ਦਿਵਸ ਮੌਕੇ ਸਟਾ.ਫ ਨਰਸ ਕਮਰਜੀਤ ਕੌਰ ਨੂੰ ਸਨਮਾਨਿਤ



**ਬਠਿੰਡਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਕਮਿਊਨਿਟੀ ਹੈਲਥ ਸੈਂਟਰ ਭਗਤਾ ਭਾਈਕਾ ਦੇ ਦੋ ਮੁਲਾਜਮਾਂ ਨੂੰ, ਇਸ ਵਾਰੀ ਗਣਤੰਤਰ ਦਿਵਸ ਮੌਕੇ ਚੰਗੀ ਕਰਗੁਜਾਰੀ ਦਿਖਾਉਣ ਬਦਲੇ ਸਨਮਾਨਿਤ ਕੀਤਾ ਗਿਆ ਹੈ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੀਮਾ ਗੁਪਤਾ ਨੇ ਦੱਸਿਆ ਕਿ ਇਸ ਵਾਰੀ ਰਾਮਪੁਰਾ ਫੂਲ ਵਿਖੇ ਹੋਏ ਗਣਤੰਤਰ ਦਿਵਸ ਸਮਾਗਮ ਦੌਰਾਨ ਉਹਨਾਂ ਦੀ ਸੀ.ਐਚ.ਸੀ.ਵਿਖੇ ਸੇਵਾਵਾਂ ਨਿਭਾਅ ਰਹੇ ਦੋ ਮੁਲਾਜਮਾਂ ਨੂੰ ਚੰਗੀ ਕਾਰਗੁਜਾਰੀ ਦਿਖਾਉਣ ਬਦਲੇ ਸਨਮਾਨਿਤ ਕੀਤਾ ਗਿਆ ਹੈ । ਉਹਨਾਂ ਦੱਸਿਆ ਕਿ ਇਹ ਸਨਮਾਨ ਬਲਜੀਤ ਕੌਰ ਪੀ.ਸੀ.ਐਸ. ਉਪ-ਮੰਡਲ ਮੈਜਿਸਟਰੇਟ ਵੱਲੋਂ ਸਟਾਫ਼ ਨਰਸ ਕਰਮਜੀਤ ਕੌਰ ਨੂੰ ਐਮਰਜੈਂਸੀ ਡਿਊਟੀਆਂ ਦੌਰਾਨ ਡਲਿਵਰੀ ਕੇਸ, ਐਕਸੀਡੈਂਟ ਕੇਸਾਂ, ਇਲਾਜ਼ ਅਧੀਨ ਦਾਖ਼ਲ ਮਰੀਜ਼ਾਂ ਦੀ ਸਾਂਭ-ਸੰਭਾਲ ਕਰਨ, ਓਪਰੇਸ਼ਨ ਥੇਟਰ ਵਿੱਚ ਤਨਦੇਹੀ ਨਾਲ ਕੰਮ ਕਰਨ ਅਤੇ ਕਾਇਆ-ਕਲਪ ਮੁਹਿੰਮ ਵਿੱਚ ਪੂਰੀ ਮਿਹਨਤ ਕੀਤੀ ਜਾ ਰਹੀ ਹੈ । ਜਿਸ ਕਾਰਨ ਸਾਲ 2019 ਤੋਂ ਪੰਜ ਵਾਰ ਨਿਰੰਤਰ ਭਗਤਾ ਬਲਾਕ ਵੱਲੋਂ ਸਥਾਨ ਪ੍ਰਾਪਤ ਕੀਤਾ ਜਾ ਰਿਹਾ ਹੈ । ਇਸ ਮੁਹਿੰਮ ਅਧੀਨ ਲੰਘੇ ਮੁਕਾਬਲੇ ਦੌਰਾਨ ਭਗਤਾ ਬਲਾਕ ਪੰਜਾਬ ਭਰ ਵਿੱਚੋਂ ਸੱਤਵੇਂ ਸਥਾਨ ਤੇ ਆਇਆ ਹੈ । ਜਦੋਂ ਕਿ ਜਿਲ੍ਹਾ ਭਰ ਵਿੱਚੋਂ ਇਹ ਬਲਾਕ ਦੂਜੇ ਸਥਾਨ ਉਪਰ ਰਿਹਾ ਹੈ । ਇਸੇ ਤਰ੍ਹਾਂ ਹੀ ਬਲਾਕ ਵਿੱਚ ਬੀ.ਐਸ.ਏ.ਵਜੋਂ ਕੰਮ ਕਰ ਰਹੇ ਅਬਨੀਸ਼ ਕੁਮਾਰ ਨੂੰ ਵੀ ਇਸ ਵਾਰੀ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ ਹੈ । ਉਸ ਨੇ ਬਲਾਕ ਵਿੱਚ ਖ਼ੁਲੇ ਆਮ ਆਦਮੀ ਕਲੀਨਿਕਾਂ ਦੀ ਸੁਰੂਆਤ ਸਮੇਂ, ਨੈਸ਼ਨਲ ਪ੍ਰੋਗਰਾਮਾਂ ਸੀ.ਡੀ.ਆਰ.,ਐਮ.ਡੀ.ਆਰ. ਦਰ ਘੱਟ ਕਰਨ ਸਬੰਧੀ ਤਨਦੇਹੀ ਨਾਲ ਸੇਵਾਵਾਂ ਦਿੱਤੀਆ ਹਨ । ਕਮਿਊਨਿਟੀ ਹੈਲਥ ਸੈਂਟਰ ਭਗਤਾ ਦੇ ਮੁਲਾਜਮਾਂ ਨੂੰ ਸਨਮਾਨਿਤ ਕੀਤੇ ਜਾਣ ਕਾਰਕੇ ਸਮੂੰਹ ਸਟਾਫ਼ ਵਿੱਚ ਖ਼ੁਸ਼ੀ ਦਾ ਮਹੌਲ ਹੈ ।

## ਲੋਕ ਸਭਾ ਚੋਣਾਂ ਨੇੜੇ ਆਉਂਦੇ ਹੀ ਅਕਾਲੀ ਦਲ ਦੀਆਂ ਢੀਂਡਸਾ ਤੇ ਬੀਬੀ ਜਗੀਰ ਕੌਰ 'ਤੇ ਟਿਕੀਆਂ ਨਜਰਾਂ

ਚੰਡੀਗੜ੍ਹ 2 ਫਰਵਰੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪੰਥਕ ਆਗੂਆਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਪਾਰਟੀ ਦੀਆਂ ਨਜਰਾਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ



ਕੌਰ 'ਤੇ ਟਿਕੀਆਂ ਹੋਈਆਂ ਹਨ। ਹਾਲਾਂਕਿ ਦੋਵੇਂ ਆਗੂ ਇਸ ਵੇਲੇ ਦੁਚਿੱਤੀ 'ਚ ਹਨ ਅਤੇ ਆਖਰੀ ਫੈਸਲਾ ਲੈਣ ਲਈ ਸਮਾਂ ਲੈ ਰਹੇ ਹਨ। ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਪੰਜਾਬ 'ਚ ਇਕਜੁੱਟ ਮੋਰਚਾ ਬਣਾ ਕੇ ਮੁੜ ਸੁਰਜੀਤ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਪਾਰਟੀ ਦੋਹਾਂ ਆਗੂਆਂ ਦੀ ਉਡੀਕ ਕਰ ਰਹੀ ਹੈ। ਇਸ ਦੇ ਜਲਦ ਹੀ ਸਾਰਥਕ ਨਤੀਜੇ ਆਉਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਨੁਮਾਇੰਦੇ ਰੋਜਾਨਾ ਦੇ ਆਧਾਰ 'ਤੇ ਦੋਹਾਂ ਆਗੂਆਂ ਦੇ ਸੰਪਰਕ 'ਚ ਹਨ ਅਤੇ ਉਨ੍ਹਾਂ ਵੱਲੋਂ ਚੁੱਕੇ ਗਏ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ। ਸੁਖਦੇਵ ਸਿੰਘ ਢੀਂਡਸਾ ਚਾਹੁੰਦੇ ਹਨ ਕਿ ਪਾਰਟੀ ਪ੍ਰਧਾਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਾਲ 2015 'ਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫੀ ਮੰਗਣ, ਜਦੋਂ ਕਿ ਬੀਬੀ ਜਗੀਰ ਕੌਰ ਚਾਹੁੰਦੇ ਹਨ ਕਿ ਐੱਸ. ਜੀ. ਪੀ. ਪੀ. ਨੂੰ ਬਿਨਾਂ ਕਿਸੇ ਸਿਆਸੀ ਦਖਲ ਦੇ ਆਜਾਦ ਸੰਸਥਾ ਬਣਾਇਆ ਜਾਵੇ। ਹਾਲਾਂਕਿ ਪਾਰਟੀ ਨੂੰ ਉਮੀਦ ਹੈ ਕਿ ਦੋਵੇਂ ਆਗੂ 2 ਫਰਵਰੀ ਨੂੰ ਸ਼ੁਰੂ ਹੋਣ ਵਾਲੀ 'ਪੰਜਾਬ ਬਚਾਓ ਯਾਤਰਾ' ਤੋਂ ਪਹਿਲਾਂ ਅਕਾਲੀ ਦਲ 'ਚ ਵਾਪਸ ਆ ਜਾਣਗੇ। ਦੱਸਣਯੋਗ ਹੈ ਕਿ 40 ਦਿਨਾਂ ਦੀ ਉਕਤ ਯਾਤਰਾ ਦੌਰਾਨ ਅਕਾਲੀ ਦਲ ਨੇ 117 ਵਿਧਾਨ ਸਭਾ ਹਲਕਿਆਂ 'ਚੋਂ 40 ਹਲਕਿਆਂ ਨੂੰ ਕਵਰ ਕਰਨ ਦੀ ਯੋਜਨਾ ਬਣਾਈ ਹੈ।

## ਹੁਸ਼ਿਆਰਪੁਰ ਵਿਖੇ ਵਾਪਰਿਆ ਭਿਆਨਕ ਹਾਦਸਾ

ਹੁਸ਼ਿਆਰਪੁਰ/ਹਾਜੀਪੁਰ 2 ਫਰਵਰੀ। ਹਾਜੀਪੁਰ ਤੋਂ ਮੁਕੇਰੀਆਂ ਸੜਕ 'ਤੇ ਪੈਂਦੇ ਸ਼ਿਵ ਸ਼ਕਤੀ ਮੈਰਜ ਪੈਲਸ ਦੇ ਸਾਹਮਣੇ ਇਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਅਤੇ 2 ਲੋਕ ਗੰਭੀਰ ਜਖਮੀ ਹੋ ਗਏ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਇਕ ਕਾਰ ਨੂੰ ਸੂਰਜ ਪੁੱਤਰ ਮੋਹਨ ਲਾਲ ਵਾਸੀ ਹਾਜੀਪੁਰ ਚਲਾ ਰਿਹਾ ਸੀ ਅਤੇ ਉਸ ਕਾਰ 'ਚ ਦੋ ਹੋਰ ਲੋਕ ਸਵਾਰ ਸਨ ਕਾਰ ਹਾਜੀਪੁਰ ਤੋਂ ਮੁਕੇਰੀਆਂ ਵੱਲ ਜਾ ਰਹੀ ਸੀ। ਜਦੋਂ ਕਾਰ ਸ਼ਿਵ ਸ਼ਕਤੀ ਮੈਰਜ ਪੈਲਸ ਦੇ ਸਾਹਮਣੇ ਪੁਜੀ ਤਾਂ ਕਾਰ ਬੇਕਾਬੂ ਹੋ ਕੇ ਦੂਜੀ ਸਾਈਡ ਸਫੈਦੇ ਦੇ ਦਰੱਖਤ ਨਾਲ ਜਾ ਟਕਰਾਈ ਹਾਦਸਾ ਇੰਨਾ ਜਬਰਦਸਤ ਸੀ ਕਿ ਕਾਰ ਪੂਰੀ ਤਰਾਂ ਚਕਨਾਚੂਰ ਹੋ ਗਈ ਕਾਰ 'ਚ ਸਵਾਰ ਲੋਕਾਂ ਨੂੰ ਬੜੀ ਮੁਸ਼ਕਿਲ ਨਾਲ ਕਾਰ ਚੋਂ ਦਰਵਾਜੇ ਤੋੜ ਕੇ ਬਾਹਰ ਕਢਿਆ ਗਿਆ ਇਕ ਜਖਮੀ ਸੂਰਜ ਨੂੰ ਹਾਜੀਪੁਰ ਦੇ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ

# ਸੇਵਾ ਮੁਕਤ ਹੋਣ ਵਾਲੇ ਭਾਰਤੀ ਰਾਜਦੂਤ ਤਰਨਜੀਤ ਸੰਧੂ ਭਾਜਪਾ ਤੋਂ ਸ਼ੁਰੂ ਕਰ ਸਕਦੇ ਨੇ ਸਿਆਸੀ ਸਫਰ

ਕਿਸ਼ਨ ਪਾਲ

ਚੰਡੀਗੜ੍ਹ 2 ਫਰਵਰੀ। 2 ਫਰਵਰੀ ਨੂੰ ਸੇਵਾ ਮੁਕਤ ਹੋ ਰਹੇ ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ ਪਾਰਟੀ ਤੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕਰ ਸਕਦੇ ਹਨ। ਇਥੇ ਦੱਸ ਦੇਈਏ ਕਿ ਸਾਲ 1988 ਬੈਚ ਦੇ ਭਾਰਤੀ ਵਿਦੇਸ਼ ਸੇਵਾ (ਆਈ. ਐੱਫ. ਐੱਸ) ਅਧਿਕਾਰੀ ਸੰਧੂ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਭਾਜਪਾ ਨੂੰ ਅੰਮ੍ਰਿਤਸਰ ਲੋਕ ਸਭਾ ਸੀਟ ਲਈ ਇਕ ਸਿੱਖ ਚਿਹਰੇ ਦੀ ਭਾਲ ਹੈ। ਭਾਜਪਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਤਰਨਜੀਤ ਸੰਧੂ ਨੂੰ ਅੰਮ੍ਰਿਤਸਰ ਤੋਂ ਉਤਾਰ ਸਕਦੀ ਹੈ। ਸੰਧੂ ਦਾ ਅਕਸ ਨਾ ਸਿਰਫ਼ ਸਾਫ਼-ਸੁਥਰਾ ਹੈ ਸਗੋਂ ਉਹ ਇਕ ਮਸ਼ਹੂਰ ਰਾਜਦੂਤ ਵੀ ਹਨ। ਅਮਰੀਕਾ 'ਚ ਸੰਧੂ ਨੂੰ ਇਕ ਰੌਕ ਸਟਾਰ ਵਾਂਗ ਵਿਦਾਈ ਮਿਲ ਰਹੀ ਹੈ। ਬ੍ਰਿਟਿਸ਼ ਗਾਇਕ ਐਲਟਨ ਜਾਨ ਨੇ ਆਪਣੀ ਵਿਦਾਈ ਲਈ ਕਰੀਬ 340 ਸ਼ੋਅ ਕੀਤੇ ਸਨ। ਸੰਧੂ ਦਾ ਵਿਦਾਈ ਸਮਾਗਮ ਬ੍ਰਿਟਿਸ਼ ਗਾਇਕ ਦੀ ਫੇਅਰਵੈੱਲ ਯੈਲੋ ਬ੍ਰਿਕ ਰੋਡ ਨੂੰ ਟੱਕਰ ਦੇ ਸਕਦਾ ਹੈ। ਜ਼ਿਕਰਯੋਗ ਹੈ ਕਿ ਸਾਲ 1997 'ਚ ਵਾਸ਼ਿੰਗਟਨ ਡੀ. ਸੀ. ਦੀ ਅੰਬੈਸੀ 'ਚ ਫਸਟ ਸੈਕਟਰੀ ਦੇ ਰੂਪ 'ਚ ਸ਼ੁਰੂਆਤ ਕਰਨ ਵਾਲੇ ਸੰਧੂ ਦਾ ਅਮਰੀਕਾ 'ਚ ਚੌਥਾ ਕਾਰਜਕਾਲ ਹੈ। ਉਨ੍ਹਾਂ ਦੇ ਪ੍ਰਵਾਸੀ ਭਾਰਤੀਆਂ ਨਾਲ ਚੰਗੇ ਸੰਬੰਧ ਵੀ ਹਨ। ਭਾਜਪਾ ਸੰਧੂ ਦੇ ਸੇਵਾਮੁਕਤ ਹੋਣ ਦੀ ਉਡੀਕ ਕਰ ਰਹੀ ਸੀ। ਇਸ ਗੱਲ ਦੀ ਪੁਸ਼ਟੀ ਪਾਰਟੀ ਦੇ ਰਾਸ਼ਟਰੀ ਪੱਧਰ ਦੇ ਇਕ ਨੇਤਾ ਵੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸੰਧੂ ਭਾਜਪਾ ਤੋਂ ਆਪਣੀ ਸਿਆਸੀ ਪਾਰੀ ਦੀ ਸ਼ੁਰੂਆਤ ਕਰਨ। ਤਰਨਜੀਤ ਸਿੰਘ ਸੰਧੂ ਦਰਅਸਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀ ਮੈਂਬਰ ਅਤੇ ਗੁਰਦੁਆਰਾ ਸੁਧਾਰ ਲਹਿਰ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਉੱਘੇ ਆਜਾਦੀ ਘੁਲਾਟੀਏ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਹਨ। ਉਨ੍ਹਾਂ ਦੇ ਪਿਤਾ ਬਿਸਨ ਸਿੰਘ ਸਮੁੰਦਰੀ ਅੰਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬਾਨੀ ਵਾਈਸ-ਚਾਂਸਲਰ ਰਹੇ ਸਨ।



ਤਰਨਜੀਤ ਸਿੰਘ ਸੰਧੂ ਹੁਰਾਂ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਅਮਰੀਕਾ ਦੇ ਤਤਕਾਲੀ ਰਾਸਟਰਪਤੀ ਜਾਰਜ ਵਾਕਰ ਬੁਸ ਵਿਚਾਲੇ ਨੇੜਤਾ ਲਿਆਉਣ ਲਈ ਵੱਡੀ ਭੂਮਿਕਾ ਨਿਭਾਈ ਸੀ। ਇਸੇ ਲਈ ਉਨ੍ਹਾਂ ਨੂੰ ਅਮਰੀਕਾ ਅਤੇ ਭਾਰਤ ਵਿਚਾਲੇ ਸੰਬੰਧ ਹੋਰ ਮਜਬੂਤ ਕਰਨ ਵਾਲਾ ਮੋਹਰੀ ਵੀ ਆਖਿਆ ਜਾਂਦਾ ਹੈ। ਉਨ੍ਹਾਂ ਦੀ ਪਤਨੀ ਰੀਨਾ ਸੰਧੂ ਵੀ ਭਾਰਤੀ ਵਿਦੇਸ ਸੇਵਾ ਨਾਲ ਜੁੜੇ ਹੋਏ ਹਨ। ਉਹ ਅਮਰੀਕਾ 'ਚ ਭਾਰਤੀ ਸਫਾਰਤਖਾਨੇ ਦੇ ਕਮਰਸੀਅਲ ਆਫੀਸਰ ਵਜੋਂ ਵਿਚਰਦੇ ਰਹੇ ਹਨ। ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਤੋਂ ਬਾਅਦ ਅੰਮ੍ਰਿਤਸਰ ਸੀਟ 'ਤੇ ਭਾਜਪਾ ਨੂੰ ਜਿੱਤ ਨਹੀਂ ਮਿਲ ਸਕੀ ਹੈ। ਸਿੱਧੂ ਅੰਮ੍ਰਿਤਸਰ ਸੀਟ ਤੋਂ ਲਗਾਤਾਰ ਦੋ ਵਾਰ ਲੋਕ ਸਭਾ ਚੋਣਾਂ ਅਤੇ ਇਕ ਵਾਰ ਜ਼ਿਮਨੀ ਚੋਣ ਜਿੱਤੇ ਸਨ। ਉਸ ਤੋਂ ਬਾਅਦ ਭਾਜਪਾ ਨੂੰ ਇਸ ਸੀਟ 'ਤੇ ਲਗਾਤਾਰ ਹਾਰ ਹੀ ਮਿਲ ਰਹੀ ਹੈ। ਸਾਲ 2014 'ਚ ਭਾਜਪਾ ਨੇ ਆਪਣੇ ਕੱਦਾਵਰ ਨੇਤਾ ਅਰੁਣ ਜੇਤਲੀ ਨੂੰ ਚੋਣ ਮੈਦਾਨ 'ਚ ਉਤਾਰਿਆ ਸੀ ਪਰ ਉਹ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਤੋਂ ਹਾਰ ਗਏ ਸਨ। ਸਾਲ 2019 'ਚ ਪਾਰਟੀ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਚੋਣ ਮੈਦਾਨ 'ਚ ਉਤਾਰਿਆ ਸੀ ਪਰ ਉਨ੍ਹਾਂ ਨੂੰ ਵੀ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਵਿਸ਼ੇਸ਼ ਗੱਲ ਇਹ ਹੈ ਕਿ ਹਰਦੀਪ ਸਿੰਘ ਪੁਰੀ ਵੀ ਭਾਰਤੀ ਵਿਦੇਸ਼ ਸੇਵਾ ਤੋਂ ਸੇਵਾਮੁਕਤ ਹੋਏ ਸਨ। ਭਾਜਪਾ ਦੀ ਹਾਰ ਪਿੱਛੇ ਸਭ ਤੋਂ ਵੱਡਾ ਕਾਰਨ ਬਾਹਰੋਂ ਲਿਆਂਦੇ ਗਏ ਨੇਤਾ ਰਹੇ ਹਨ। ਜੇਤਲੀ ਅਤੇ ਪੁਰੀ ਦਾ ਪੰਜਾਬ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ। ਇਹੀ ਕਾਰਨ ਹੈ ਕਿ ਭਾਜਪਾ ਨੂੰ ਸਥਾਨਕ ਚਿਹਰਿਆਂ ਦੀ ਭਾਲ ਹੈ। ਇਸ ਹਾਲਤ 'ਚ ਪਾਰਟੀ ਦੀ ਨਜ਼ਰ ਸੰਧੂ 'ਤੇ ਟਿਕੀ ਹੋਈ ਹੈ ਕਿਉਂਕਿ ਸੰਧੂ ਦੇ ਐੱਨ. ਆਰ. ਆਈਜ਼. ਨਾਲ ਚੰਗੇ ਸੰਬੰਧ ਹਨ ਅਤੇ ਬਤੌਰ ਰਾਜਦੂਤ ਉਨ੍ਹਾਂ ਦਾ ਅਕਸ ਵੀ ਚੰਗਾ ਰਿਹਾ ਹੈ।

## ਭਾਰਤ ਦੀ 41 ਫੀਸਦੀ ਆਬਾਦੀ ਖਾਣਾ ਬਣਾਉਣ ਲਈ ਅਜੇ ਵੀ ਜੈਵਿਕ ਬਾਲਣ 'ਤੇ ਨਿਰਭਰ

ਨਵੀਂ ਦਿੱਲੀ 2 ਫਰਵਰੀ। ਭਾਰਤ ਦੀ 41 ਫੀਸਦੀ ਆਬਾਦੀ ਅਜੇ ਵੀ ਖਾਣਾ ਬਣਾਉਣ ਦੇ ਈਂਧਣ ਵਜੋਂ ਲੱਕੜੀ, ਪਾਥੀਆਂ ਜਾਂ ਹੋਰ ਜੈਵਿਕ ਬਾਲਣ ਨੂੰ ਵਰਤਦੀ ਹੈ ਅਤੇ ਇਸ ਨਾਲ ਹਰ ਸਾਲ ਵਾਤਾਵਰਣ ਵਿਚ 34 ਕਰੋੜ ਟਨ ਕਾਰਬਨ ਡਾਇਆਕਸਾਈਡ ਦਾ ਨਿਕਾਸੀਲ ਹੁੰਦੀ ਹੈ, ਜੋ ਭਾਰਤ ਦੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦਾ ਲਗਭਗ 13 ਫੀਸਦੀ ਹੈ। ਇਕ ਨਵੀਂ ਰਿਪੋਰਟ ਵਿਚ ਇਹ ਕਿਹਾ ਗਿਆ ਹੈ। ਸੁਤੰਤਰ ਥਿੰਕ ਟੈਂਕ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ (ਸੀ. ਐੱਸ. ਈ.) ਦੀ ਰਿਪੋਰਟ 'ਭਾਰਤ ਦੀ ਈ-ਕੁਕਿੰਗ ਵੱਲ ਤਬਦੀਲੀ' ਵਿਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਨਾਲ ਭਾਰਤ ਵਿਚ ਐੱਲ. ਪੀ. ਜੀ. ਗੈਸ ਤੱਕ ਪਹੁੰਚ ਦੇ ਵਿਸਤਾਰ ਵਿਚ ਤੇਜੀ ਆਈ ਪਰ ਇਸ ਨਾਲ ਇਹ ਯਕੀਨੀ ਨਹੀਂ ਹੋਇਆ ਕਿ ਲਾਭਪਾਤਰੀ ਪਰਿਵਾਰ ਖਾਣਾ ਬਣਾਉਣ 'ਚ ਸਾਫ ਈਂਧਣ ਦੀ ਵਰਤੋਂ ਹੀ ਜਾਰੀ ਰਹੇ। ਦੁਨੀਆ ਦੀ ਲਗਭਗ ਇਕ ਤਿਹਾਈ ਆਬਾਦੀ (ਭਾਰਤ ਵਿਚ 500 ਮਿਲੀਅਨ ਲੋਕਾਂ ਸਮੇਤ) ਕੋਲ ਅਜੇ ਵੀ ਖਾਣਾ ਬਣਾਉਣ ਵਾਲੇ ਬਾਲਣ ਤੱਕ ਪਹੁੰਚ ਨਹੀਂ ਹੈ। ਇਸ ਨਾਲ ਆਰਥਿਕਤਾ, ਜਨਤਕ ਸਿਹਤ ਅਤੇ ਵਾਤਾਵਰਣ ਨੂੰ ਬੇਹਿਸਾਬ ਨੁਕਸਾਨ ਹੁੰਦਾ ਹੈ। ਰਿਪੋਰਟ 'ਚ ਪਹਿਲਾਂ ਦੀ ਖੋਜ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਦੁਨੀਆ ਭਰ 'ਚ ਅੰਦਾਜਨ 30 ਲੱਖ ਲੋਕਾਂ ਦੀ ਮੌਤ (ਭਾਰਤ 'ਚ 6 ਲੱਖ ਲੋਕਾਂ ਸਮੇਤ) ਹਰ ਸਾਲ ਘਰ ਦੇ ਅੰਦਰ ਹਵਾ ਪ੍ਰਦੂਸਣ ਕਾਰਨ ਹੋ ਜਾਂਦੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਮੌਤਾਂ ਖਾਣਾ ਬਣਾਉਣ ਵਿਚ ਲੱਕੜ ਦੀ ਵਰਤੋਂ ਕਾਰਨ ਹੁੰਦੀਆਂ ਹਨ।

## ਸਿਗਰਟ ਪੀਣ 'ਤੇ ਹੋਈ ਬਹਿਸ ਨੇ ਧਾਰਿਆ ਖੂਨੀ ਰੂਪ, ਨੌਜਵਾਨ ਨੂੰ ਡੰਡਿਆਂ ਤੇ ਤਲਵਾਰਾਂ ਨਾਲ ਕੀਤਾ ਲਹੂ-ਲੁਹਾਨ

ਏਜੰਸੀਆਂ

ਚੰਡੀਗੜ੍ਹ 2 ਫਰਵਰੀ। ਸਿਗਰਟ ਪੀਣ ਨੂੰ ਲੈ ਕੇ ਸੈਕਟਰ-16 ਸਥਿਤ ਜੁਮੇਰਾਹ ਰੈਸਟੋਰੈਂਟ ਵਿਚ ਗਾਹਕ ਅਤੇ ਰੈਸਟੋਰੈਂਟ ਸਟਾਫ਼ ਵਿਚਕਾਰ ਤਿੱਖੀ ਬਹਿਸ ਹੋ ਜਾਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਦੌਰਾਨ ਸਟਾਫ਼ ਨੇ ਨਿਊ ਚੰਡੀਗੜ੍ਹ ਵਾਸੀ ਸੁਮਿਤ ਮਹਿਰਾ ਨਾਲ ਕੁੱਟਮਾਰ ਕਰ ਕੇ ਲਹੂ-ਲੁਹਾਨ ਕਰ ਦਿੱਤਾ। ਸੁਮਿਤ ਮਹਿਰਾ ਦੇ ਸਿਰ ਵਿਚ 10 ਅਤੇ ਪਿੱਠ ਵਿਚ ਪੰਜ ਟਾਂਕੇ ਲੱਗੇ ਹਨ। ਉਸ ਦੇ ਦੋਸਤਾਂ ਨੇ ਉਸ ਨੂੰ ਲਹੂ-ਲੁਹਾਨ ਹਾਲਤ ਵਿਚ ਸੈਕਟਰ-16 ਦੇ ਜਨਰਲ ਹਸਪਤਾਲ ਵਿਚ ਦਾਖਲ ਕਰਵਾਇਆ ਸੀ। ਜ਼ਖ਼ਮੀ ਸੁਮਿਤ ਮਹਿਰਾ ਨੇ ਰੈਸਟੋਰੈਂਟ ਵਿਚ ਹੁੱਕਾ ਪਰੋਸਣ ਅਤੇ ਸਟਾਫ਼ ਵਲੋਂ ਕੁੱਟਮਾਰ ਕਰਨ ਦੀ ਸ਼ਿਕਾਇਤ ਸੈਕਟਰ-17 ਥਾਣਾ ਪੁਲਸ ਨੂੰ ਦਿੱਤੀ ਹੈ। ਪੁਲਸ ਨੇ ਹਸਪਤਾਲ ਵਿਚ ਬਿਆਨ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਨਿਊ ਚੰਡੀਗੜ੍ਹ ਵਾਸੀ ਪੂਜਾ ਨੇ ਦੱਸਿਆ ਕਿ ਉਸ ਦਾ ਪਤੀ ਸੁਮਿਤ ਮਹਿਰਾ ਆਪਣੇ ਦੋ ਦੋਸਤਾਂ ਆਦਰਸ਼ ਅਤੇ ਹੈਪੀ ਨਾਲ ਡਿਨਰ ਕਰਨ ਸੈਕਟਰ-16 ਸਥਿਤ ਜੁਮੇਰਾਹ ਰੈਸਟੋਰੈਂਟ ਵਿਚ ਗਿਆ ਸੀ। ਪਤੀ ਨੇ ਘਰ ਵਿਚ ਸ਼ਰਾਬ ਪੀਤੀ ਸੀ। ਜਦੋਂ ਉਹ ਰੈਸਟੋਰੈਂਟ ਪਹੁੰਚੇ ਤਾਂ ਦੇਖਿਆ ਕਿ ਉੱਥੇ ਸ਼ਰੇਆਮ ਹੁੱਕਾ ਪਰੋਸਿਆ ਜਾ ਰਿਹਾ ਸੀ। ਜਦੋਂ ਸੁਮਿਤ ਨੇ ਉੱਥੋਂ ਦੇ ਸਟਾਫ ਤੋਂ ਸਿਗਰਟ ਪੀਣ ਬਾਰੇ ਪੁੱਛਿਆ ਤਾਂ ਸਟਾਫ਼ ਨੇ ਮਨ੍ਹਾ ਕਰ ਦਿੱਤਾ ਅਤੇ ਕਿਹਾ ਕਿ ਅੰਦਰ ਸਿਗਰਟ ਨਹੀਂ ਪੀ ਸਕਦੇ, ਬਾਹਰ ਜਾ ਕੇ ਪੀ ਸਕਦੇ ਹੋ। ਉਨ੍ਹਾਂ ਕਿਹਾ ਕਿ ਜੇਕਰ ਇੱਥੇ ਹੁੱਕਾ ਪਰੋਸਿਆ ਜਾ ਸਕਦਾ ਹੈ ਤਾਂ ਸਿਗਰਟ ਪੀਣ ਵਿਚ ਕੀ ਪ੍ਰੇਸ਼ਾਨੀ ਹੈ। ਇਸ ਗੱਲ ਨੂੰ ਲੈ ਕੇ ਸੁਮਿਤ ਮਹਿਰਾ ਨਾਲ ਰੈਸਟੋਰੈਂਟ ਦਾ ਕਰਮਚਾਰੀ ਬਹਿਸ ਕਰਨ ਲੱਗਾ। ਸੁਮਿਤ ਮਹਿਰਾ ਨੇ ਦੋਸ਼ ਲਗਾਇਆ ਕਿ ਜਦੋਂ ਉਹ ਰੈਸਟੋਰੈਂਟ ਤੋਂ ਬਾਹਰ ਆਇਆ ਤਾਂ ਉਸ 'ਤੇ ਰੈਸਟੋਰੈਂਟ ਦੇ ਸੰਦੀਪ ਸਮੇਤ ਹੋਰ ਸਟਾਫ਼ ਨੇ ਡੰਡਿਆਂ ਅਤੇ ਤਲਵਾਰਾਂ ਨਾਲ ਹਮਲਾ ਕਰ ਕੇ ਲਹੂਲੁਹਾਨ ਕਰ ਦਿੱਤਾ। ਸੁਮਿਤ ਦੇ ਦੋਵੇਂ ਦੋਸਤ ਬਚਾਅ ਕਰਨ ਲੱਗੇ ਤਾਂ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ ਗਈ। ਲਹੂ-ਲੁਹਾਨ ਹੋਏ ਸੁਮਿਤ ਨੂੰ ਦੋਸਤਾਂ ਨੇ ਹਸਪਤਾਲ ਦਾਖਲ ਕਰਵਾਇਆ। ਸੁਮਿਤ ਦੀ ਪਤਨੀ ਪੂਜਾ ਨੇ ਕਿਹਾ ਕਿ ਪੁਲਸ ਨੇ ਹਮਲਾਵਰਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ। ਸੋਮਵਾਰ ਸ਼ਾਮ ਨੂੰ ਜਾਂਚ ਅਧਿਕਾਰੀ ਹਸਪਤਾਲ ਵਿਚ ਆਇਆ ਅਤੇ ਉਨ੍ਹਾਂ ਦੇ ਬਿਆਨ ਦਰਜ ਕਰ ਕੇ ਲੈ ਗਿਆ ਹੈ। ਉਨ੍ਹਾਂ ਕਿਹਾ ਕਿ ਕੁੱਟਮਾਰ ਦੀ ਸਾਰੀ ਵਾਰਦਾਤ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਸੈਕਟਰ-17 ਥਾਣਾ ਪੁਲਸ ਨੇ ਮਾਮਲੇ ਵਿਚ ਡੀ.ਡੀ.ਆਰ. ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾਉਣ ਵਾਲੇ ਮੁਲਜ਼ਮ ਖਿਲਾਫ ਕੇਸ ਦਰਜ

ਲੁਧਿਆਣਾ 2 ਫਰਵਰੀ। ਥਾਣਾ ਜੋਧੇਵਾਲ ਦੀ ਪੁਲਸ ਨੇ ਇਕ 14 ਸਾਲਾ ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾ ਕ ਲਿਜਾਣ ਵਾਲੇ ਨੌਜਵਾਨ ਖ਼ਿਲਾਫ ਪਰਚਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਮੁਖੀ ਪਰਮਦੀਪ ਸਿੰਘ ਨੇ ਦੱਸਿਆ ਕਿ ਪਿੰਡ ਸਜਾਦਵਾਲਾ ਦੇ ਰਹਿਣ ਵਾਲੇ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ 14 ਸਾਲਾ ਨਾਬਾਲਗ ਕੁੜੀ ਕਾਕੋਵਾਲ ਸਰਕਾਰੀ ਸਕੂਲ 'ਚ ਪੜ੍ਹਦੀ ਹੈ। 29 ਜਨਵਰੀ ਨੂੰ ਉਸ ਦੀ ਕੁੜੀ ਸਕੂਲ ਪੜ੍ਹਨ ਗਈ ਸੀ ਪਰ ਵਾਪਸ ਨਹੀਂ ਆਈ। ਉਸ ਦੀ ਭਾਲ ਕਰਨ 'ਤੇ ਪਤਾ ਲੱਗਾ ਕਿ ਕਰਨ ਸਿੰਘ ਹਿਮਾਂਸ਼ੂ ਪੁੱਤਰ ਕੁਲਜੀਤ ਸਿੰਘ ਨਿਵਾਸੀ ਬਸੰਤ ਵਿਹਾਰ ਕਾਲੋਨੀ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਭਜਾ ਲੈ ਗਿਆ ਹੈ।

# ਲੁਧਿਆਣਾ 'ਚ ਨਹੀਂ ਮਿਲ ਰਹੇ ਰਸੋਈ ਗੈਸ ਸਿਲੰਡਰ ! ਲੋਕਾਂ ਨੂੰ ਕਰਨੀ ਪੈ ਰਹੀ ਲੰਬੀ ਉਡੀਕ

ਏਜੰਸੀਆਂ

ਲੁਧਿਆਣਾ 2 ਫਰਵਰੀ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਭਰ 'ਚ ਲਾਗੂ ਕੀਤੇ ਗਏ ਹਿੱਟ ਐਂਡ ਰਨ ਕਾਨੂੰਨ ਦੇ ਵਿਰੋਧ 'ਚ ਡਰਾਈਵਰਾਂ ਵੱਲੋਂ ਧਰਨੇ ਪ੍ਰਦਰਸ਼ਨ ਵਜੋਂ ਛੇੜੇ ਸੰਘਰਸ਼ ਦਾ ਅਸਰ ਅਜੇ ਵੀ ਮਹਾਨਗਰ ਦੇ ਜ਼ਿਆਦਾਤਰ ਗੈਸ ਏਜੰਸੀਆਂ 'ਤੇ ਬੈਕਲਾਗ ਵਜੋਂ ਦੇਖਿਆ ਜਾ ਰਿਹਾ ਹੈ। ਜ਼ਿਆਦਾਤਰ ਖਪਤਕਾਰਾਂ ਨੂੰ ਗੈਸ ਸਿਲੰਡਰ ਭਰਵਾਉਣ ਲਈ ਕਰੀਬ 10-10 ਦਿਨਾਂ ਦਾ ਵੱਡਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਇੰਡੀਅਨ ਗੈਸ ਕੰਪਨੀ ਨਾਲ ਸਬੰਧਿਤ ਵੱਡੇ ਡੀਲਰਾਂ ਦੀ ਮੰਨੀਏ ਤਾਂ ਮਹਾਨਗਰ 'ਚ ਫਰਵਰੀ ਮਹੀਨੇ ਦੇ ਸ਼ੁਰੂ ਦੇ ਦਿਨਾਂ ਤੱਕ ਗੈਸ ਸਿਲੰਡਰਾਂ ਦੀ ਸਪਲਾਈ ਆਮ ਹੋਣ ਦੀ ਸੰਭਾਵਨਾ ਹੈ। ਇਸ 'ਚ ਖਪਤਕਾਰਾਂ ਵੱਲੋਂ ਬੁਕਿੰਗ ਕਰਵਾਉਣ ਤੋਂ ਤੁਰਤ ਬਾਅਦ ਉਨ੍ਹਾਂ ਨੂੰ ਸਿਲੰਡਰ ਦੀ ਸਪਲਾਈ ਦਿੱਤੀ ਜਾ ਸਕੇਗੀ ਪਰ ਹਾਲ ਦੀ ਘੜੀ ਜ਼ਿਆਦਾਤਰ ਏਜੰਸੀਆਂ 'ਤੇ ਗੈਸ ਸਿਲੰਡਰਾਂ ਦੀ ਭਾਰੀ ਕਿੱਲਤ ਚੱਲ ਰਹੀ ਹੈ। ਅਜਿਹੇ 'ਚ ਮਹਾਨਗਰ ਦੇ ਜ਼ਿਆਦਾਤਰ ਇਲਾਕਿਆਂ 'ਚ ਸਰਗਰਮ ਮਾਫੀਆ ਦੇ ਗੁਰਗਿਆਂ ਵੱਲੋਂ ਮੌਕੇ ਦਾ ਨਾਜਾਇਜ਼ ਫਾਇਦਾ ਚੁੱਕਦੇ ਹੋਏ ਘਰੇਲੂ ਗੈਸ ਦੀ ਕਾਲਾ ਬਾਜ਼ਾਰੀ ਪੂਰੇ ਧੜੱਲੇ ਨਾਲ ਕੀਤੀ ਜਾ ਰਹੀ ਹੈ। ਇਸ 'ਚ ਘਰੇਲੂ ਗੈਸ ਦੇ ਕਾਲਾ ਬਜ਼ਾਰੀਆਂ ਵੱਲੋਂ ਕਈ ਸ਼ੱਕੀ ਗੈਸ ਏਜੰਸੀਆਂ ਦੇ ਡਲਿਵਰੀ ਮੈਨਜ ਨਾਲ ਸੈਟਿੰਗ ਕਰ ਕੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਘਰਾਂ 'ਚ ਛੋਟੇ ਗੈਸ ਸਿਲੰਡਰ ਭਰਨ ਦੇ ਨਾਂ 'ਤੇ ਉਕਤ ਪਰਿਵਾਰਾਂ ਦਾ ਜੰਮ ਕੇ



ਖੂਨ ਨਿਚੋੜਿਆ ਜਾ ਰਿਹਾ ਹੈ। ਦੂਜੇ ਪਾਸੇ ਇਹ ਮਾਮਲਾ ਵੀ ਸਾਹਮਣੇ ਆ ਰਿਹਾ ਹੈ ਕਿ ਕਈ ਗੈਸ ਏਜੰਸੀਆਂ ਦੇ ਡਲਿਵਰੀ ਮੈਨ ਖਪਤਕਾਰਾਂ ਦੇ ਘਰਾਂ 'ਚ ਘਰੇਲੂ ਸਿਲੰਡਰਾਂ ਦੀ ਸਪਲਾਈ ਦੇਣ ਤੋਂ ਪਹਿਲਾਂ ਗੈਸ ਸਿਲੰਡਰਾਂ ਵਿਚੋਂ 2 ਤੋਂ 3 ਕਿਲੋ ਗੈਸ ਚੋਰੀ ਕਰ ਰਹੇ ਹਨ ਅਤੇ ਮਹਾਨਗਰ ਦੇ ਜ਼ਿਆਦਾਤਰ ਇਲਾਕਿਆਂ 'ਚ ਚੱਲ ਰਹੀਆਂ ਗੈਸ ਏਜੰਸੀਆਂ ਨੂੰ ਡਲਿਵਰੀ ਮੈਨਾਂ ਵੱਲੋਂ ਸਿਲੰਡਰਾਂ ਵਿਚੋਂ ਗੈਸ ਚੋਰੀ ਕਰਨ ਦਾ ਇਹ ਨੈੱਟਵਰਕ ਪਿਛਲੇ ਲੰਬੇ ਸਮੇਂ ਤੋਂ ਵੱਡੇ ਪੱਧਰ 'ਤੇ ਚਲਾਇਆ ਜਾ ਰਿਹਾ ਹੈ, ਜੋ 9 ਗੈਸ ਸਿਲੰਡਰਾਂ ਨੂੰ 10 ਬਣਾ ਕੇ ਆਮ ਖਪਤਕਾਰਾਂ ਦਾ ਦੋਹਰਾ ਖੂਨ ਨਿਚੋੜਣ ਰਹੇ ਹਨ। ਦੂਜੇ ਪਾਸੇ ਖਪਤਕਾਰਾਂ ਨੂੰ ਗੈਸ ਸਿਲੰਡਰ ਦੀ ਨਿਰਧਾਰਿਤ ਕੀਮਤ 930 ਰੁਪਏ ਦੀ ਜਗ੍ਹਾ ਕਰੀਬ 1 ਹਜ਼ਾਰ ਰੁਪਏ ਅਦਾ ਕਰਨੀ ਪੈ ਰਹੀ ਹੈ। ਅਵਤਾਰ ਗੈਸ ਫਲੇਮਜ ਦੇ ਸੰਚਾਲਕ ਗੌਰਵ ਹਾਂਡਾ ਨੇ ਦੱਸਿਆ ਕਿ ਗੈਸ ਦੀ ਸਪਲਾਈ ਸਬੰਧੀ ਸਥਿਤੀ ਹੌਲੀ-ਹੌਲੀ ਆਮ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ ਜਨਵਰੀ ਦੇ ਅਖੀਰ ਜਾਂ ਫਰਵਰੀ ਦੇ ਸ਼ੁਰੂਆਤੀ ਦਿਨਾਂ ਤੱਕ ਪੂਰੇ ਸ਼ਹਿਰ 'ਚ ਖਪਤਕਾਰਾਂ ਨੂੰ ਪਹਿਲਾਂ ਵਾਂਗ ਗੈਸ ਬੁੱਕ ਕਰਵਾਉਣ ਤੋਂ ਚੰਦ ਘੰਟੇ ਬਾਅਦ ਹੀ ਸਿਲੰਡਰ ਦੀ ਸਪਲਾਈ ਮੁਹੱਈਆ ਕਰਵਾਈ ਜਾ ਸਕੇਗੀ। ਗੌਰਵ ਹਾਂਡਾ ਨੇ ਦਾਅਵਾ ਕੀਤਾ ਕਿ ਕਿਸੇ ਵੀ ਗੈਸ ਏਜੰਸੀ ਦੇ ਡਲਿਵਰੀ ਮੈਨ ਵੱਲੋਂ ਨਾ ਤਾਂ ਸਿਲੰਡਰ ਬਲੈਕ ਕੀਤੇ ਜਾ ਰਹੇ ਹਨ ਅਤੇ ਨਾ ਹੀ ਓਵਰ ਚਾਰਜਿੰਗ ਕੀਤੀ ਜਾ ਰਹੀ ਹੈ। ਅਸਲ 'ਚ ਕਿਸਾਨੀ ਸੰਘਰਸ਼ ਦੌਰਾਨ ਜ਼ਿਆਦਾਤਰ ਖਪਤਕਾਰਾਂ ਵੱਲੋਂ ਜਾਣ-ਬੁੱਝ ਕੇ ਸਥਿਤੀ ਨੂੰ ਪੈਨਿਕ ਬਣਾਇਆ ਗਿਆ ਸੀ ਤਾਂ ਕਿ ਹੜਤਾਲ ਹੋਣ ਦੀ ਸੂਰਤ 'ਚ ਉਨ੍ਹਾਂ ਦੇ ਘਰਾਂ 'ਚ ਇਕੱਠੇ ਗਈ ਗੈਸ ਸਿਲੰਡਰ ਭਰੇ ਹੋਏ ਪਏ ਰਹਿਣ।

## ਫੇਰੀ ਲਗਾ ਕੇ ਸਾਮਾਨ ਵੇਚਣ ਵਾਲੇ ਦਾ ਪੁੱਤ ਬਣਿਆ 'ਸਾਇੰਟਿਸਟ', ਹੁਣ ਮਸ਼ਹੂਰ ਵਿਗਿਆਨੀਆਂ ਨਾਲ ਕਰ ਰਿਹਾ ਕੰਮ

ਏਜੰਸੀਆਂ

ਗੁਰਦਾਸਪੁਰ 2 ਫਰਵਰੀ। ਗੁਰਦਾਸੁਪਰ ਸ਼ਹਿਰ ਦੇ ਬਿਲਕੁਲ ਨਾਲ ਲੱਗਦੇ ਪਿੰਡ ਹੱਲਾ ਨਾਲ ਸਬੰਧਿਤ ਇਕ ਅਨਪੜ੍ਹ ਅਤੇ ਪਿੰਡਾਂ'ਚ ਫੇਰੀ ਲਗਾ ਕੇ ਸਮਾਨ ਵੇਚਣ ਵਾਲੇ ਵਿਅਕਤੀ ਮਹਿੰਦਰਪਾਲ ਦੇ ਹੋਣਹਾਰ ਪੁੱਤਰ ਪਵਨ ਨੇ ਸਰਕਾਰੀ ਸਕੂਲਾਂ ਵਿਚ ਪੜ੍ਹ ਕੇ ਵਿਗਿਆਨੀ ਬਣਨ ਤੱਕ ਦੀ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਉਕਤ ਸਾਇੰਸਦਾਨ ਪਵਨ ਦੇ ਪਿਤਾ ਮਹਿੰਦਰ ਪਾਲ ਨੇ ਦੱਸਿਆ ਕਿ ਪਵਨ ਨੇ ਆਪਣੀ ਮਿਹਨਤ ਸਦਕਾ ਸਰਕਾਰੀ ਸਕੂਲਾਂ ਅਤੇ ਸਰਕਾਰੀ ਕਾਲਜ ਵਿੱਚ ਪੜ੍ਹ ਕੇ ਬੀ.ਐੱਸ.ਸੀ. ਕੀਤੀ ਸੀ। ਪਰ ਉਸ ਨੂੰ ਅੱਗੇ ਪੜ੍ਹਾਉਣ ਲਈ ਉਨਾਂ ਕੋਲ ਪੈਸੇ ਨਹੀਂ ਸੀ। ਉਸ ਨੇ ਕਈ ਵਾਰ ਖੂਨ ਦਾਨ ਕੀਤਾ ਜਿਸ ਕਾਰਨ ਉਨਾਂ ਦੀ ਸ਼ਹਿਰ ਦੇ ਇੱਕ ਡਾਕਟਰ ਨਾਲ ਪਹਿਚਾਣ ਬਣ ਗਈ ਸੀ, ਜਿਸ ਦੇ ਸਹਿਯੋਗ ਨਾਲ ਪ੍ਰੋਫੈਸਰ ਖੰਨਾ ਅਤੇ ਵਰਤਮਾਨ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨਾਲ ਸੰਪਰਕ ਬਣਿਆ। ਮਹਿੰਦਰਪਾਲ ਨੇ ਦੱਸਿਆ ਕਿ ਘਰ ਦਾ ਗੁਜਾਰਾ ਚਲਾਉਣ ਲਈ ਉਹ ਪਿੰਡਾਂ ਵਿੱਚ ਜਾ ਕੇ ਪਲਾਸਟਿਕ ਦਾ ਸਮਾਨ ਵੇਚਦੇ ਹਨ। ਪਰ ਪਵਨ ਨੇ ਇੰਨੀ ਵੱਡੀ ਪ੍ਰਾਪਤੀ ਕਰ ਕੇ ਉਨਾਂ ਦਾ ਸਿਰ ਸ਼ਾਨ ਨਾਲ ਉੱਚਾ ਕੀਤਾ ਹੈ। ਡਾ. ਪਵਨ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ 12ਵੀਂ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਉਸ ਨੇ ਸਰਕਾਰੀ ਕਾਲਜ



ਗੁਰਦਾਸਪੁਰ ਵਿਖੇ ਹੀ ਐੱਮ.ਐੱਸ.ਸੀ. ਨਾਨ ਮੈਡੀਕਲ ਕੀਤੀ ਅਤੇ ਫਿਰ ਰਮਨ ਬਹਿਲ, ਪ੍ਰੋਫੈਸਰ ਖੰਨਾ ਅਤੇ ਡਾਕਟਰ ਪੰਨੂ ਆਦਿ ਦੇ ਸਹਿਯੋਗ ਨਾਲ ਐੱਮ.ਐੱਸ.ਸੀ. ਵੀ ਚੰਗੇ ਨੰਬਰਾਂ ਨਾਲ ਪਾਸ ਕਰ ਲਈ, ਜਿਸ ਕਾਰਨ ਉਸ ਨੂੰ ਵਜ਼ੀਫਾ ਲੱਗ ਗਿਆ ਅਤੇ ਉਸ ਨੂੰ ਪੀ.ਐੱਚ.ਡੀ. ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀਂ ਆਈ। ਪੀ.ਐੱਚ.ਡੀ. ਕਰਨ ਤੋਂ ਬਾਅਦ ਉਸ ਨੇ ਅਮਰੀਕਾ ਵਿੱਚ ਰਿਸਰਚ ਕੀਤੀ ਅਤੇ ਫਿਰ ਕੈਨੇਡਾ ਤੇ ਸਾਊਥ ਕੋਰੀਆ ਵਿੱਚ ਈਕੋ ਫਰੈਂਡਲੀ ਮਟੀਰੀਅਲ ਬਣਾਉਣ ਅਤੇ ਉਸ ਨੂੰ ਐਨਰਜੀ ਵਿਚ ਤਬਦੀਲ ਕਰਨ ਦੇ ਖੇਤਰ ਵਿੱਚ ਕੰਮ ਕੀਤਾ ਅਤੇ ਹੁਣ ਉਹ ਆਇਰਲੈਂਡ ਵਿੱਚ ਯੂਰੋਪ ਦੀ ਇੱਕ ਕੰਪਨੀ ਵਿੱਚ ਵੱਖ-ਵੱਖ ਦੇਸ਼ਾਂ ਦੇ ਵਿਗਿਆਨੀਆਂ ਨਾਲ ਕੰਮ ਕਰ ਰਿਹਾ ਹੈ। ਇੱਥੇ ਉਸ ਦਾ ਕੰਮ ਅਜਿਹੀ ਸਿਆਹੀ ਬਣਾਉਣਾ ਹੈ ਜੋ ਸਿਰਫ ਰੋਸ਼ਨੀ ਵਿੱਚ ਹੀ ਦਿਖਾਈ ਦਿੰਦੀ ਹੋਵੇ। ਉਸ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਮਿਹਨਤ ਦਾ ਫਲ ਜਰੂਰ ਮਿਲਦਾ ਹੈ ਅਤੇ ਨੌਜਵਾਨ ਆਪਣੀ ਪੜ੍ਹਾਈ ਵੱਲ ਧਿਆਨ ਦੇਣ ਅਤੇ ਜੋ ਵੀ ਕੰਮ ਕਰਨਾ ਹੈ ਉਸ ਨੂੰ ਮਨ ਲਗਾ ਕੇ ਕਰਨ ਜਿਸ ਦੇ ਬਾਅਦ ਸਫਲਤਾ ਜਰੂਰ ਮਿਲੇਗੀ।

## 'ਆਈਡੀਆ ਫਾਰ ਵਿਕਸਿਤ ਭਾਰਤ' ਥੀਮ ਤਹਿਤ ਵਿਦਵਾਨਾਂ ਨੇ ਮਿਲ ਕੇ ਕੀਤੀ ਵਿਸੇਸ ਚਰਚਾ

ਚੰਡੀਗੜ੍ਹ 2 ਫਰਵਰੀ। ਭਾਰਤੀ ਸਿਕਸਣ ਮੰਡਲ ਵੱਲੋਂ ਚੰਡੀਗੜ੍ਹ ਵਿਖੇ ਇਕ ਦਿਨਾ ਬਦਲਾਕਾਰੀ ਵਰਕਸਾਪ 'ਆਈਡੀਆ ਫਾਰ ਵਿਕਸਿਤ ਭਾਰਤ' ਥੀਮ ਤਹਿਤ ਆਯੋਜਿਤ ਕੀਤੀ ਗਈ। ਇਸ ਦਾ ਮਕਸਦ ਭਾਰਤੀ ਨੌਜਵਾਨਾ ਦੇ ਸਸਕਤੀਕਰਨ ਅਤੇ ਦੇਸ ਦੇ ਵਿਕਾਸ ਦੇ ਲਈ ਨਵੀਨਤਾ ਪੂਰਨ ਸੋਚ ਦਾ ਵਿਕਾਸ ਕਰਨਾ ਸੀ। ਇਸ ਵਰਕਸਾਪ ਦੌਰਾਨ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਅਤੇ ਜੰਮੂ 'ਤੇ ਕਸਮੀਰ ਤੋਂ 35 ਸਖਸੀਅਤਾਂ ਨੇ ਸਮੂਲੀਅਤ ਕੀਤੀ। ਇਸ ਮੌਕੇ ਜੰਮੂ 'ਤੇ ਕਸਮੀਰ ਤੋਂ ਵਿਸੇਸ ਤੌਰ 'ਤੇ ਪਹੁੰਚੇ ਡਾਕਟਰ ਦਿਲੀਪ ਵੱਲੋਂ 'ਭਾਰਤ ਤੱਤਵਾ' ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਸਿੱਖਿਆ ਸਾਸਤਰੀਆਂ ਨੂੰ ਨੌਜਵਾਨਾਂ ਨੂੰ ਦੇਸ ਹਿੱਤ ਬਾਰੇ ਸਮਝ ਨੂੰ ਅੱਗੇ ਵਧਾਉਣ ਦੇ ਲਈ ਉਤਸ਼ਾਹਿਤ ਕੀਤਾ ਗਿਆ। ਇਸ ਵਰਕਸਾਪ ਦੌਰਾਨ ਬਹੁਤ ਸਾਰੇ ਗੰਭੀਰ ਵਿਸ਼ਿਆਂ ਬਾਰੇ ਚਰਚਾ ਕੀਤੀ ਗਈ, ਜਿਸ ਵਿੱਚ ਪੋਰਟਲ ਅਤੇ ਰੋਜਾਨਾ ਦੀ ਦਿਨਚਰਿਆ ਨੂੰ ਮੁਹੱਈਆ ਕਰਵਾਉਣ ਵਿੱਚ ਸਿੱਖਿਆ ਦੀ ਭੂਮਿਕਾ ਅਤੇ ਇਸ ਦੇ ਸੰਸਾਰ ਉੱਪਰ ਅਸਲ ਪ੍ਰਭਾਵ ਨੂੰ ਸਾਮਲ ਕੀਤਾ ਗਿਆ। ਯੁਵਾ ਅਯਾਮ ਦੇ ਵਿਚਾਰ ਨਾਲ ਇਸ ਵਰਕਸਾਪ ਵਿਚ ਨੌਜਵਾਨਾਂ ਦੇ ਦੇਸ ਵਿਆਪੀ ਯੋਗਦਾਨ ਅਤੇ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਮਹੱਤਵਪੂਰਨ ਉੱਦਮਾ ਦੀ ਚਰਚਾ ਵੀ ਕੀਤੀ ਗਈ। ਇਸ ਦੌਰਾਨ ਪ੍ਰਧਾਨ ਮੰਤਰੀ ਅਤੇ ਸਕਿੱਲ ਇੰਡੀਆ ਵਰਗੇ ਉਦਮਾ ਦੇ ਬਾਰੇ ਜਾਣਕਾਰੀ ਨੂੰ ਵੀ ਸਾਂਝਾ ਕੀਤਾ ਗਿਆ, ਜਿਸ ਰਾਹੀਂ ਨਵੀਨਤਾ ਭਰਪੂਰ ਸੋਚ ਅਤੇ ਪ੍ਰੈਕਟੀਕਲ ਹੱਲਾਂ ਰਾਹੀਂ ਦੇਸ ਨੂੰ ਅੱਗੇ ਵਧਾਉਣ ਉੱਤੇ ਬਲ ਦਿੱਤਾ ਗਿਆ। ਇਸ ਮੌਕੇ ਪਹੁੰਚੇ ਨਾਮੀ ਬੁਲਾਰਿਆਂ 'ਚ ਡਾਕਟਰ ਅਮਿਤ ਰਾਵਤ, ਡਾਕਟਰ ਸੰਜੇ ਕੌਸ਼ਿਕ ਅਤੇ ਡਾਕਟਰ ਜਸਪਾਲ ਕੌਰ ਵੱਲੋਂ ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਪ੍ਰਦੂਸਣ ਮੁਕਤ ਭਾਰਤ, ਮੌਸਮੀ ਬਦਲਾਅ, ਤਕਨੀਕੀਕਰਨ, ਮਨੁੱਖਤਾ, ਸਮਾਜ ਸੇਵਾ, ਸਮਾਜਿਕ ਮੁੱਲਾਂ, ਭਾਰਤੀ ਸਾਹਿਤ, ਭਾਸਾ ਅਤੇ ਕਲਾ ਦੀ ਮਹਾਨਤਾ ਆਦਿ ਸਾਮਲ ਸਨ। ਵਰਕਸਾਪ ਦੌਰਾਨ ਭਾਰਤੀ ਸਿਕਸਣ ਮੰਡਲ ਦੇ ਪੰਜਾਬ ਅਤੇ ਹਿਮਾਚਲ ਪ੍ਰਦੇਸ ਤੋਂ ਪਹੁੰਚੇ ਅਨਿਲ ਦਿਕਸ਼ਿਤ ਅਤੇ ਕੌਸਲ ਜੀ ਵੀ ਇਸ ਵਿਕਸਿਤ ਭਾਰਤ ਵਰਗੇ ਵਰਗੇ ਆਕਰਸਕ ਥੀਮ ਦੀ ਚਰਚਾ ਦੌਰਾਨ ਸਾਮਲ ਸਨ। ਵਰਕਸਾਪ ਦੌਰਾਨ ਚਰਚਾ ਨੂੰ ਕੰਮ ਵਿੱਚ ਤਬਦੀਲ ਕਰਨ ਦੀ ਇੱਛਾ, ਵਿਚਾਰ ਚਰਚਾ ਦੀ ਅਹਿਮੀਅਤ, ਖੋਜ ਕਾਰਜਾਂ ਵਿੱਚ ਲਗਾਤਾਰਤਾ ਆਦਿ ਦੇਸ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲਿਆਂ ਪਹਿਲੂਆਂ ਉੱਪਰ ਰੌਸਨੀ ਪਾਈ ਗਈ। ਇਹ ਵਰਕਸਾਪ ਮਿਲ ਕੇ ਸੋਚਣ, ਨਵੀਂ ਖੋਜ ਕਰਨ ਅਤੇ ਵਿਕਸਿਤ 'ਤੇ ਮਜਬੂਤ ਭਾਰਤ ਦੇ ਇੱਕ ਸੁਨਹਿਰੀ ਦ੍ਰਿਸਟੀਕੋਣ ਨੂੰ ਲੈ ਕੇ ਕੇਂਦਰਿਤ ਰਹੀ।

# ਪਿਛਲੇ ਸਾਲ ਸੱਤ ਵੱਡੇ ਸਹਿਰਾਂ 'ਚ ਫਲੈਟ ਦੇ ਔਸਤ ਆਕਾਰ 'ਚ 11% ਦਾ ਹੋਇਆ ਵਾਧਾ : ਅਨਾਰੋਕ

ਸਰਦੂਲ ਸਿੰਘ

ਨਵੀਂ ਦਿੱਲੀ 2 ਫਰਵਰੀ। ਪਿਛਲੇ ਸਾਲ ਦੇਸ ਦੇ ਵੱਡੇ ਸਹਿਰਾਂ 'ਚ ਫਲੈਟਾਂ ਦੇ ਔਸਤ ਆਕਾਰ 'ਚ 11 ਫੀਸਦੀ ਦਾ ਵਾਧਾ ਹੋਇਆ ਹੈ। ਇਸ ਕਾਰਨ ਰੀਅਲ ਅਸਟੇਟ ਕੰਪਨੀਆਂ ਖਪਤਕਾਰਾਂ ਦੀ ਮੰਗ ਅਨੁਸਾਰ ਵੱਡੇ ਘਰ ਬਣਾ ਰਹੀਆਂ ਹਨ। ਰੀਅਲ ਅਸਟੇਟ ਸਲਾਹਕਾਰ ਐਨਾਰੋਕ ਨੇ ਇਕ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਹੈ। ਨੇ 2023 ਤੱਕ ਸੱਤ ਵੱਡੇ ਸਹਿਰਾਂ ਦੇ ਪ੍ਰਾਇਮਰੀ ਹਾਊਸਿੰਗ ਮਾਰਕੀਟ ਵਿੱਚ ਘਰਾਂ ਦੀ ਤਾਜਾ ਸਪਲਾਈ ਦਾ ਵਿਸਲੇਸਣ ਕੀਤਾ ਹੈ। ਅੰਕੜੇ ਦਿਖਾਉਂਦੇ ਹਨ ਕਿ ਪਿਛਲੇ ਸਾਲ ਚੋਟੀ ਦੇ ਸੱਤ ਸਹਿਰਾਂ ਵਿੱਚ ਔਸਤ ਫਲੈਟ ਦਾ ਆਕਾਰ ਵਧ ਕੇ 1,300 ਰੁਪਏ ਹੋ ਗਿਆ ਜਿਹੜਾ ਕਿ 2022 ਵਿਚ 1,175 ਵਰਗ ਫੁੱਟ ਸੀ। ਪਿਛਲੇ ਸਾਲ ਮੁੰਬਈ ਮੈਟਰੋਪੋਲੀਟਨ ਖੇਤਰ (ਐਮਐਮਆਰ) ਅਤੇ ਕੋਲਕਾਤਾ ਵਿੱਚ ਔਸਤ ਫਲੈਟ ਦਾ ਆਕਾਰ ਘਟਿਆ ਹੈ, ਜਦੋਂ ਕਿ ਇਹ ਰਾਸਟਰੀ ਰਾਜਧਾਨੀ ਖੇਤਰ (ਐਨਸੀਆਰ) - ਦਿੱਲੀ, ਬੈਂਗਲੁਰੂ, ਹੈਦਰਾਬਾਦ, ਪੁਣੇ ਅਤੇ ਚੇਨਈ ਵਿੱਚ ਵਧਿਆ ਹੈ। ਔਸਤ ਫਲੈਟ ਦਾ ਆਕਾਰ 2019 ਵਿੱਚ 1,050 ਵਰਗ ਫੁੱਟ, 2020 ਵਿੱਚ 1,167 ਵਰਗ ਫੁੱਟ ਅਤੇ 2021 ਵਿੱਚ 1,170 ਵਰਗ ਫੁੱਟ ਸੀ। ਅਨਾਰੋਕ ਦੇ ਚੇਅਰਮੈਨ ਅਨੁਜ ਪੁਰੀ ਨੇ ਕਿਹਾ, "ਪਿਛਲੇ ਸਾਲ ਵੱਡੇ ਲਗਜਰੀ ਘਰਾਂ ਦੀ ਸਪਲਾਈ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। "ਕੁੱਲ ਨਵੇਂ ਪ੍ਰੋਜੈਕਟਾਂ ਵਿੱਚੋਂ ਲਗਭਗ 23 ਪ੍ਰਤੀਸਤ ਲਗਜਰੀ ਸ੍ਰੇਣੀ ਵਿੱਚ ਸਨ।" ਪੁਰੀ ਨੇ ਕਿਹਾ, "ਵੱਡੇ ਆਕਾਰ ਦੇ ਘਰਾਂ ਦੀ ਮੰਗ ਕੋਵਿਡ -19 ਮਹਾਂਮਾਰੀ ਕਾਰਨ ਸੁਰੂ ਹੋਈ ਸੀ ਪਰ ਤਿੰਨ ਸਾਲਾਂ ਬਾਅਦ ਵੀ ਇਸ ਦੇ ਘੱਟਣ ਦੇ ਕੋਈ ਸੰਕੇਤ ਨਹੀਂ ਹਨ।



"ਇਹ ਘਰੇਲੂ ਖਰੀਦਦਾਰਾਂ ਦੀਆਂ ਤਰਜੀਹਾਂ ਵਿੱਚ ਆਮ ਹੋ ਗਿਆ ਹੈ, ਜਿਸ ਨਾਲ ਇਹ ਮੰਗ ਕਾਫੀ ਟਿਕਾਊ ਦਿਖਾਈ ਦਿੰਦੀ ਹੈ।" ਕਰਿਸੂਮੀ ਕਾਰਪੋਰੇਸਨ ਦੇ ਮੈਨੇਜਿੰਗ ਡਾਇਰੈਕਟਰ ਮੋਹਿਤ ਜੈਨ ਨੇ ਕਿਹਾ ਕਿ ਸਮਾਜ ਦਾ ਅਭਿਲਾਸੀ ਵਰਗ ਵਿਸਾਲ ਅਤੇ ਵੱਡੇ ਆਕਾਰ ਵਾਲੇ ਪ੍ਰੀਮੀਅਮ ਘਰਾਂ ਦੀ ਮੰਗ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। "ਇਹ ਰੁਝਾਨ ਆਉਣ ਵਾਲੇ ਸਮੇਂ ਵਿੱਚ ਜਾਰੀ ਰਹਿ ਸਕਦਾ ਹੈ"। ਐਮਐਮਆਰ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 840 ਵਰਗ ਫੁੱਟ ਤੋਂ ਪੰਜ ਫੀਸਦੀ ਘਟ ਕੇ 2023 ਵਿੱਚ 794 ਵਰਗ ਫੁੱਟ ਹੋਣ ਦੀ ਉਮੀਦ ਹੈ। ਕੋਲਕਾਤਾ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 1,150 ਵਰਗ ਫੁੱਟ ਤੋਂ 2023 ਵਿੱਚ 1,124 ਵਰਗ ਫੁੱਟ ਤੋਂ ਦੋ ਫੀਸਦੀ ਘਟਣ ਦੀ ਸੰਭਾਵਨਾ ਹੈ। ਦਿੱਲੀ-ਐਨਸੀਆਰ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 1,375 ਵਰਗ ਫੁੱਟ ਤੋਂ 2023 ਵਿੱਚ 37 ਪ੍ਰਤੀਸਤ (ਸਭ ਤੋਂ ਵੱਧ) ਵਧ ਕੇ 1,890 ਵਰਗ ਫੁੱਟ ਹੋ ਗਿਆ। ਹੈਦਰਾਬਾਦ ਵਿਚ ਔਸਤ ਫਲੈਟ ਦਾ ਆਕਾਰ ਸਭ ਤੋਂ ਵੱਧ ਹੈ। ਇੱਥੇ ਔਸਤ ਫਲੈਟ ਦਾ ਆਕਾਰ 2022 ਵਿੱਚ 1,775 ਵਰਗ ਫੁੱਟ ਤੋਂ 2023 ਵਿੱਚ 30 ਪ੍ਰਤੀਸਤ ਵਧ ਕੇ 2,300 ਵਰਗ ਫੁੱਟ ਹੋਣ ਦੀ ਉਮੀਦ ਹੈ। ਬੈਂਗਲੁਰੂ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 1,175 ਵਰਗ ਫੁੱਟ ਤੋਂ 26 ਫੀਸਦੀ ਵਧ ਕੇ 2023 ਵਿੱਚ 1,484 ਵਰਗ ਫੁੱਟ ਹੋ ਗਿਆ। ਪੁਣੇ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 980 ਵਰਗ ਫੁੱਟ ਤੋਂ 11 ਫੀਸਦੀ ਵਧ ਕੇ 2023 ਵਿੱਚ 1,086 ਵਰਗ ਫੁੱਟ ਹੋਣ ਦੀ ਉਮੀਦ ਹੈ। ਚੇਨਈ ਵਿੱਚ ਔਸਤ ਫਲੈਟ ਦਾ ਆਕਾਰ 2022 ਵਿੱਚ 1,200 ਵਰਗ ਫੁੱਟ ਤੋਂ ਪੰਜ ਫੀਸਦੀ ਵਧ ਕੇ 2023 ਵਿੱਚ 1,260 ਵਰਗ ਫੁੱਟ ਹੋ ਗਿਆ।

## ਚੱਲਦੀ ਬੱਸ 'ਚ ਡਰਾਈਵਰ ਨੂੰ ਪਿਆ ਦਿਲ ਦਾ ਦੌਰਾ, ਗੱਡੀ ਰੋਕ ਕੇ 60 ਤੋਂ ਵੱਧ ਯਾਤਰੀਆਂ ਦੀ ਬਚਾਈ ਜਾਨ

ਬਾਲੇਸ਼ਵਰ 2 ਫਰਵਰੀ। ਓਡੀਸ਼ਾ ਦੇ ਬਾਲੇਸ਼ਵਰ ਜ਼ਿਲ੍ਹੇ 'ਚ ਮੰਗਲਵਾਰ ਨੂੰ ਬੱਸ ਚਲਾ ਰਹੇ ਇਕ ਡਰਾਈਵਰ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਪਰ ਉਸ ਨੇ ਆਪਣੀ ਮੌਤ ਤੋਂ ਬਾਅਦ ਬੱਸ ਨੂੰ ਸਮੇਂ ਰਹਿੰਦੇ ਰੋਕ ਦਿੱਤਾ ਅਤੇ ਇਸ ਤਰ੍ਹਾਂ 60 ਤੋਂ ਵੱਧ ਯਾਤਰੀਆਂ ਦੀ ਜਾਨ ਬਚਾ ਦਿੱਤੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਇਹ ਘਟਨਾ ਬਾਲੇਸ਼ਵਰ ਜ਼ਿਲ੍ਹੇ ਦੇ ਪਾਤਾਪੁਰ ਛਕ 'ਚ ਤੜਕੇ ਵਾਪਰੀ। ਸੂਚਨਾ ਦਾ ਹਵਾਲਾ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਪੱਛਮੀ ਬੰਗਾਲ ਤੋਂ ਸੈਲਾਨੀਆਂ ਨੂੰ ਲੈ ਕੇ ਇਹ



ਬੱਸ ਬਾਲੇਸ਼ਵਰ ਜ਼ਿਲ੍ਹੇ ਦੇ ਪੰਚਲਿੰਗੇਸ਼ਵਰ ਮੰਦਰ ਜਾ ਰਹੀ ਸੀ। ਇਸ ਦੌਰਾਨ ਉਸ ਦੇ ਡਰਾਈਵਰ ਨੂੰ ਦਿਲ ਦਾ ਦੌਰਾ ਪਿਆ। ਉਸ ਨੇ ਦੱਸਿਆ ਕਿ ਜਵੇਂ ਹੀ ਡਰਾਈਵਰ ਨੂੰ ਦਰਦ ਮਹਿਸੂਸ ਹੋਇਆ, ਉਸ ਨੇ ਬੱਸ ਸੜਕ ਕਿਨਾਰੇ ਖੜ੍ਹੀ ਕਰ ਦਿੱਤੀ ਅਤੇ ਬੇਹੋਸ਼ ਹੋ ਗਿਆ। ਪੁਲਸ ਅਨੁਸਾਰ ਡਰਾਈਵਰ ਸ਼ੇਖ ਅਖਤਰ ਦੀ ਇਸ ਹਾਲਤ ਤੋਂ ਘਬਰਾਏ ਯਾਤਰੀਆਂ ਨੇ ਸਥਾਨਕ ਪੁਲਸ ਨੂੰ ਬੁਲਾਇਆ, ਜੋ ਉਨ੍ਹਾਂ ਨੂੰ ਨਜਦੀਕੀ ਹਸਪਤਾਲ ਲੈ ਗਈ। ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਅਮਿਤ ਦਾਸ ਨਾਮੀ ਇਕ ਯਾਤਰੀ ਨੇ ਦੱਸਿਆ ਕਿ ਡਰਾਈਵਰ ਦੀ ਅਚਾਨਕ ਸਿਹਤ ਖਰਾਬ ਹੋ ਗਈ ਅਤੇ ਉਨ੍ਹਾਂ ਨੇ ਬੱਸ ਰੋਕ ਦਿੱਤੀ। ਅਮਿਤ ਅਨੁਸਾਰ ਬੱਸ ਨੂੰ ਸੜਕ ਕਿਨਾਰੇ ਖੜ੍ਹੀ ਕਰਨ ਦੇ ਤੁਰੰਤ ਬਾਅਦ ਡਰਾਈਵਰ ਬੇਹੋਸ਼ ਹੋ ਗਿਆ। ਸਥਾਨਕ ਲੋਕ ਅਤੇ ਪੁਲਸ ਉਨ੍ਹਾਂ ਨੂੰ ਹਸਪਤਾਲ ਲੈ ਗਈ, ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਯਾਤਰੀਆਂ ਅਤੇ ਸਥਾਨਕ ਲੋਕਾਂ ਨੇ ਡਰਾਈਵਰ ਦੀ ਸਮਝਦਾਰੀ ਦੀ ਸ਼ਲਾਘਾ ਕੀਤੀ।